
# ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ



Atam Marg Publication

# ਰਿਸ਼ੀਆਂ ਮੁਨੀਆਂ
# ਦਾ
# ਬ੍ਰਹਮ ਗਿਆਨ

ਪ੍ਰਕਾਸ਼ਕ – ਸੰਤ ਵਰਿਆਮ ਸਿੰਘ ਜੀ,
ਬਾਨੀ, ਮੁਖੀ ਤੇ ਚੇਅਰਮੈਨ
ਆਤਮ ਮਾਰਗ ਸਪਿਰਚੂਅਲ, ਸਾਇੰਟਿਫਿਕ,
ਐਜੂਕੇਸ਼ਨਲ ਚੈਰੀਟੇਬਲ ਟਰੱਸਟ,
ਕੋਠੀ ਨੰ: 781, ਫੇਸ 3-ਬੀ-1, ਸੈਕਟਰ-60
ਮੋਹਾਲੀ – ਚੰਡੀਗੜ੍ਹ।

ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ,
ਤਹਿਸੀਲ – ਖਰੜ, ਜ਼ਿਲਾ-ਰੋਪੜ (ਪੰਜਾਬ)

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

ਭੇਟਾ – ਪ੍ਰਤੀ ਕਾਪੀ –

ਪਹਿਲੀ ਵਾਰ – ਸਤੰਬਰ 2001 –

# ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ
# ਮੰਡੂਕ ਉਪਨਿਸ਼ਦ

ਮਹਾਨ ਯੋਗੀ ਪਰਮ ਪੁਰਸ਼ ਡਾ. ਸਵਾਮੀ ਰਾਮ ਜੀ ਸੰਸਾਰ ਪ੍ਰਸਿੱਧ ਮਹਾਨ ਯੋਗੀ ਹੋਏ ਹਨ ਜਿਨ੍ਹਾਂ ਦਾ ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਨਾਲ ਬਹੁਤ ਹੀ ਦਿਲੀ ਪਿਆਰ ਸੀ। ਮਹਾਂਪੁਰਸ਼ਾਂ ਨੇ ਸਰੀਰ ਕਾਲ ਵਿਚ ਵਿਚਰਦਿਆਂ ਇਸ ਧਰਤੀ ਦੇ ਰੰਗ ਮੰਚ ਉਪਰ ਅਨੇਕਾਂ ਹੀ ਕਰਮਯੋਗੀ ਵਾਂਗੂੰ ਕਰਤੱਵ ਕੀਤੇ ਹਨ ਜਿਸ ਦੀ ਅਮਿਟ ਛਾਪ ਸਦਾ ਵਾਸਤੇ ਕਾਇਮ ਰਹੇਗੀ। ਉਨ੍ਹਾਂ ਦੇ ਹੀ ਆਦੇਸ਼ ਮੁਤਾਬਿਕ ਡਾ. ਬੀਬੀ ਤੇਜਿੰਦਰ ਮਲਹੋਤਰਾ ਜੀ ਵਲੋਂ ਪਰਮ ਪੂਜਯ ਬੀਜੀ ਦੇ ਅਸ਼ੀਰਵਾਦ ਦੇ ਨਾਲ ਦਿਨ ਰਾਤ ਦੀ ਮਿਹਨਤ ਕਰਕੇ ਸਵਾਮੀ ਜੀ ਦੀਆਂ ਲਿਖਤਾਂ ਦਾ ਪੰਜਾਬੀ ਅਨੁਵਾਦ ਆਤਮ ਮਾਰਗ ਵਿਚ ਸਮੇਂ-ਸਮੇਂ ਛਪਦਾ ਆ ਰਿਹਾ ਹੈ। ਪਾਠਕਾਂ ਦੇ ਅਨੇਕਾਂ ਹੀ ਪਿਆਰ ਸਤਿਕਾਰ ਭਰੇ ਪੱਤਰ ਰੋਜ਼ ਨਿਤ ਦਿਹਾੜੇ ਆਤਮ ਮਾਰਗ ਅਦਾਰੇ ਨੂੰ ਪ੍ਰਾਪਤ ਹੋ ਰਹੇ ਹਨ ਜਿਸ ਤੋਂ ਜਗਿਆਸੂਆਂ ਦੀ ਤੀਬਰ ਤਾਂਘ, ਇੱਛਾ ਸ਼ਕਤੀ ਦਾ ਪਤਾ ਲਗਦਾ ਹੈ। ਡਾ. ਬੀਬੀ ਤੇਜਿੰਦਰ ਮਲਹੋਤਰਾ ਆਪਣੇ ਪਿਆਰੇ ਦੇ ਪਿਆਰ ਅੰਦਰ ਜੀਵਨ ਬਤੀਤ ਕਰਦੇ ਹੋਏ ਮਹਾਨ ਫਿਲਾਸਫੀ ਨੂੰ ਪੰਜਾਬੀ ਬੋਲੀ ਦੇ ਸਿੱਧੇ-ਸਾਧੇ ਸ਼ਬਦਾਂ ਵਿਚ ਅਨੁਵਾਦ ਕਰ ਰਹੇ ਹਨ। ਸਾਰੇ ਹੀ ਤੱਤ ਬੇਤੇ ਅਨੁਭਵੀ ਮਹਾਂਪੁਰਸ਼ਾਂ ਦਾ ਉਪਦੇਸ਼ ਸਰਬ ਸਾਂਝਾ ਹੁੰਦਾ ਹੈ ਜਿਵੇਂ ਕਿ ਫੁਰਮਾਨ ਹੈ -

***ਸਤਿ ਬਚਨ ਸਾਧੂ ਕਹਹਿ.............॥ ਅੰਗ-807***

ਆਤਮ ਮਾਰਗ ਪਤ੍ਰਿਕਾ ਦਾ ਇਕ ਇਕ ਅੱਖਰ ਗੁਰਬਾਣੀ ਦੇ ਪ੍ਰਕਾਸ਼ ਵਿਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਕੋਈ ਵੀ ਰਾਗ ਦ੍ਵੈਸ਼ ਵਾਲਾ ਸ਼ਬਦ ਨਹੀਂ ਲਿਖਿਆ ਜਾਂਦਾ ਕੇਵਲ ਤੇ ਕੇਵਲ ਅਦ੍ਵੈਤ ਸਿਧਾਂਤ ਉਪਰ ਹੀ ਅਧਾਰਿਤ ਹੁੰਦਾ ਹੈ, ਤਾਂ ਹੀ ਇਸ ਰੂਹਾਨੀ ਪਤ੍ਰਿਕਾ ਨੂੰ ਹਿੰਦੀ, ਅੰਗਰੇਜ਼ੀ ਵਿਚ ਵੀ ਹਰ ਮਜ਼ਹਬ ਦਾ ਜਗਿਆਸੂ ਪੜ੍ਹ ਕੇ ਆਤਮ ਮਾਰਗ ਦਾ ਪਾਂਧੀ ਬਣ ਰਿਹਾ ਹੈ।

ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਗੁਰੂ ਕ੍ਰਿਪਾ ਕਰਨ ਬੀਬੀ ਤੇਜਿੰਦਰ ਮਲਹੋਤਰਾ ਇਸੇ ਤਰ੍ਹਾਂ ਹੀ ਮਹਾਨ ਸੇਵਾ ਆਪਣੇ ਪਿਆਰੇ ਦੇ ਪਿਆਰ ਵਿਚ ਸਾਧੂ ਸੰਤਾਂ ਮਹਾਂਪੁਰਸ਼ਾਂ ਦੀ ਫਿਲਾਸਫੀ ਦਾ ਪੰਜਾਬੀ ਅਨੁਵਾਦ ਕਰਕੇ ਆਪਣੇ ਪਿਆਰੇ ਦੀਆਂ ਖੁਸ਼ੀਆਂ ਦੇ ਪਾਤਰ ਹੋਣ। ਸਾਨੂੰ ਆਸ ਹੈ ਕਿ ਆਤਮ ਮਾਰਗ ਦੇ ਸਮੂੰਹ ਪਾਠਕ ਇਸ ਤਰ੍ਹਾਂ ਦੀਆਂ ਮਹਾਨ ਲਿਖਤਾਂ ਤੋਂ ਪੂਰਾ ਪੂਰਾ ਲਾਹਾ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰਨਗੇ।

*(ਬਾਬਾ ਜੀ) ਹਰਪਾਲ ਸਿੰਘ*

# ਰਿਸ਼ੀਆਂ ਮੁਨੀਆਂ ਦਾ ਡੂੰਘਾ ਬ੍ਰਹਮਗਿਆਨ

ਮਨੁੱਖ ਇਤਿਹਾਸ ਦੀ ਲਾਇਬ੍ਰੇਰੀ ਵਿਚ ਵੈਦਿਕ ਸਾਹਿਤ ਸਭ ਤੋਂ ਪ੍ਰਾਚੀਨ ਸਾਹਿਤ ਹੈ। ਇਹ ਸਾਹਿਤ ਇਕ ਗਰਮ ਦੇਸ਼ ਦੇ ਇਕ ਘਣੇ ਜੰਗਲ ਦੀ ਤਰ੍ਹਾਂ ਹੈ। ਕੋਈ ਕਰਮਾਂ ਵਾਲਾ ਹੀ ਹੈ ਜਿਹੜਾ ਧੀਰਜ ਨਾਲ, ਸਹਿਜ ਨਾਲ ਇਸ ਸਾਫ ਸੁਥਰੇ ਪਰ ਔਖੇ ਤੇ ਸੂਖਮ ਰਾਹ ਤੋਂ ਸਥਿਰ ਹੋ ਕੇ ਲੰਘਦਾ ਹੈ। ਇਸ ਘਣੇ ਤੇ ਡੂੰਘੇ ਜੰਗਲ ਵਿਚੋਂ ਲੰਘ ਕੇ ਇਕ ਖੋਜੀ ਆਦਮ (eden) ਦੇ ਬਾਗ ਵਿਚ ਪਹੁੰਚਦਾ ਹੈ। ਇਥੇ ਪਹੁੰਚ ਕੇ ਉਸ ਨੂੰ ਰਿਸ਼ੀਆਂ ਮੁਨੀਆਂ ਦੇ ਦਰਸ਼ਨ ਹੁੰਦੇ ਹਨ। ਰਿਸ਼ੀ ਮੁਨੀ ਇਥੇ ਆਪਣੇ ਅਨੰਦ ਵਿਚ ਬੈਠੇ ਅਜਰ, ਅਮਰ, ਫੁਲਾਂ ਦੀ ਸੁਗੰਧ ਮਾਣ ਰਹੇ ਹਨ ਤੇ ਆਪਣੀ ਗਿਆਨ ਅਵਸਥਾ ਵਲ ਜਾ ਰਹੇ ਹਨ। ਇਹ ਬਿਲਕੁਲ ਸੱਚ ਹੈ। ਜਦੋਂ ਵੀ ਕੋਈ ਜਗਿਆਸੂ ਪੂਰੀ, ਸੱਚੀ ਲਗਨ ਨਾਲ ਆਤਮ ਮਾਰਗ ਤੇ ਤੁਰਦਾ ਹੈ, ਅਧਿਆਤਮ ਦੀ ਖੋਜ ਵਿਚ ਜਾਂਦਾ ਹੈ, ਆਪਣੀ ਸੋਚ, ਕਥਨੀ, ਕਰਨੀ ਤੇ ਪੂਰਾ ਕਾਬੂ ਰਖਦਾ ਹੈ, ਉਸ ਨੂੰ ਸਤਿ ਦੀ ਪ੍ਰਾਪਤੀ ਹੋ ਜਾਂਦੀ ਹੈ।

ਵੈਦਕ ਸਾਹਿਤ ਪੜ੍ਹ ਕੇ, ਉਸ ਦੀ ਡੂੰਘਾਈ ਤਕ ਜਾ ਕੇ ਇਹ ਜਗਿਆਸੂ ਉਪਨਿਸ਼ਦਾਂ ਦਾ ਗਿਆਨ ਪ੍ਰਾਪਤ ਕਰ ਹੀ ਲੈਂਦੇ ਹਨ। ਇਨ੍ਹਾਂ ਗ੍ਰੰਥਾਂ ਦਾ ਵਿਸ਼ਾ ਸੰਸਾਰਕ ਇੰਦਰੀਆਂ ਦੀ ਸਮਝ ਤੋਂ ਬਾਹਰ ਹੈ। ਬੁੱਧੀ ਤੋਂ ਵੀ ਬਾਹਰ ਹੈ, ਬੁੱਧੀ ਵੀ ਇਸ ਨੂੰ ਪੂਰੀ ਤਰ੍ਹਾਂ ਨਾਲ ਨਹੀਂ ਜਾਣ ਸਕਦੀ। ਉਪਨਿਸ਼ਦਾਂ ਦੀ ਸਿਖਿਆ ਕੋਈ ਰੂੜੀਬੱਧ ਨਹੀਂ, ਕੋਈ ਕੱਟੜਵਾਦ ਦੀ ਸਿਖਿਆ ਨਹੀਂ ਹੈ। ਇਹ ਸਿਖਿਆ ਇਕ ਵਿਸ਼ਵ ਦੀ ਸਾਂਝੀ ਸਿਖਿਆ ਹੈ। ਇਹ ਸਮੇਂ, ਪੁਲਾੜ, ਕਾਰਨਤਾ ਦੀ ਸੀਮਾ ਤੋਂ ਪਰ੍ਹੇ ਹੈ।

ਉਪਨਿਸ਼ਦਾਂ ਦਾ ਗਿਆਨ ਸਥਾਈ ਹੈ ਭਾਵੇਂ ਇਸ ਦੇ ਅਲੰਕਾਰ, ਮੂਰਤੀ ਨਿਰਮਾਣ, ਸੰਕੇਤ ਨਿਸ਼ਾਨ ਤੇ ਦ੍ਰਿਸਟਾਂਤ ਵੱਖ ਹੋ ਗਏ ਹੋਣ, ਬਦਲ ਗਏ ਹਨ। ਜਿਹੜੇ ਉਪਨਿਸ਼ਦਾਂ ਨੂੰ ਪੜ੍ਹਨ ਦਾ ਸ਼ੌਂਕ ਰਖਦੇ ਹਨ ਉਹ ਪਹਿਲਾਂ ਇਨ੍ਹਾਂ ਚਿੰਨ੍ਹਾਂ ਨੂੰ ਅਲੰਕਾਰਾਂ ਨੂੰ ਦ੍ਰਿਸ਼ਟਾਂਤਾਂ ਨੂੰ ਸਮਝਣਾ ਸਿੱਖਣ, ਉਨ੍ਹਾਂ ਨੂੰ ਜਾਨਣਾ ਸਿੱਖਣ, ਫੇਰ ਹੀ ਉਹ ਇਨ੍ਹਾਂ ਨੂੰ ਸਮਝ ਸਕਣਗੇ।

ਉਪਨਿਸ਼ਦਾਂ ਦੀ ਸਿਖਿਆ ਦਾ ਇਕ ਵਸਤੂ ਵਿਸ਼ਾ ਹੈ, ਉਹ ਹੈ ਮੁਕਤੀ, ਛੁਟਕਾਰਾ, ਇਹ ਸਿਖਿਆ ਸਦਾ ਬਹਾਰ ਹੈ, ਜਦੋਂ ਪੜ੍ਹੋ ਬਿਲਕੁਲ

ਨਵੀਂ ਨਕੋਰ ਹੈ, ਓਨੀ ਹੀ ਰੌਚਕ ਹੈ ਜਿੰਨੀਆਂ ਕਿ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਸੀ। ਸਾਰੇ ਉਪਨਿਸ਼ਦਾਂ ਦੀ ਸਿਖਿਆ ਜਗਿਆਸੂ ਨੂੰ ਆਤਮਾ ਪ੍ਰਤੀ ਸੂਝਵਾਨ ਕਰਦੀ ਹੈ। ਆਤਮਾ ਦਾ ਬ੍ਰਹਮਾ ਨਾਲ ਕੀ ਰਿਸ਼ਤਾ ਹੈ? ਇਹ ਦਸਦੀ ਹੈ। ਮਨੁੱਖ ਦਾ ਸਤਿ ਨਾਲ, ਪ੍ਰਮਾਤਮਾ ਨਾਲ ਕੀ ਰਿਸ਼ਤਾ ਹੈ? ਇਸ ਬਾਰੇ ਗਿਆਨ ਕਰਾਉਂਦੇ ਹਨ। ਇਹ ਹੀ ਉਪਨਿਸ਼ਦਾਂ ਦਾ ਨਿਚੋੜ ਹੈ, ਇਹ ਹੀ ਇਕ ਕੇਂਦਰੀ ਵਿਸ਼ਾ ਹੈ।

ਇਨ੍ਹਾਂ ਵਿਚ ਮਹਾਂਵਾਕ ਹਨ ਬੜੀਆਂ ਡੂੰਘੀਆਂ ਸੱਚੀਆਂ ਕਥਾਵਾਂ ਹਨ ਜਿਵੇਂ ਕਿ 'ਤੱਤ ਤਵੱਮ ਅਸੀ' ਤੂੰ ਹੀ ਹੈ, ਤੂੰ ਹੀ ਉਹ ਹੈਂ। ਹੋਰ ਹੈ 'ਅਹੰਮ ਬ੍ਰਹਮ ਅਸਮੀ' ਮੈਂ ਹੀ ਬ੍ਰਹਮ ਹਾਂ। 'ਸਰਵੰਮ ਖਾਲੂ ਇਦਮ ਬ੍ਰਹਮ' ਇਹ ਸਭ ਬ੍ਰਹਮ ਹੈ। ਪਰ ਇਥੇ ਇਹ ਦੱਸ ਦੇਣਾ ਅਵਸ਼ਕ ਹੋਵੇਗਾ ਕਿ ਜਦੋਂ ਤਕ ਜਗਿਆਸੂ ਇਹ ਗਿਆਨ ਲੈਣ ਲਈ ਤਿਆਰ ਨਹੀਂ ਹੋਵੇਗਾ। ਉਦੋਂ ਤਕ ਉਹ ਇਹ ਸਭ ਕੁਝ ਨਹੀਂ ਸਮਝ ਸਕਦਾ, ਬਹੁਤ ਵਾਰੀ ਇਨ੍ਹਾਂ ਵਿਚ ਵਿਰੋਧ ਲਗਦਾ ਹੈ, ਖੰਡਨ ਲਗਦਾ ਹੈ, ਵਾਸਤਵ ਵਿਚ ਇਹ ਖੰਡਨ ਨਹੀਂ ਹੈ ਇਹ ਤਾਂ ਤੁਹਾਡੀ ਸਾਧਨਾ ਦੀਆਂ ਪੌੜੀਆਂ ਹਨ, ਤੁਹਾਡੀ ਸਾਧਨਾ ਦੀ ਸਥਿਤੀ ਹੈ।

ਇਹ ਸਾਹਿਤ ਸਾਰੀ ਮਨੁੱਖਤਾ ਲਈ ਹੈ ਉਨ੍ਹਾਂ ਸਾਰਿਆਂ ਲਈ ਹੈ ਜਿਹੜੇ ਭਵਿੱਖ ਜਾਨਣਾ ਚਾਹੁੰਦੇ ਹਨ। ਭਵਿੱਖ ਬਾਰੇ ਉਤਸੁਕ ਹਨ। ਉਹ ਉਪਨਿਸ਼ਦਾਂ ਅਨੁਸਾਰ ਅਨੁਸਾਸ਼ਨ ਪੈਦਾ ਕਰ ਸਕਦੇ ਹਨ। ਉਨ੍ਹਾਂ ਦੀ ਸਿਖਿਆ ਗ੍ਰਹਿਣ ਕਰ ਸਕਦੇ ਹਨ। ਅੱਜ ਦਾ ਜਗਿਆਸੂ ਆਪਣੇ ਆਪ ਨੂੰ ਗੁਆਚਿਆ ਮਹਿਸੂਸ ਕਰਦਾ ਹੈ। ਬਿਲਕੁਲ ਅਸੰਤੁਸ਼ਟ ਮਹਿਸੂਸ ਕਰਦਾ ਹੈ, ਸਾਰੇ ਸੰਸਾਰ ਵਿਚ ਧੂੰਆਂਧਾਰ ਫੈਲਿਆ ਹੋਇਆ ਹੈ। ਗੁਬਾਰ ਛਾਇਆ ਪਿਆ ਹੈ, ਮਾਇਆ ਦਾ ਪਸਾਰਾ ਹੀ ਦਿਸਦਾ ਹੈ। ਸਾਰੇ ਸੰਸਾਰ ਦੇ ਪ੍ਰਾਣੀ ਸੁੱਖ ਦਾ ਸਾਹ ਲੈਣਾ ਲੋਚਦੇ ਹਨ। ਕੋਈ ਨਵੀਨਤਾ, ਕੋਈ ਰਾਹਤ ਮਹਿਸੂਸ ਕਰਨਾ ਚਾਹੁੰਦੇ ਹਨ। ਇਹ ਕਰਨ ਲਈ ਭਾਵ ਨਵੀਨਤਾ ਲਈ ਤਾਜ਼ਗੀ ਲਈ ਉਨ੍ਹਾਂ ਨੂੰ ਉਪਨਿਸ਼ਦਾਂ ਦੇ ਗਿਆਨ ਵਿਚ ਟੁੱਭੀ ਲਾਉਣੀ ਚਾਹੀਦੀ ਹੈ, ਜੇ ਉਹ ਉਪਨਿਸ਼ਦਾਂ ਦੇ ਗਿਆਨ ਸਾਗਰ ਵਿਚ ਟੁੱਭੀ ਲਾਉਣਗੇ, ਉਨ੍ਹਾਂ ਨੂੰ ਗਿਆਨ ਦੇ ਮੋਤੀ ਪ੍ਰਾਪਤ ਹੋਣਗੇ ਹੀ, ਨਾਲ ਹੀ ਉਨ੍ਹਾਂ ਨੂੰ ਅਮਰ ਸ੍ਵਾਸ ਵੀ ਪ੍ਰਾਪਤ ਹੋਣਗੇ। ਇਹ ਹੀ ਵਿਸ਼ਵ ਦਾ ਇਕ ਬੜਾ ਭਾਰਾ ਸੋਮਾ ਹੈ।

ਥੱਕਿਆ ਹੋਇਆ ਜਗਿਆਸੂ ਜੇ ਕਿਸੇ ਵੀ ਸਮੱਸਿਆ ਦੇ ਸਮਾਧਾਨ ਲੱਭ ਰਿਹਾ ਹੈ ਕਿਸੇ ਉਲਝਣ ਨੂੰ ਸੁਲਝਾਉਣਾ ਚਾਹੁੰਦਾ ਹੈ, ਉਸ ਨੂੰ ਜਵਾਬ ਉਪਨਿਸ਼ਦਾਂ ਵਿਚ ਹੀ ਮਿਲੇਗਾ। ਉਪਨਿਸ਼ਦ ਕਹਿੰਦੇ ਹਨ ਅੰਦਰ ਜਾਓ,

ਅੰਦਰ ਝਾਤੀ ਮਾਰੋ, ਅੰਤਰਮੁਖੀ ਹੋ ਜਾਓ, ਅੰਦਰੋਂ ਹੀ ਮਿਲੇਗਾ। ਜਦੋਂ ਵੀ ਇਹ ਜਾਣ ਜਾਂਦਾ ਹੈ ਕਿ ਉਸ ਦੀ ਆਤਮਾ ਹੀ ਪ੍ਰਮਾਤਮਾ ਹੈ, ਉਸ ਦੇ ਸਾਰੇ ਬੰਧਨ ਟੁੱਟ ਜਾਂਦੇ ਹਨ। ਬੇੜੀਆਂ ਟੁੱਟ ਜਾਂਦੀਆਂ ਹਨ, ਉਹ ਪੂਰੀ ਤਰ੍ਹਾਂ ਨਾਲ ਸੁਤੰਤਰ ਹੋ ਜਾਂਦਾ ਹੈ।

ਉਪਨਿਸ਼ਦਾਂ ਦੀ ਸਿਖਿਆ ਤਾਂ ਇਸੇ ਤਰ੍ਹਾਂ ਹੈ ਜਿਵੇਂ ਕਿਸੇ ਬਾਗ ਵਿਚੋਂ ਫੁੱਲ ਇਕੱਠੇ ਕੀਤੇ ਜਾਣ, ਵੱਡੇ-ਵੱਡੇ ਸਿੱਧ ਪੁਰਖ, ਗੁਰੂ ਇਨ੍ਹਾਂ ਨੇ ਤਾਂ ਉਪਨਿਸ਼ਦਾਂ ਦੇ ਗਿਆਨ ਨੂੰ ਕੇਵਲ ਇਕ ਧਾਗੇ ਵਿਚ ਹੀ ਪਰੋਇਆ ਹੈ। ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਹਰ ਸਿਖਿਆ ਦਾ ਇਕ ਹਾਰ ਪਰੋ ਦਿਤਾ ਹੈ। ਅੱਜ ਦਾ ਸੰਸਾਰ ਬੜੇ ਹੀ ਭਿਆਨਕ ਮੋੜ ਤੋਂ ਲੰਘ ਰਿਹਾ ਹੈ, ਹਰ ਕੋਈ ਦਬਾਓ ਮਹਿਸੂਸ ਕਰ ਰਿਹਾ ਹੈ, ਬਹੁਤ ਹੀ ਜ਼ਿਆਦਾ ਨਾ-ਖੁਸ਼ ਹੈ, ਬਿਮਾਰੀਆਂ ਵਧਦੀਆਂ ਜਾ ਰਹੀਆਂ ਹਨ। ਮਨੁਖਤਾ ਨੂੰ ਇਹ ਬਿਲਕੁਲ ਭੁੱਲ ਗਿਆ ਹੈ ਕਿ ਉਨ੍ਹਾਂ ਦੇ ਇਤਿਹਾਸ ਦਾ ਚਾਨਣ-ਮੁਨਾਰਾ ਕੀ ਹੈ। ਹਰ ਜਗ੍ਹਾ ਤੇ ਬੇਅੰਤ ਬੇਚੈਨੀ ਹੈ, ਭਵਿੱਖ ਬਿਲਕੁਲ ਧੁੰਦਲਾ ਪਿਆ ਹੈ ਤੇ ਬਿਲਕੁਲ ਇਸ ਤਰ੍ਹਾਂ ਲਗ ਰਿਹਾ ਹੈ ਜਿਵੇਂ ਅਸੀਂ ਹਨ੍ਹੇਰੇ ਵਿਚ ਜਾ ਰਹੇ ਹੋਈਏ।

ਇਸ ਸਾਰੇ ਸੰਘਰਸ਼ ਤੋਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਆਉਣ ਵਾਲੇ ਸਮੇਂ ਵਿਚ ਕੋਈ ਕਿਰਨ ਚਮਕੇਗੀ ਜਿਸ ਤੋਂ ਅੱਗੇ ਫੇਰ ਮਨੁੱਖਤਾ ਦਾ ਫੁੱਲ ਖੇੜੇ ਵਿਚ ਆਵੇਗਾ ਤੇ ਸਭਿਅਤਾ ਦਾ ਅਗਲਾ ਪੰਨਾ ਲਿਖਿਆ ਜਾਵੇਗਾ। ਅਜੇ ਤਾਂ ਅਸੀਂ ਜਿਵੇਂ ਖੜ੍ਹੇ ਪਾਣੀ ਦੀ ਘੁੰਮਣ ਘੇਰੀ ਵਿਚ ਫਸ ਗਏ ਹਾਂ। ਬੁੱਧੀਜੀਵੀ ਇਸ ਗੱਲ ਤੋਂ ਕਾਫੀ ਫਿਕਰਮੰਦ ਹਨ ਕਿ ਅੱਜ ਦੀ ਮਾਨਵਤਾ ਕਿੰਨੀ ਪੀੜਤ ਹੈ, ਪਰ ਉਹ ਇਹ ਵੀ ਮਹਿਸੂਸ ਕਰਦੇ ਹਨ ਕਿ ਇਸ ਤੋਂ ਬਾਅਦ ਇਹ ਉਹ ਮੋੜ ਆਵੇਗਾ ਜਦੋਂ ਨਵੀਂ ਰੋਸ਼ਨੀ ਚਮਕੇਗੀ, ਉਸ ਤੋਂ ਨਵੇਂ ਭਵਿੱਖ ਦਾ ਨਿਰਮਾਣ ਹੋਵੇਗਾ ਜਿਹੜਾ ਸਾਨੂੰ ਸਾਡੇ ਟਿਕਾਣੇ ਤੇ ਪਹੁੰਚਾ ਦੇਵੇਗਾ।

ਅੱਜ ਦੇ ਵਿਗਿਆਨਕ ਉਨ੍ਹਾਂ ਨਵੇਂ ਤਰੀਕਿਆਂ ਦੀ ਖੋਜ ਦੇਖ ਰਹੇ ਹਨ ਜਿਹੜੇ ਵਿਗਿਆਨ ਦੇ ਆਤਮਕ ਸਿੱਟੇ ਕੱਢ ਕੇ ਦੇ ਸਕਣ। ਇਹ ਸੰਭਵ ਹੈ ਕਿ ਉਪਨਿਸ਼ਦਾਂ ਦੀ ਫਿਲੌਸਫੀ ਉਨ੍ਹਾਂ ਦਾ ਗਿਆਨ ਇਸ ਜ਼ਰੂਰਤ ਨੂੰ ਪੂਰਾ ਕਰ ਦੇਵੇਗੀ ਤੇ ਉਨ੍ਹਾਂ ਨੂੰ ਚਾਨਣ ਦੇ ਦੇਵੇਗੀ ਜਿਹੜੇ ਹਨ੍ਹੇਰੇ ਨੂੰ ਜਾਣ ਗਏ ਹਨ ਤੇ ਇਹ ਜਾਣਦੇ ਹਨ ਕਿ ਹਨ੍ਹੇਰੇ ਦਾ ਪਸਾਰਾ ਚਾਰੋਂ ਪਾਸੇ ਫੈਲਿਆ ਹੋਇਆ ਹੈ। ਅਸੀਂ ਆਪਣੇ ਜੀਵਨ ਵਿਚ ਆਪ ਹੀ ਬਹੁਤ ਸਾਰਾ ਘੜਮੱਸ ਪਾ ਲਿਆ ਹੈ, ਅਸੀਂ ਜੀਵਨ ਦੀ ਭੇਡ ਚਾਲ ਵਿਚ ਤੁਰ ਪਏ ਹਾਂ ਤੇ ਹੁਣ ਇਹ ਸਾਡੇ ਵਸ ਤੋਂ ਬਾਹਰ ਹੋ ਗਈ ਹੈ।

ਮੈਂ ਇਸ ਗੱਲ ਦੀ ਆਸ ਕਰਦਾ ਹਾਂ ਕਿ ਅੱਜ ਦੇ ਭਾਈ ਅੱਜ ਦੀਆਂ ਬੀਬੀਆਂ ਛੇਤੀ ਤੋਂ ਛੇਤੀ ਮੁੜ ਕੇ ਘਰ ਆ ਜਾਣ ਤੇ ਪੁਰਾਤਨ ਖੋਜਾਂ ਦੀਆਂ ਕੀਮਤਾਂ ਕਦਰਾਂ ਨੂੰ ਸਮਝ ਲੈਣ। ਅੱਜ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਦੋ ਪਹਿਲੂ ਹਨ, ਇਕ ਬਾਹਰੀ ਦੂਸਰਾ ਅੰਦਰੂਨੀ। ਇਸ ਤਰ੍ਹਾਂ ਕਰਨ ਨਾਲ ਭੌਤਿਕ ਵਿਗਿਆਨ ਆਰਾਮ ਦਾ ਇਕ ਸਾਧਨ ਬਣ ਸਕਦੇ ਹਨ ਤੇ ਦੂਸਰੇ ਪਾਸੇ ਪੁਰਾਤਨ ਵਿਗਿਆਨ ਜਿਵੇਂ ਕਿ ਉਪਨਿਸ਼ਦ ਮਨੁੱਖ ਨੂੰ ਉਸ ਦੇ ਅੰਦਰ ਨੂੰ ਖੋਜ ਕੇ ਪ੍ਰਗਟ ਕਰਨ ਵਿਚ ਸਹਾਈ ਹੋ ਸਕਦਾ ਹੈ ਤੇ ਅੰਦਰ ਦੀਆਂ ਡੂੰਘੀਆਂ ਖੋਜਾਂ ਕਰ ਸਕਦਾ ਹੈ। ਅੰਦਰ ਤੇ ਬਾਹਰ ਦੇ ਇਸ ਜੀਵਨ ਵਿਚ ਸੇਤੂ ਬਣਾਏ ਬਿਨਾਂ, ਪੁਰਾਤਨ ਤੇ ਅਜੋਕੇ ਸੰਸਾਰ ਤੇ ਸੇਤੂ ਬਣਾਏ ਬਿਨਾਂ, ਸ਼ਾਂਤੀ, ਖੁਸ਼ੀ, ਵਿਸਮਾਦ, ਅਨੰਦ ਇਨ੍ਹਾਂ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ।

## ਉਪਨਿਸ਼ਦ

ਜਿਵੇਂ ਕਿ ਅਸੀਂ ਪਹਿਲੇ ਦੱਸ ਆਏ ਹਾਂ ਕਿ ਵੇਦ ਸਭ ਤੋਂ ਪੁਰਾਤਨ ਗ੍ਰੰਥ ਹਨ। ਵੇਦਾਂ ਨੂੰ ਸਾਹਿਤ ਦੇ ਪੱਖੋਂ ਵੀ ਚਾਨਣ ਮੁਨਾਰਾ ਮੰਨਿਆ ਜਾਂਦਾ ਹੈ। ਵੇਦ ਸ਼ਬਦ ਸੰਸਕ੍ਰਿਤ ਦੇ ਸ਼ਬਦ ਤੋਂ ਆਇਆ ਹੈ ਇਸ ਦੇ ਅਰਥ ਹਨ ਜਾਨਣਾ ਜਾਂ ਗਿਆਨ। ਇਹ ਉਤਮ ਗਿਆਨ ਪਰਾ ਵਿਗਿਆਨ ਦਾ ਸਰੋਤ ਹਨ ਇਨ੍ਹਾਂ ਗ੍ਰੰਥਾਂ ਵਿਚ ਬ੍ਰਹਮ ਸ਼ਬਦ ਹਨ, ਇਹ ਗਿਆਨ ਬ੍ਰਹਮ ਗਿਆਨ ਹੈ।

ਬ੍ਰਾਹਮਣ ਗ੍ਰੰਥ ਇਸ ਗਿਆਨ ਦੇ ਰੱਖਣ ਵਾਲੇ ਇਸ ਦੇ ਧਰੋਹਰ ਸੀ। ਇਹ ਬ੍ਰਹਮ ਸ਼ਬਦ ਹਨ ਇਨ੍ਹਾਂ ਦੀ ਰਚਨਾ ਕਿਸ ਮਨੁੱਖ ਦੀ ਕੀਤੀ ਹੋਈ ਨਹੀਂ ਹੈ, ਜੀਵਨ ਦਾਤਾ, ਵਿਸ਼ਵ ਕਰਤਾ ਨੇ ਵਿਸ਼ਵ ਦੀ ਰਚਨਾ ਵੇਦਾਂ ਦੇ ਗਿਆਨ ਤੋਂ ਹੀ ਕੀਤੀ ਹੈ, ਇਹ ਪ੍ਰਮਾਤਮਾ ਹੀ, ਕਰਤਾ ਹੀ, ਇਹ ਗਿਆਨ ਬਿਨਾਂ ਕਿਸੇ ਉਚੇਚੇ ਦੇ ਅੱਗੇ ਰੱਖ ਸਕਦਾ ਹੈ, ਬਿਲਕੁਲ ਓਨੀਂ ਹੀ ਸਰਲਤਾ ਨਾਲ ਜਿੰਨੀ ਸਰਲਤਾ ਨਾਲ ਸ੍ਵਾਸ ਲੈਂਦੇ ਹਾਂ।

ਮੰਡੂਕ ਉਪਨਿਸ਼ਦ ਵਿਚ ਦੱਸਿਆ ਗਿਆ ਹੈ ਕਿ ਵਿਸ਼ਵ ਦੇ ਹੋਂਦ ਵਿਚ ਆਉਣ ਦੇ ਸਮੇਂ ਪ੍ਰਭੂ ਨੇ ਵੇਦ ਬ੍ਰਹਮਾ ਨੂੰ ਸੁਣਾਏ, ਇਹ ਗਿਆਨ ਬ੍ਰਹਮਾ ਨੂੰ ਦਿਤਾ। ਬ੍ਰਹਮਾ ਹੀ ਸਭ ਤੋਂ ਪਹਿਲਾ ਵਿਸ਼ਵ ਵਿਚ ਆਏ। ਬ੍ਰਹਮ ਜਦੋਂ ਧਿਆਨ ਵਿਚ ਬੈਠੇ ਹੀ, ਬੜੀ ਹੀ ਗੂੜ੍ਹੀ ਸਮਾਧੀ ਵਿਚ ਬੈਠੇ ਸੀ ਉਨ੍ਹਾਂ ਨੂੰ 'ਓਮ' ਦੀ ਆਵਾਜ਼ 'ਓਮ' ਦੀ ਧੁਨ ਸੁਣੀ, ਇਹ ਹੀ ਵੇਦਾਂ ਦੇ ਗਿਆਨ ਦਾ ਤੱਤ, ਨਚੋੜ ਮੰਨਿਆ ਜਾਂਦਾ ਹੈ। ਇਸ ਪਵਿੱਤਰ ਧੁਨ ਨੂੰ ਸ਼ਬਦ ਨੂੰ ਅਨੇਕਾਂ ਅੱਖਰਾਂ ਦੀ ਸਹਾਇਤਾ ਨਾਲ ਵੇਦਾਂ ਦੇ ਮੰਤਰ, ਪੂਜਾ ਦੇ ਸਲੋਕ, ਰਚੇ। ਇਸ ਪ੍ਰਕਾਰ ਵੇਦ ਪ੍ਰਗਟ ਹੋਏ।

ਵੇਦਾਂ ਦੇ ਉਚਾਰਣ ਨੂੰ ਸ਼ਰੁਤੀਆਂ ਕਿਹਾ ਜਾਂਦਾ ਹੈ ਇਸ ਦੇ ਅਰਥ ਹਨ ਸੁਣਨਾ। ਇਹ ਗਿਆਨ ਸਮਾਧੀ ਵਿਚ ਬੈਠ ਕੇ ਹੋਇਆ। ਇਹ ਅੱਗੋਂ ਵੀ ਜ਼ਬਾਨੀ ਹੀ ਦਿਤਾ ਗਿਆ, ਉਚਾਰਣ ਕਰਕੇ ਹੀ ਦੱਸਿਆ ਗਿਆ, ਕਈ ਸਦੀਆਂ ਤਕ ਇਹ ਗਿਆਨ ਇਸ ਤਰ੍ਹਾਂ ਹੀ ਮੁਖ ਰਾਹੀਂ ਇਕ ਪੀੜੀ ਤੋਂ ਦੂਸਰੀ ਪੀੜੀ ਨੂੰ ਦਿਤਾ ਜਾਂਦਾ ਰਿਹਾ ਜਾਂ ਕਹਿ ਲਵੋ ਗੁਰੂ ਆਪਣੇ ਸ਼ਿਸ਼ਾਂ ਨੂੰ ਦਿੰਦਾ ਰਿਹਾ।

ਵੇਦਾਂ ਦਾ ਗਿਆਨ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ਜਾਂ ਇਹ ਕਹਿ ਲਵੋ ਦੋ ਭਾਗਾਂ ਵਿਚ ਹੈ 'ਕਰਮਕਾਂਡ' ਅਤੇ ਗਿਆਨ ਕਾਂਡ। ਪਹਿਲੇ ਦਾ ਸਬੰਧ ਕਰਮਾਂ ਨਾਲ ਹੈ। ਰਸਮੋ ਰਿਵਾਜਾਂ ਨਾਲ ਹੈ, ਰਹੁਰੀਤ ਰਹਿਣੀ ਬਹਿਣੀ ਨਾਲ ਹੈ। ਇਹ ਸਭ ਕੁਝ ਕਰਨ ਨਾਲ ਸੰਸਾਰਕ ਸੁਖ ਮਿਲਦੇ ਹਨ, ਧਨ ਮਾਲ ਮਿਲਦਾ ਹੈ ਤੇ ਮਰਨ ਪਿਛੋਂ ਸਵਰਗ ਦੀ ਪ੍ਰਾਪਤੀ ਹੁੰਦੀ ਹੈ, ਇਸ ਨਾਲ ਬਾਹਰੀ ਸੰਸਾਰ ਦਾ ਗਿਆਨ ਪ੍ਰਾਪਤ ਹੁੰਦਾ ਹੈ ਤੇ ਇਥੇ ਦੇ ਜੀਵਨ ਤੇ ਮਰਨ ਉਪਰਾਂਤ ਦੇ ਜੀਵਨ ਦਾ ਪਤਾ ਲਗਦਾ ਹੈ। ਦੂਸਰਾ ਹੈ ਗਿਆਨ ਕਾਂਡ ਇਸ ਨਾਲ ਜੀਵਨ ਦੇ ਉਚੇਰੇ ਤੇ ਡੂੰਘੇ ਪਧਰਾਂ ਦਾ ਪਤਾ ਲਗਦਾ ਹੈ ਜਿਸ ਨਾਲ ਅੰਤ ਵਿਚ ਚੌਰਾਸੀ ਦੇ ਗੇੜ ਤੋਂ ਛੁਟਕਾਰਾ ਮਿਲਦਾ ਹੈ।

ਇਸ ਦੇ ਨਾਲ ਹੀ ਸਤਿ ਤੇ ਗਿਆਨ ਪ੍ਰਾਪਤੀ ਲਈ ਵੀ ਸੰਸਥਾਵਾਂ ਚਲਣ ਲੱਗੀਆਂ। ਉਨ੍ਹਾਂ ਨੂੰ ਵਿਆਸ ਕਹਿੰਦੇ ਸੀ, ਬ੍ਰਹਮਾ ਸਾਰੇ ਗਿਆਨੀਆਂ ਦੇ ਉਪਰ ਹੁੰਦੇ, ਉਨ੍ਹਾਂ ਦੇ ਗੁਰੂ ਸੀ ਉਨ੍ਹਾਂ ਨੇ ਸਾਰੇ ਵਿਆਸਾਂ ਕੋਲੋਂ ਵੇਦਾਂ ਦਾ ਸੰਗਠਨ ਕਰਾਇਆ ਤੇ ਇਹ ਵੈਦਕ ਸਾਹਿਤ ਤਿਆਰ ਕੀਤਾ, ਵਿਆਸ ਨੇ ਮਹਾਂਭਾਰਤ ਵੀ ਲਿਖੀ ਜਿਸ ਵਿਚੋਂ ਗੀਤਾ ਦਾ ਗ੍ਰੰਥ ਕੱਢਿਆ ਗਿਆ ਹੈ। ਗੀਤਾ ਦੀ ਫਿਲੌਸਫੀ ਅਤਿ ਗੂੜ੍ਹੀ ਤੇ ਡੂੰਘੀ ਹੈ ਇਹ ਸਾਨੂੰ ਜੀਵਨ ਜਾਂਚ, ਜੀਵਨ ਦੀ ਹੋਂਦ ਬਾਰੇ ਗਿਆਨ ਦਿੰਦੀ ਹੈ।

ਵਿਆਸ ਨੇ ਵੇਦਾਂ ਦਾ ਸੰਗਠਨ ਕੀਤਾ, ਉਨ੍ਹਾਂ ਦਾ ਤਰਤੀਬਵਾਰ ਵਿਧੀਪੂਰਵਕ ਸੰਗਠਤ ਕੀਤਾ ਫੇਰ ਇਨ੍ਹਾਂ ਪਵਿੱਤਰ ਗਿਆਨ ਸਿਖਿਆ ਨੂੰ ਚਾਰ ਜਿਲਦਾਂ ਵਿਚ ਵਿਉਂਤਬਧ ਕੀਤਾ। ਰਿਗ ਵੇਦ, ਯਜੁਰ ਵੇਦ, ਸਾਮ ਵੇਦ ਤੇ ਅਥਰਵੇਦ। ਇਸ ਤਰ੍ਹਾਂ ਨਾਲ ਵਿਆਸ ਕੇਵਲ ਇਕ ਸੰਗ੍ਰਹਿ ਕਰਤਾ ਹਨ, ਵੇਦਾਂ ਦਾ ਸੰਗ੍ਰਹਿ ਕਰਕੇ ਉਨ੍ਹਾਂ ਨੂੰ ਵਿਧੀਪੂਰਵਕ ਜਿਲਦ ਕਰਨ ਵਾਲੇ ਹਨ, ਉਨ੍ਹਾਂ ਦੇ ਰਚੇਤਾ ਨਹੀਂ।

ਵੇਦਾਂ ਦਾ ਗਿਆਨ ਉਨ੍ਹਾਂ ਮਹਾਂਪੁਰਖਾਂ, ਸਿੱਧ ਪੁਰਖਾਂ ਰਾਹੀਂ ਹੋਇਆ

ਹੈ ਜਿਨ੍ਹਾਂ ਦੇ ਮਨ ਹਿਰਦੇ ਦਿਮਾਗ ਧੋਤੇ ਜਾ ਚੁੱਕੇ ਸੀ। ਪਵਿੱਤਰ ਹੋ ਚੁੱਕੇ ਸੀ, ਜਿਹੜੇ ਆਤਮ ਮਾਰਗ ਤੇ ਚੱਲ ਕੇ ਪੂਰੇ ਅਨੁਸਾਸ਼ਨ ਵਿਚ ਰਹਿ ਕੇ ਆਪਣੇ ਆਪ ਨੂੰ ਇਕਾਗਰ ਕਰਕੇ ਆਪਣੇ ਆਪ ਨੂੰ ਕੇਂਦਰਤ ਕਰ ਸਕੇ। ਇਹੋ ਜਿਹੇ ਮਹਾਂਪੁਰਖਾਂ ਨੂੰ ਰਿਸ਼ੀ ਕਿਹਾ ਗਿਆ ਹੈ ਭਾਵ 'ਸਤਿ ਪੁਰਖ' ਰਿਸ਼ੀਆਂ ਮੁਨੀਆਂ ਵਿਚ ਬੀਬੀਆਂ ਤੇ ਭਾਈ ਦੋਨੋਂ ਹੀ ਸੀ। ਇਹ ਗੱਲ ਬੜੀ ਮਹੱਤਵਪੂਰਨ ਹੈ ਕਿ ਵੈਦਕ ਸਮੇਂ ਵਿਚ ਬੀਬੀਆਂ ਤੇ ਭਾਈਆਂ ਵਿਚ ਕੋਈ ਵਿਤਕਰਾ ਨਹੀਂ ਸੀ ਕੀਤਾ ਜਾਂਦਾ, ਦੋਨਾਂ ਨੂੰ ਬਰਾਬਰ ਹੀ ਦੇਖਿਆ ਜਾਂਦਾ ਸੀ। ਆਤਮ ਮਾਰਗ ਤੇ ਚੱਲਣ ਲਈ ਬਰਾਬਰ ਦੀਆਂ ਸੁਵਿਧਾ ਸੀ ਤੇ ਦੋਨਾਂ ਤੇ ਬਰਾਬਰ ਦੀਆਂ ਹੀ ਪ੍ਰਾਪਤੀਆਂ ਕੀਤੀਆਂ ਹਨ।

ਵੇਦਾਂ ਦੇ ਦੋ ਹਿੱਸੇ ਹਨ ਇਕ ਮੰਤਰ, ਦੂਸਰਾ ਬ੍ਰਾਹਮਣ ਮੰਤਰ ਭਾਗ ਨੂੰ ਸੰਗਹਿਤਾ ਵੀ ਕਿਹਾ ਜਾਂਦਾ ਹੈ। ਸੰਗਹਿਤਾ ਦਾ ਅਰਥ ਹੈ ਇਕੱਠਾ ਕਰਨਾ, ਇਕੱਤਰ ਕਰਨਾ ਇਕ ਭਜਨ ਦਾ ਮੰਤਰਾਂ ਦਾ ਸੰਗ੍ਰਹਿ ਕਰਨਾ ਹੈ ਇਹ ਉਹ ਮੰਤਰ ਹਨ ਜਿਹੜੇ ਬਲੀ ਤਿਆਗ ਸਮੇਂ ਪੜ੍ਹੇ ਜਾਂਦੇ ਹਨ, ਸਭ ਤੋਂ ਵੱਧ ਮਹੱਤਵਪੂਰਨ ਹੈ, ਸੋਮ ਭੇਟਾ, ਸੋਮ ਸਮਰਪਣ ਇਹ ਇਕ ਬਹੁਤ ਹੀ ਵਿਵੇਕਪੂਰਨ ਰਸਮ ਹੈ। ਇਸ ਨੂੰ ਪੁਰਾਤਨ, ਪੰਚਾਇਤ ਮਿਲ ਕੇ ਕਰਦੀ ਸੀ, ਇਸ ਨੂੰ ਕਰਨ ਤੋਂ ਭਾਵ ਹੁੰਦਾ ਸੀ ਕਿ ਪ੍ਰਮਾਤਮਾ ਦੇ ਨੇੜੇ ਜਾਣਾ ਤੇ ਹੋਰ ਉਚੀਆਂ ਤੇ ਡੂੰਘੀਆਂ ਸ਼ਕਤੀਆਂ ਨੂੰ ਜਾਗਰਣ ਕਰਨਾ। ਇਥੇ ਬਲੀਦਾਨ ਸ਼ਬਦ ਦੇ ਅਰਥ ਹਨ ਫਲ ਦਾ ਤਿਆਗ, ਕਰਮ ਕਰਕੇ ਫਲ ਦਾ ਤਿਆਗ ਕਰਨਾ।

ਬ੍ਰਾਹਮਣ ਸਾਹਿਤ ਵਿਚ ਰਸਮਾਂ ਦਾ ਕਰਮਕਾਂਡ ਕਰਨ ਦੀ ਵਿਧੀ ਦੱਸੀ ਗਈ ਹੈ, ਕਦੋਂ ਕੀ, ਕਿਵੇਂ ਕਰਨਾ ਚਾਹੀਦਾ ਹੈ, ਬ੍ਰਾਹਮਣ ਸਾਹਿਤ ਦਾ, ਜਦੋਂ ਅੱਗੇ ਵਿਸਤਾਰ ਕੀਤਾ ਗਿਆ ਉਹ ਸੀ 'ਅਰਣਾਕਯ' ਜਿਸ ਨੂੰ 'ਜੰਗਲ ਖੋਜ-ਪ੍ਰਬੰਧ' ਵੀ ਕਹਿੰਦੇ ਹਨ ਜੋ ਕਿ ਜੰਗਲ ਵਿਚ ਰਹਿਣ ਵਾਲਿਆਂ ਦਾ ਮਾਰਗ ਦਰਸ਼ਨ ਕਰਦੀ ਹੈ। ਜੰਗਲ ਵਿਚ ਰਹਿਣ ਵਾਲਿਆਂ ਕੋਲ ਕੋਈ ਸੁਵਿਧਾ ਨਹੀਂ ਕਿ ਉਹ ਕਰਮਕਾਂਡ ਲਈ ਚੀਜ਼ਾਂ ਇਕੱਠੀਆਂ ਕਰ ਸਕਣ। ਉਨ੍ਹਾਂ ਦੀ ਪੂਜਾ ਅਰਚਾ ਮੈਡੀਟੇਸ਼ਨ ਧਿਆਨ ਸਭ ਕੁਝ ਸੰਕੇਤਕ ਹੀ ਹੁੰਦੇ, ਅੰਤਰੀਵ ਹੁੰਦੇ ਹਨ। ਉਨ੍ਹਾਂ ਦੀਆਂ ਵਿਧੀਆਂ ਮਾਨਸਕ ਪੱਧਰ ਤੋਂ ਉਪਰ ਹੋ ਕੇ ਅਧਿਆਤਮਕ ਪੱਧਰ ਤਕ ਚੁਕ ਲਈਆਂ ਜਾਂਦੀਆਂ ਸੀ।

ਵੈਦਕ ਸਮੇਂ ਵਿਚ ਜੀਵ ਦੀ ਆਯੂ ਸੌ ਸਾਲ ਦੀ ਹੁੰਦੀ ਸੀ, ਇਹ ਚਾਰ ਭਾਗਾਂ ਵਿਚ ਵੰਡੀ ਹੋਈ ਸੀ, ਪਹਿਲਾ ਭਾਗ ਬ੍ਰਹਮਚਰੀਆ, ਵਿਦਿਆਰਥੀ ਜੀਵਨ ਜੋ ਪੱਚੀ ਸਾਲ ਦੀ ਉਮਰ ਤਕ ਹੁੰਦਾ ਸੀ, ਦੂਸਰਾ

ਗ੍ਰਹਿਸਤ ਆਸ਼ਰਮ ਜਿਹੜਾ ਪੱਚੀ ਸਾਲ ਤੋਂ ਪੰਜਾਹ ਸਾਲ ਤਕ ਸੀ ਇਸ ਵਿਚ ਪਰਿਵਾਰਕ ਜੀਵਨ ਬਤੀਤ ਕਰਨਾ ਸੀ। ਤੀਸਰਾ ਬਾਨਪ੍ਰਸਤ ਇਹ ਪੰਜਾਹ ਤੋਂ ਪਝੱਤਰ ਸਾਲ ਤਕ ਦੀ ਉਮਰ ਇਹ ਜੰਗਲਾਂ ਵਿਚ ਰਹਿਣ ਦਾ ਸਮਾਂ ਆਖੀਰ ਦੇ ਪੱਚੀ ਸਾਲ ਪਝੱਤਰ ਤੋਂ ਸੌ ਸਾਲ ਤਕ ਸੰਨਿਆਸ ਮੰਨਿਆ ਜਾਂਦਾ ਸੀ ਇਸ ਵਿਚ ਸਭ ਕੁਝ ਤਿਆਗ ਕੇ ਰਹਿਣਾ।

ਪਹਿਲੇ ਪੱਚੀ ਸਾਲ ਵਿਦਿਆਰਥੀ ਨੂੰ ਬ੍ਰਹਮਚਰੀਆ ਬਾਰੇ ਦੱਸਿਆ ਜਾਂਦਾ ਸੀ। ਉਸ ਦੀ ਮਹੱਤਤਾ ਦੱਸੀ ਜਾਂਦੀ ਸੀ ਤੇ ਬ੍ਰਹਮਚਰੀਆ ਰਹਿਣਾ ਬਹਿਣਾ ਦੱਸਿਆ ਜਾਂਦਾ ਸੀ। ਜਿਵੇਂ ਥੋੜ੍ਹੇ ਤੋਂ ਥੋੜ੍ਹੇ ਵਿਚ ਰਹਿ ਕੇ ਗੁਜ਼ਾਰਾ ਕਰਨਾ ਹੈ। ਵਿਦਿਆਰਥੀ ਜੀਵਨ ਜੀਣ ਦੀ ਜਾਂਚ ਸਿਖਦੇ ਸੀ। ਸੰਸਾਰ ਵਿਚ ਰਹਿਣ ਦੀ ਜਾਚ ਸਿਖਦੇ ਸੀ ਤੇ ਸਭ ਤੋਂ ਵੱਡੀ ਗੱਲ ਸਿਖਦੇ ਸੀ। ਜੀਵਨ ਦਾ ਮੰਤਵ ਜੀਵਨ ਦਾ ਪ੍ਰਯੋਜਨ। ਅੰਤਮ ਸਤਿ ਕੀ ਹੈ। ਵਿਦਿਆਰਥੀ ਗੁਰੂ ਕੋਲ ਰਹਿ ਕੇ ਗੁਰੂ ਸੇਵਾ ਕਰਦੇ ਸੀ, ਨਿਮਰਤਾ ਸਿਖਦੇ ਸੀ। ਪੜ੍ਹਾਈ ਖਤਮ ਕਰਨ ਤੋਂ ਬਾਅਦ ਅਧਿਆਤਮਕ ਉਸ ਨੂੰ ਸਤਿ ਦੇ ਰਾਹ ਤੇ ਚੱਲਣ ਦਾ ਆਦੇਸ਼ ਦਿੰਦਾ ਸੀ, ਸੱਚਾ ਕਰਮ ਕਰਨਾ ਤੇ ਪ੍ਰਮਾਤਮਾ ਦੀ ਹਜ਼ੂਰੀ ਵਿਚ ਰਹਿਣਾ।

ਗ੍ਰਹਿਸਤ ਆਸ਼ਰਮ ਵਿਚ ਰਹਿਣਾ ਇਕ ਤਰ੍ਹਾਂ ਨਾਲ, ਕਰਮ ਦੇ ਰਾਹ ਤੇ ਚੱਲਣ ਦੀ ਤਿਆਰੀ ਕੀਤੀ ਜਾਂਦੀ ਸੀ, ਇਹ ਕੋਈ ਸਾਰੇ ਜੀਵਨ ਦੀ ਤਿਆਰੀ ਨਹੀਂ। ਇਸ ਸਮੇਂ ਵਿਚ ਪਤੀ ਪਤਨੀ ਤਿਆਗ ਦਾ ਅਭਿਆਸ ਕਰਦੇ ਸੀ। ਪੂਜਾ ਅਰਚਾ ਕਰਦੇ ਸੀ ਤੇ ਇਸ ਤਰ੍ਹਾਂ ਰਹਿੰਦੇ ਸੀ ਜਿਵੇਂ ਦੋਨੋਂ ਇਕੱਠੇ ਰਹਿ ਕੇ ਨਿਯਮਤ ਜੀਵਨ ਬਤੀਤ ਕਰ ਰਹੇ ਹੋਣ। ਦੰਪਤੀ ਇਕ ਸੋਹਣੇ ਰੱਥ ਦੀ ਤਰ੍ਹਾਂ ਸੀ ਜਿਸ ਰੱਥ ਦਾ ਇਕ ਪਹੀਆ ਪਤੀ ਦੂਸਰਾ ਪਤਨੀ ਆਪਸ ਵਿਚ ਪੂਰਾ ਤਾਲਮੇਲ ਹੁੰਦਾ ਸੀ ਤੇ ਦੰਪਤੀ ਜੀਵਨ ਇਕ ਹਾਸੇ ਖੇਡੇ ਦਾ ਜੀਵਨ ਨਾ ਹੋ ਕੇ ਇਕ ਮੁਕਤੀ ਦਾ ਰਾਹ ਸੀ। ਇਹ ਕੋਈ ਮੋਹ ਪਾਉਣ ਦਾ ਤਰੀਕਾ ਨਹੀਂ ਸੀ, ਨਾ ਹੀ ਕੋਈ ਬੰਧਨ ਪਾਉਣ ਦਾ।

ਬਾਨ ਪ੍ਰਸਤ ਉਦੋਂ ਸ਼ੁਰੂ ਹੁੰਦਾ ਸੀ ਜਦੋਂ ਬਾਲ ਚਿੱਟੇ ਹੋ ਜਾਂਦੇ ਸੀ ਤੇ ਝੁਰੜੀਆਂ ਪੈਣ ਲਗ ਪੈਂਦੀਆਂ ਸੀ। ਪਤੀ ਪਤਨੀ ਆਪਣੀਆਂ ਜ਼ਿੰਮੇਵਾਰੀਆਂ ਵੱਡੇ ਬੱਚੇ ਨੂੰ ਸੌਂਪ ਕੇ ਬੱਚਿਆਂ ਨੂੰ ਦੇ ਕੇ ਆਪ ਜੰਗਲਾਂ ਵਿਚ ਚਲੇ ਜਾਂਦੇ ਸੀ।

ਅੰਤਮ ਭਾਗ, ਸੰਨਿਆਸ ਦਾ ਜੀਵਨ ਬਹੁਤ ਹੀ ਪਾਬੰਦੀਆਂ ਵਾਲਾ ਬੜਾ ਬੰਧੇਜ ਵਾਲਾ ਰੱਖਣਾ ਹੁੰਦਾ ਸੀ। ਸਾਰੇ ਸੰਸਾਰਕ ਸੁਖ ਤਿਆਗ ਦੇਣੇ

ਪੈਂਦੇ ਸੀ। ਸਾਰੀਆਂ ਇਛਾਵਾਂ ਦਾ ਤਿਆਗ ਕਰਨਾ ਜ਼ਰੂਰੀ ਸੀ। ਹੋਰ ਉਹ ਸਭ ਕੁਛ ਜੋ ਆਤਮ ਮਾਰਗ ਤੇ ਬਾਧਾ ਪੈਦਾ ਕਰ ਸਕਦਾ ਹੋਵੇ। ਜਦੋਂ ਤੁਸੀਂ ਤੁਰਦੇ ਫਿਰਦੇ, ਭਰਮਣ ਕਰਨ ਵਾਲੇ ਉਦਾਸੀ ਬਣ ਜਾਂਦੇ ਹੋ, ਸਾਰੇ ਮੋਹ ਤੋਂ ਛੁਟਕਾਰਾ ਪਾ ਲੈਂਦੇ ਹੋ, ਸਾਰੀਆਂ ਇਛਾਵਾਂ ਤੋਂ ਮੁਕਤ ਹੋ ਜਾਂਦੇ ਹੋ ਤਾਂ ਫੇਰ ਬਿਲਕੁਲ ਇਕਾਗਰ ਹੋ ਕੇ ਉਸ ਇਕ ਨਾਲ ਲਿਵ ਲਗ ਜਾਂਦੀ ਹੈ ਤੇ ਸੁਤੇ ਹੀ ਤੁਹਾਡਾ ਦਵੰਦ ਖਤਮ ਹੋ ਜਾਂਦਾ ਹੈ ਤੇ ਇਕੋ ਬ੍ਰਹਮ ਹੀ ਦਿਸਦਾ ਹੈ ***'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*** ਜਦੋਂ ਇਹ ਅਵਸਥਾ ਹੋ ਜਾਂਦੀ ਹੈ ਮਨੁੱਖ ਦੀ ਆਤਮਾ ਵਿਸ਼ਵ ਨਾਲ ਇਕ ਹੋ ਜਾਂਦੀ ਹੈ।

## ਉਪਨਿਸ਼ਦ ਸ਼ਬਦ ਦੇ ਅਰਥ

ਉਪਨਿਸ਼ਦ ਸ਼ਬਦ ਦੀ ਜੜ੍ਹ ਹੈ 'ਸ਼ਦ' ਇਸ ਦੇ ਨਾਲ ਦੋ ਸ਼ਬਦ ਜੋੜੇ ਗਏ ਹਨ 'ਉਪ' ਤੇ 'ਨਿ' ਉਪ ਤੋਂ ਭਾਵ ਹੈ ਨੇੜੇ, ਕੋਲ, 'ਨਿ' ਦਾ ਅਰਥ ਹੈ ਪੂਰਾ। ਸ਼ਦ ਸ਼ਬਦ ਨੂੰ ਤਿੰਨ ਤਰ੍ਹਾਂ ਨਾਲ ਲਿਆ ਜਾਂਦਾ ਹੈ ਛੱਡਣਾ ਜਾਂ ਕਹਿ ਲਓ ਮੋਹ ਤਿਆਗਣਾ। ਦੂਸਰਾ ਹੈ ਪ੍ਰਾਪਤੀ ਭਾਵ ਮੁਕਤੀ ਤੇ ਤੀਸਰਾ ਹੈ ਨਸ਼ਟ ਕਰਨਾ ਭਾਵ ਜੜ੍ਹ ਤੋਂ ਹੀ ਖਤਮ ਕਰ ਦੇਣਾ। ਪੁਰਾਣੇ ਮਾੜੇ ਸੰਸਕਾਰ ਖਤਮ ਕਰ ਦੇਣੇ, ਅਵਿਦਿਆ ਖਤਮ ਕਰ ਦੇਣੀ, ਅਗਿਆਨ ਦਾ ਹਨ੍ਹੇਰਾ ਖਤਮ ਕਰ ਦੇਣਾ।

ਸ਼ਦ ਦੇ ਨਿਰੁਕਤਕ ਅਰਥ ਹਨ ਗਿਆਨ ਵਿਦਿਆ, ਉਹ ਗਿਆਨ ਜੋ ਇਕ ਪੂਰਨ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਪ੍ਰਾਪਤ ਕੀਤਾ ਗਿਆਨ ਮੋਹ ਤੋਂ ਛੁਟਕਾਰਾ ਦਿੰਦਾ ਹੈ ਤੇ ਆਤਮ ਪ੍ਰਾਪਤੀ ਦੇ ਯੋਗ ਬਣਾਉਂਦਾ ਹੈ। ਇਸ ਤਰ੍ਹਾਂ ਪ੍ਰਾਪਤ ਕੀਤਾ ਗਿਆਨ ਅਵਿਦਿਆ/ਅਗਿਆਨ ਨੂੰ ਖਤਮ ਕਰਦਾ ਹੈ ਜਿਸ ਨਾਲ ਨਿਰਾਸਤਾ ਖਤਮ ਹੁੰਦੀ ਹੈ ਜਿਹੜੀ ਅਸੀਮ, ਅਨੰਤ ਨੂੰ ਦੇਖਣ, ਮਹਿਸੂਸ ਕਰਨ ਵਿਚ ਬਾਧਾ ਬਣਦੀ ਹੈ ਤੇ ਇਸ ਤਰ੍ਹਾਂ ਦਾ ਛਲ ਕਰਦੀ ਹੈ ਕਿ ਉਹ ਆਪ ਨੂੰ ਇਕ ਸੀਮਾ ਵਿਚ ਦੇਖਣ ਲਗ ਪੈਂਦਾ ਹੈ।

ਸ਼ਦ ਸ਼ਬਦ ਦੀ ਜੜ੍ਹ ਨਾਲ ਜਦੋਂ ਉਪ ਲਗਦਾ ਹੈ ਉਹ ਨਮਰਤਾ ਦਾ ਸੰਕੇਤਕ ਬਣ ਜਾਂਦਾ ਹੈ, ਉਹ ਨਮਰਤਾ ਜਿਸ ਨਾਲ ਜਗਿਆਸੂ ਨੂੰ, ਇਕ ਵਿਦਿਆਰਥੀ ਨੂੰ ਉਪਦੇਸ਼ਕ ਕੋਲ, ਅਧਿਆਪਕ ਕੋਲ ਜਾਣਾ ਚਾਹੀਦਾ ਹੈ। ਉਪਨਿਸ਼ਦਾਂ ਦਾ ਗਿਆਨ ਇਕ ਉਚਤਮ ਵਿਗਿਆਨ ਮੰਨਿਆ ਜਾਂਦਾ ਹੈ।

ਇਹ ਇਕ ਡੂੰਘਾ ਰਹੱਸ ਹੈ, ਰਹੱਸਿਆ ਦਾ ਰਹੱਸ ਹੈ। ਜਗਿਆਸੂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਉਪਨਿਸ਼ਦ ਵਿਚ ਦਿਤੀ ਸਿਖਿਆ ਸੰਖੇਪ ਸੂਤਰ ਰੂਪ ਵਿਚ ਦਿਤੀ ਗਈ ਹੈ, ਇਹ ਸਿਖਿਆ ਸੱਤ ਦਾ ਸੱਤ ਰੂਪ ਹੈ।

ਉਪਨਿਸ਼ਦਾਂ ਦੇ ਵਿਚ ਇਕ ਵਾਕ ਦੀ ਵਰਤੋਂ ਬਾਰ-ਬਾਰ ਕੀਤੀ ਗਈ ਹੈ 'ਇਹ ਵੀ ਨਹੀਂ' 'ਇਹ ਵੀ ਨਹੀਂ'। ਉਸ ਤੋਂ ਭਾਵ ਹੈ ਕਿ ਜਗਿਆਸੂ ਨੂੰ ਕਦੀ ਵੀ ਗਿਆਨ ਦੀ ਖੋਜ ਨਹੀਂ ਛੱਡ ਦੇਣੀ ਚਾਹੀਦੀ। ਕਦੀ ਵੀ ਸੱਤ ਲਈ ਸੱਚੀ ਖੋਜ ਨਹੀਂ ਛੱਡ ਦੇਣੀ ਚਾਹੀਦੀ। ਜਗਿਆਸੂ ਨੂੰ ਕਦੀ ਵੀ ਗਿਆਨ ਪ੍ਰਾਪਤੀ ਦੀ ਤ੍ਰਿਪਤੀ ਨਹੀਂ ਹੋਣੀ ਚਾਹੀਦੀ। ਆਪਣੇ ਅੰਦਰ ਕਦੀ ਵੀ ਇਹ ਮਹਿਸੂਸ ਨਹੀਂ ਕਰਨਾ ਚਾਹੀਦਾ ਕਿ ਮੈਂ ਐਨਾ ਗਿਆਨ ਪ੍ਰਾਪਤ ਕਰ ਲਿਆ ਹੈ। ਗਿਆਨ ਦੇ ਬਹੁਤ ਸਾਰੇ ਸੂਖਮ ਰੂਪ ਹਨ ਪਰ ਪੂਰਨ ਹੈ ਸਤਿ ਦਾ ਗਿਆਨ, ਸੱਤ ਦੀ ਪ੍ਰਾਪਤੀ।

ਪੁਰਾਤਨ ਸਮਿਆਂ ਵਿਚ ਉਪਦੇਸ਼ਕ, ਅਧਿਆਪਕ ਜੋ ਉਪਨਿਸ਼ਦਾਂ ਦਾ ਗਿਆਨ ਰਖਦੇ ਸੀ ਉਹ ਵੇਦਾਂ ਉਪਨਿਸ਼ਦਾਂ ਦਾ ਗਿਆਨ ਦੇਣ ਲਈ ਬਹੁਤ ਹੀ ਸਾਵਧਾਨ ਰਹਿੰਦੇ ਸੀ, ਖਾਸ ਕਰਕੇ ਜਿਵੇਂ ਪ੍ਰਾਣ ਵਿਦਿਆ, ਜਿਹੜੀ ਕਠ ਉਪਨਿਸ਼ਦ ਵਿਚ ਦੱਸੀ ਗਈ ਹੈ ਜਾਂ ਮਧੂ ਵਿਦਿਆ ਜਿਹੜੀ ਕਿ ਬ੍ਰਿਹਦਾਰਣਜਕ ਉਪਨਿਸ਼ਦ ਵਿਚ ਦੱਸੀ ਗਈ ਹੈ। ਪੁਰਾਤਨ ਉਪਦੇਸ਼ਕ ਇਹ ਗਿਆਨ ਕੇਵਲ ਉਨ੍ਹਾਂ ਨੂੰ ਹੀ ਦਿੰਦੇ ਸੀ ਜਿਹੜੇ ਉਸ ਦੇ ਪਾਤਰ ਹੋਣ, ਜਿਹੜੇ ਉਸ ਅਵਸਥਾ ਤਕ ਪਹੁੰਚ ਗਏ ਹੋਣ ਤੇ ਇਹ ਗਿਆਨ ਪ੍ਰਾਪਤ ਕਰ ਸਕਦੇ ਹੋਣ। ਜਿਹੜੇ ਪਹਿਲਾਂ ਉਚਿਤ ਗਿਆਨ ਪ੍ਰਾਪਤ ਕਰ ਚੁੱਕੇ ਹੋਣ, ਅਧਿਆਤਮਵਾਦ ਤੇ ਪਰਪੱਕ ਹੋਣ।

ਇਹ ਵਿਦਿਆ ਹਰ ਇਕ ਨੂੰ ਨਹੀਂ ਦਿਤੀ ਜਾਂਦੀ ਸੀ ਭਾਵੇਂ ਕੋਈ ਪੂਰਾ ਖਜ਼ਾਨਾ ਹੀ ਕਿਉਂ ਨਾ ਦੇਣ ਨੂੰ ਤਿਆਰ ਹੋਵੇ, ਭਾਵ ਇਹ ਹੈ ਕਿ ਉਪਨਿਸ਼ਦਾਂ ਦਾ ਗਿਆਨ ਪੂਰੇ ਸੰਸਾਰਕ ਖਜ਼ਾਨੇ ਨਾਲੋਂ ਕਿਤੇ ਉਤਮ, ਉਚਾ ਤੇ ਡੂੰਘਾ ਹੈ। ਸੰਸਾਰਕ ਹੀ ਨਹੀਂ ਜੇ ਇਹ ਕਿਹਾ ਜਵੇ ਕਿ ਲੋਕ ਪਰਲੋਕ ਦੇ ਖਜ਼ਾਨੇ ਤੋਂ ਉਤੇ ਹੈ ਤਾਂ ਕੋਈ ਅਤਿਕਥਨੀ ਹੀ ਨਹੀਂ

## ਉਪਦੇਸ਼ਕ ਤੇ ਵਿਦਿਆਰਥੀ ਦਾ ਸਬੰਧ

ਉਪਨਿਸ਼ਦਾਂ ਦਾ ਗਿਆਨ ਜਾਂ ਕਹਿ ਲਓ ਕਿ ਬ੍ਰਹਮਵਿਦਿਆ ਬਹੁਤ ਹੀ ਸਪਸ਼ਟ ਸਾਫ ਸੁਥਰਾ ਗਿਆਨ ਹੈ, ਪਰ ਕਠਿਨ ਹੈ, ਸੂਖਮ ਤੇ ਗੂੜ੍ਹ ਹੈ। ਆਮ ਮਨੁੱਖ ਉਪਨਿਸ਼ਦਾਂ ਦੇ ਮੰਤਰ ਨਹੀਂ ਸਮਝ ਸਕਦਾ। ਅਧਿਆਪਕ ਉਪਦੇਸ਼ਕ ਦੀ ਲੋੜ ਤੋਂ ਬਿਨਾਂ ਸਮਝਣਾ ਔਖਾ ਹੈ। ਜਿਹੜੇ ਵੀ ਜਗਿਆਸੂ ਬ੍ਰਹਮ ਵਿਦਿਆ ਨੂੰ

ਜਾਨਣਾ ਚਾਹੁੰਦੇ ਸੀ, ਜਾਨਣ ਦੀ ਇੱਛਾ ਰਖਦੇ ਸੀ ਉਨ੍ਹਾਂ ਨੂੰ ਬਹੁਤ ਔਕੜਾਂ ਔਖਿਆਈਆਂ ਸਹਿਣੀਆਂ ਪੈਂਦੀਆਂ ਸੀ। ਬਹੁਤ ਹੀ ਸਾਦਗੀ ਵਿਚ ਰਹਿਣਾ ਪੈਂਦਾ ਸੀ, ਪੂਰਾ ਆਤਮਕ ਅਨੁਸਾਸ਼ਨ ਰਖਣਾ ਪੈਂਦੀ ਸੀ। ਅਸੀਂ ਦੇਖਿਆ ਹੈ ਕਿ ਕਠ ਉਪਨਿਸ਼ਦ ਵਿਚ ਨਚੀਕੇਤਾ ਦੀ ਪ੍ਰੀਖਿਆ ਕਿਵੇਂ ਲਈ ਗਈ? ਕਿੰਨੇ ਪ੍ਰਕਾਰ ਨਾਲ ਲਈ ਗਈ? ਜਮ ਨੇ ਪਹਿਲਾਂ ਇਹ ਚੰਗੀ ਤਰ੍ਹਾਂ ਨਾਲ, ਪੱਕੀ ਤਰ੍ਹਾਂ ਨਾਲ ਜਾਣ ਲਿਆ ਕਿ ਨਚੀਕੇਤਾ ਸੱਚਮੁੱਚ ਹੀ ਉਪਨਿਸ਼ਦਾਂ ਦੇ ਗਿਆਨ ਦਾ ਪਾਤਰ ਹੈ। ਉਸ ਦੀ ਗਿਆਨ ਦੀ ਪਿਆਸ ਕੋਈ ਉਸ ਦੀ ਸੰਵੇਗਕ ਇੱਛਾ ਨਹੀਂ ਹੈ, ਕੋਈ ਉਸ ਦੀ ਇਕ ਘੜੀ ਪਲ ਦੀ ਲੋੜ ਨਹੀਂ ਹੈ ਜਿਵੇਂ ਕਿ ਅਸੀਂ ਅੱਜਕਲ੍ਹ ਦੇ ਨੌਜਵਾਨਾਂ ਵਿਚ ਦੇਖਦੇ ਹਾਂ।

ਜਮ ਨੇ ਨਚੀਕੇਤਾ ਨੂੰ ਹਰ ਤਰ੍ਹਾਂ ਲੁਭਾਉਣ ਦੀ ਕੋਸ਼ਿਸ਼ ਕੀਤੀ। ਸੰਸਾਰ ਦਾ ਹਰ ਪਦਾਰਥ ਉਸ ਨੂੰ ਲੈਣ ਲਈ ਕਿਹਾ। ਮਿਸਾਲ ਵਜੋਂ, ਲੰਮੀ ਉਮਰ, ਸੋਹਣੀਆਂ ਤੋਂ ਸੋਹਣੀਆਂ ਹੂਰ ਪਰੀਆਂ ਪਰ ਨਚੀਕੇਤਾ ਜਾਣਦਾ ਸੀ ਕਿ ਸਭ ਕੁਝ ਨਾਸ਼ਵਰ ਹੈ, ਛਿਨ ਭੰਗਰ ਰਹਿਣ ਵਾਲਾ ਹੈ। ਇਸ ਕਰਕੇ ਉਹ ਤਾਂ ਬ੍ਰਹਮਗਿਆਨ ਲੈਣ ਲਈ ਹੀ ਬੇਨਤੀ ਕਰਦਾ ਰਿਹਾ। ਉਹ ਤਾਂ ਕੇਵਲ ਸਤਿ ਦਾ ਗਿਆਨ ਹੀ ਚਾਹੁੰਦਾ ਸੀ।

ਪ੍ਰਸ਼ਨ ਉਪਨਿਸ਼ਦ ਵਿਚ ਉਪਦੇਸ਼ਕ ਅਧਿਆਪਕ ਪਿਪਲਾਦ ਆਪਣੇ ਛੇ ਸ਼ਿਸ਼ਾਂ ਨੂੰ ਤਪਸਿਆ ਕਰਾਉਂਦੇ ਰਹੇ। ਅਭਿਆਸ ਕਰਾਉਂਦੇ ਰਹੇ, ਕਿੰਨੇ ਸਾਲ ਇਸ ਤਰ੍ਹਾਂ ਕਰਾਉਣ ਦੇ ਬਾਅਦ ਉਨ੍ਹਾਂ ਨੇ ਉਨ੍ਹਾਂ ਸ਼ਿਸ਼ਾਂ ਨੂੰ ਕਿਹਾ, ਹੁਣ ਤੁਸੀਂ ਕੋਈ ਵੀ ਪ੍ਰਸ਼ਨ ਪੁੱਛ ਸਕਦੇ ਹੋ, ਜੇ ਮੈਨੂੰ ਉਸ ਦਾ ਜਵਾਬ ਪਤਾ ਹੋਏਗਾ, ਮੈਂ ਤੁਹਾਨੂੰ ਦਸ ਦਿਆਂਗਾ। ਚੰਡੋਕ ਉਪਨਿਸ਼ਦ ਵਿਚ ਇਕ ਜਗ੍ਹਾ ਲਿਖਿਆ ਹੋਇਆ ਹੈ ਕਿ ਗੁਰੂ ਨੇ ਇੰਦਰ ਤੇ ਵਿਰੋਚਨ ਤੋਂ ਬੱਤੀ ਸਾਲ ਤਪਸਿਆ ਕਰਾਈ। ਸਾਦਗੀ ਨਾਲ ਰਹਿਣਾ, ਸੰਜਮ ਤੇ ਸਹਿਜ ਦਾ ਅਭਿਆਸ ਕਰਨਾ।

ਵਿਰੋਚਨ ਜੋ ਕਿ ਅਸੁਰਾਂ ਦਾ ਰਾਜਾ ਹੈ ਉਹ ਐਨਾ ਕਰਨ ਦੇ ਬਾਅਦ ਵੀ ਮਨ ਦੀ ਪਵਿਤਰਤਾ ਨਾ ਲਿਆ ਸਕਿਆ। ਆਪਣੇ ਦਿਲ ਦਿਮਾਗ ਨੂੰ ਇਕਾਗਰ ਨਾ ਕਰ ਸਕਿਆ, ਉਹ ਕੇਵਲ ਇਹ ਹੀ ਲੈ ਕੇ ਘਰ ਮੁੜ ਗਿਆ ਕਿ ਆਤਮਾ ਤੇ ਸਰੀਰ ਇਕ ਹੀ ਹਨ। ਦੂਸਰੇ ਪਾਸੇ ਇੰਦਰ ਦੇਵਤਾ, ਦੇਵਤਿਆਂ ਦੇ ਮੁਖੀ ਉਹ ਪੂਰਨ ਬ੍ਰਹਮਚਾਰੀ ਰਹੇ। ਉਹ 73 ਵਰ੍ਹੇ ਬ੍ਰਹਮਚਾਰੀ ਰਹੇ, ਉਸ ਤੋਂ ਪਿਛੋਂ ਉਨ੍ਹਾਂ ਨੂੰ ਆਤਮ ਗਿਆਨ ਪ੍ਰਾਪਤ ਹੋਇਆ।

ਗੁਰੂ ਸ਼ਿਸ਼ ਦਾ ਰਿਸ਼ਤਾ, ਸਬੰਧ ਸਭ ਤੋਂ ਉਚਾ ਸੁੱਚਾ ਸਬੰਧ ਹੈ।

ਉਪਨਿਸ਼ਦਾਂ ਵਿਚ ਗੁਰੂ, ਸ਼ਿਸ਼ ਦੀ ਆਯੂ ਬਾਰੇ ਕੁਝ ਨਹੀਂ ਦੱਸਿਆ ਗਿਆ, ਕੋਈ ਵੀ ਮਨੁੱਖ ਜਿਸ ਕੋਲ ਆਤਮਕ, ਅਧਿਆਤਮਕ ਗੁਣ ਹਨ। ਚਾਹੇ ਉਸ ਨੇ ਇਸ ਜਨਮ ਵਿਚ ਤਪਸਿਆ ਕਰਕੇ ਲਏ ਹਨ, ਚਾਹੇ ਉਸ ਦੇ ਪਿਛਲੇ ਜਨਮਾਂ ਦੀ ਤਪਸਿਆ ਦਾ ਫਲ ਹੈ, ਜਿਸ ਨੇ ਆਪਣਾ ਮਨ ਚਿਤ ਸਾਫ ਕਰ ਲਿਆ ਹੈ ਉਹ ਸਤਿ ਦੇ ਗਿਆਨ ਦਾ ਪਾਤਰ ਬਣ ਜਾਂਦਾ ਹੈ ਭਾਵੇਂ ਉਹ ਜਵਾਨ ਹੋਵੇ ਭਾਵੇਂ ਬੁੱਢਾ ਹੋਵੇ, ਬੀਬੀ ਹੋਵੇ ਭਾਵੇਂ ਭਾਈ ਹੋਵੇ।

ਤੁਸੀਂ ਬੁਢਾਪੇ ਵਿਚ ਵੀ ਅਰੰਭ ਕਰ ਸਕਦੇ ਹੋ, ਬੁਢਾਪਾ ਕੋਈ ਦੁਰਕਾਰਨ ਵਾਲੀ ਚੀਜ਼ ਨਹੀਂ ਹੈ, ਬੁਢਾਪੇ ਦੀ ਆਪਣੀ ਇਕ ਸ਼ਾਨ ਹੈ, ਸੁੰਦਰਤਾ ਹੈ, ਬਖਸ਼ਿਸ਼ ਹੈ, ਇਕ ਸਿਆਣਪ ਹੈ, ਇਕ ਪਰਪਕਤਾ ਹੈ। ਦੂਸਰੇ ਪਾਸੇ ਇਹ ਦੂਸਰਾ ਬਚਪਨ ਹੈ ਕਿਉਂਕਿ ਬੁਢਾਪੇ ਦਾ ਮਨ ਇਕ ਬੱਚੇ ਦਾ ਮਨ ਨਹੀਂ ਕਿਹਾ ਜਾ ਸਕਦਾ ਕਿਉਂਕਿ ਬੁਢਾਪੇ ਦਾ ਮਨ ਤਾਂ ਕਿਸੇ ਨਾ ਕਿਸ ਗੱਲ ਵਿਚ ਰੁਝਿਆ ਰਹਿੰਦਾ ਹੈ, ਡੁੱਬਿਆ ਰਹਿੰਦਾ ਹੈ ਪਰ ਜਿਹੜੇ ਵੀ ਸਤਿ ਦੇ ਮਾਰਗ ਤੇ ਚਲਣਾ ਚਾਹੁੰਦੇ ਹਨ, ਆਤਮਕ ਸਿੱਧੀ ਪ੍ਰਾਪਤ ਕਰਨ ਦੀ ਇੱਛਾ ਰਖਦੇ ਹਨ ਉਨ੍ਹਾਂ ਲਈ ਉਮਰ ਦਾ ਕੋਈ ਬੰਦੇਜ਼ ਹੀ ਨਹੀਂ, ਕੋਈ ਅੜਿੱਕਾ ਨਹੀਂ ਕਿਉਂਕਿ ਚਾਹੇ ਕੋਈ ਬੱਚਾ ਹੈ, ਕੋਈ ਜਵਾਨ ਹੈ, ਕੋਈ ਬੁੱਢਾ ਹੈ ਇਕ ਹੀ ਪ੍ਰਮਾਤਮਾ ਸਭ ਦੇ ਅੰਦਰ ਵਸਦਾ ਹੈ।

'ਆਤਮ ਮਾਰਗ' ਤੇ ਚੱਲਣ ਲਈ ਸਰੀਰ ਦੀ ਤਾਕਤ ਕੰਮ ਕਰਨ ਦੀ ਯੋਗਤਾ ਜਾਂ ਪ੍ਰਸੰਨਤਾ ਇਹ ਕੋਈ ਵੀ ਕਸਵੱਟੀ ਨਹੀਂ ਹੈ। ਆਤਮਾ ਤਾਂ ਸਰੀਰ ਦੇ ਤੱਤਾਂ ਤੋਂ ਬਿਲਕੁਲ ਦੂਰ ਹੀ ਰਹਿੰਦੀ ਹੈ। ਜਵਾਨਾਂ ਤੇ ਬੁੱਢਿਆਂ ਲਈ ਉਪਨਿਸ਼ਦ ਦਸਦੇ ਹਨ, ਤੁਸੀਂ ਬੀਬੀ ਹੋ, ਤੁਸੀਂ ਭਾਈ ਹੋ, ਤੁਸੀਂ ਨੌਜਵਾਨ ਹੋ, ਤੁਸੀਂ ਮੁਟਿਆਰ ਹੋ, ਤੁਸੀਂ ਬੁੱਢੇ ਹੋ, ਡੰਡਾ ਲੈ ਕੇ ਟੁਰਦੇ ਹੋ, ਤੁਸੀਂ ਵੱਖ-ਵੱਖ ਥਾਂ ਪੈਦਾ ਹੋਏ ਹੋ।

ਮਾਨਵ ਇਤਿਹਾਸ ਵਿਚ ਬਹੁਤ ਹੀ ਉਤਾਰ ਚੜ੍ਹਾਅ ਆਏ ਹਨ, ਸਤਿ ਨੂੰ ਖੋਜਣ ਲਈ ਬਹੁਤ ਹੀ ਔਕੜਾਂ ਦਾ ਸਾਮ੍ਹਣਾ ਕੀਤਾ ਹੈ ਪਰ ਅੱਜ ਵੀ ਅਜੇ ਸਾਡੀ ਸਭਿਅਤਾ ਕੋਈ ਬਹੁਤ ਚੰਗਾ ਸੁਚੱਜਾ ਸਮਾਜ ਨਹੀਂ ਬਣਾ ਸਕੀ, ਉਹ ਸਮਾਜ ਜਿਹੜਾ ਆਪਣੇ ਨੌਜਵਾਨਾਂ ਵਿਚ ਆਤਮ ਜਾਗਰਣ ਲਿਆ ਸਕੇ, ਉਨ੍ਹਾਂ ਵਿਚ ਆਤਮਕ ਸੋਧੀ ਲਿਆ ਸਕੇ। ਸਾਡੇ ਸਮਾਜ ਦੀਆਂ ਦੋ ਸਮੱਸਿਆਵਾਂ ਤਾਂ ਸਦਾ ਤੋਂ ਰਹੀਆਂ ਹਨ, ਬੁਢਾਪਾ ਤੇ ਆਲਸ, ਸੁਸਤੀ।

ਉਪਨਿਸ਼ਦ ਤੁਹਾਨੂੰ ਉਤਸ਼ਾਹ ਦਿੰਦੇ ਹਨ, ਪ੍ਰੇਰਨਾ ਦਿੰਦੇ ਹਨ, ਤੁਹਾਡੇ ਅੰਦਰ ਜੀਉਣ ਦੀ ਇੱਛਾ ਪੈਦਾ ਕਰਦੇ ਹਨ, ਤੁਸੀਂ ਸੌ ਸਾਲ ਤਕ ਜੀਓ,

ਨਾ ਕਿ ਕੇਵਲ ਤੁਸੀਂ ਇੰਦ੍ਰੀਆਂ ਦੇ ਪਿਛੇ ਲੱਗੇ ਫਿਰੋ, ਜੀਵਨ ਉਦੇਸ਼ ਜੀਵਨ ਮਨੋਰਥ ਨੂੰ ਸਮਝੋ। ਉਸ ਦੀ ਪ੍ਰਾਪਤੀ ਕਰੋ। ਜੇ ਜੀਵਨ ਕੇਵਲ ਅਗਿਆਨ ਵਿਚ ਬਤੀਤ ਕੀਤਾ ਜਾਵੇ, ਨਿਰਾਸਤਾ ਵਿਚ ਬਿਤਾਇਆ ਜਾਵੇ, ਜੀਵਨ ਦਾ ਉਦੇਸ਼ ਨਾ ਪ੍ਰਾਪਤ ਕੀਤਾ ਜਾਵੇ ਫੇਰ ਸੌ ਸਾਲ ਜੀਵਨ ਜੀਉਣ ਦਾ ਕੋਈ ਮਕਸਦ ਹੀ ਨਹੀਂ। ਜਿਹੜਾ ਜੀਵਨ ਕੇਵਲ ਉਤੇਜਿਤ ਹੋ ਕੇ ਜੋਸ਼ ਵਿਚ ਆ ਕੇ ਬਿਤਾਇਆ ਜਾਵੇ ਕੇਵਲ ਮੌਜ ਮੇਲੇ ਲਈ ਜੀਵਿਆ ਜਾਵੇ, ਉਹ ਮਨੁੱਖ ਨੂੰ ਛੇਤੀ ਹੀ ਦਿਵਾਲੀਆ ਬਣਾ ਦਿੰਦੀ ਹੈ ਤੇ ਮਨੁੱਖ ਕਦੀ ਵੀ ਆਪਣੇ ਆਪ ਨੂੰ ਸੁਰਖਿਅਤ ਨਹੀਂ ਸਮਝ ਸਕਦਾ।

ਆਤਮਕ ਜੀਵਨ ਮਨੁੱਖ ਨੂੰ ਨਿਰਭੈ ਬਣਾ ਦਿੰਦਾ ਹੈ ਤੇ ਮੋਹ ਦੇ ਬੰਧਨ ਤੋਂ ਮੁਕਤ ਕਰ ਦਿੰਦਾ ਹੈ। ਹਰ ਤਰ੍ਹਾਂ ਦੇ ਸੰਤਾਪ ਤੇ ਦੁਖ ਤੋਂ ਮੁਕਤ ਕਰ ਦਿੰਦਾ ਹੈ ਤੇ ਅੰਤ ਵਿਚ ਆਤਮ ਸਿੱਧੀ ਪ੍ਰਾਪਤ ਹੋ ਜਾਂਦੀ ਹੈ। ਆਤਮ ਸਿੱਧੀ ਦੇ ਮਾਰਗ ਤੇ ਚਲ ਕੇ ਤੁਸੀਂ ਵਧਦੇ ਫੁਲਦੇ ਹੋ, ਆਪਣੇ ਆਪ ਨੂੰ ਪ੍ਰਗਟ ਕਰਦੇ ਹੋ। ਇਹ ਅਨੁਭਵ ਕਰਦੇ ਹੋ ਕਿ ਸਤਿ ਜੀਵਨ ਨੂੰ ਕਿੰਨਾ ਸੋਹਣਾ ਬਣਾ ਦਿੰਦਾ ਹੈ। ਮਨੁੱਖ ਸਿਰਜਨਆਤਮਕ ਬਣ ਜਾਂਦਾ ਹੈ, ਗਿਆਨਮਈ ਹੋ ਜਾਂਦਾ ਹੈ। ਉਪਨਿਸ਼ਦ ਤੁਹਾਨੂੰ ਹਾਸੇ ਤੋਂ, ਹਰ ਪ੍ਰਕਾਰ ਦੇ ਮੌਜ ਮੇਲੇ ਤੋਂ ਵਾਂਝਿਆਂ ਨਹੀਂ ਰਖਦੇ ਉਹ ਤਾਂ ਮੌਜ ਮਸਤੀ ਕਰਨ ਦਾ ਇਕ ਸਹੀ, ਠੀਕ ਤਰੀਕਾ ਦਸਦੇ ਹਨ, ਹਾਂ ਤੁਹਾਨੂੰ ਮੰਤਵ ਪਤਾ ਹੋਣਾ ਚਾਹੀਦਾ ਹੈ।

ਈਸ਼ ਉਪਨਿਸ਼ਦ ਦਸਦਾ ਹੈ, ਭੋਗ ਵਿਲਾਸ, ਖੁਸ਼ੀ, ਅਨੰਦ ਤਿਆਗ ਰਾਹੀਂ ਮਾਣੋ। ਇਹ ਹੀ ਕੇਵਲ ਇਕ ਰਸਤਾ ਹੈ ਜਿਸ ਨਾਲ ਬੰਧਨ ਨਹੀਂ ਪੈਂਦਾ, ਜੋ ਵੀ ਅਸੀਂ ਕਰੀਏ ਉਹ ਸਾਡੀ ਅਧਿਆਤਮਕਤਾ ਨੂੰ ਹੋਰ ਡੂੰਘਾ ਕਰਦੇ ਚਲੇ ਜਾਂਦੇ ਹਨ। ਸੰਸਾਰੀ ਗਿਆਨ ਸੰਸਾਰੀ ਭੋਗ ਵਿਲਾਸ ਸੰਸਾਰਕ ਜੀਵਨ ਦਾ ਅਨੰਦ ਮਾਨਣਾ ਸਿਖਾਂਦਾ ਹੈ, ਜਦੋਂ ਕਿ ਉਪਨਿਸ਼ਦਾਂ ਦਾ ਗਿਆਨ ਤੁਹਾਨੂੰ ਸਤਿ ਦਾ ਜੀਵਨ ਜੀਉਣ, ਅਨੰਦ ਮਾਨਣ ਵਿਚ ਸਹਾਇਕ ਹੁੰਦਾ ਹੈ, ਇਹ ਹੀ ਨਹੀਂ ਸੰਸਾਰਕ ਸੁੱਖ ਵੀ ਮਾਨਣ ਵਿਚ ਸਹਾਈ ਹੁੰਦਾ ਹੈ।

ਉਪਨਿਸ਼ਦ ਦਸਦੇ ਹਨ ਕਿ ਆਤਮਕ ਸਿੱਧੀ ਇਸੇ ਜੀਵਨ ਵਿਚ ਪ੍ਰਾਪਤ ਕੀਤੀ ਜਾ ਸਕਦੀ ਹੈ ਜੇ ਤੁਸੀਂ ਪੂਰੀ ਚੇਤਨਾ ਨਾਲ ਪੂਰੀ ਤਨਮੈਤਾ ਨਾਲ ਸੁਹਿਰਦਤਾ ਨਾਲ, ਸੱਚੇ ਮਨ ਨਾਲ ਕੋਸ਼ਿਸ਼ ਕਰੋ, ਘਾਲਣਾ ਘਾਲੋ। ਇਹ ਤਾਂ ਹੋ ਸਕਦਾ ਹੈ ਕਿ ਇੰਦ੍ਰੀਆਂ ਦਾ ਭੋਗ ਤਾਂ ਸਵਰਗ ਵਿਚ ਭੋਗਿਆ ਜਾ ਸਕਦਾ ਹੈ ਪਰ ਇਹ ਕਿਤੇ ਵੀ ਉਪਨਿਸ਼ਦ ਵਿਚ ਨਹੀਂ ਦਸਦੇ ਕਿ ਆਤਮਕ ਸਿੱਧੀ ਕਿਤੇ ਹੋਰ ਜਾਂ ਸਵਰਗ ਵਿਚ ਪ੍ਰਾਪਤ ਕੀਤੀ ਜਾ ਸਕਦੀ

ਹੈ। ਕੋਈ ਵੀ ਗ੍ਰੰਥ ਇਹ ਨਹੀਂ ਕਹਿੰਦਾ ਕਿ ਆਤਮਕ ਸਿੱਧੀ ਸਵਰਗ ਵਿਚ ਪ੍ਰਾਪਤ ਕੀਤੀ ਜਾ ਸਕਦੀ ਹੈ ਭਾਵੇਂ ਤੁਸੀਂ ਇਸ ਧਰਤੀ ਤੇ ਕੁਝ ਨਾ ਕਰੋ।

ਜਿਸ ਗੁਣ ਕਾਰਣ ਤੁਸੀਂ ਸਵਰਗ ਵਿਚ ਪਹੁੰਚਦੇ ਹੋ, ਉਹ ਸਦੈਵ ਨਹੀਂ ਹੈ ਉਹ ਤਾਂ ਛਿਨ ਭੰਗਰ ਹੈ। ਇੰਦ੍ਰੀਆਂ ਦਾ ਭੋਗ ਤੇ ਹੋਰ ਬਾਹਰ ਦੇ ਰੰਗ ਤਮਾਸ਼ੇ ਤਾਂ ਬਹੁਤ ਹੀ ਥੋੜ੍ਹੀ ਦੇਰ ਦੇ ਹਨ ਤੇ ਕਦੀ ਨਾ ਕਦੀ ਤਾਂ ਮਨੁੱਖ ਨੂੰ ਥਕਾ ਹੀ ਦਿੰਦੇ ਹਨ। ਉਪਨਿਸ਼ਦ ਦਸਦੇ ਹਨ। ਹੁਣੇ ਇਸੇ ਸਮੇਂ ਸਤਿ ਦੀ ਪ੍ਰਾਪਤੀ ਸਿੱਖੋ, ਹੁਣੇ ਕਰੋ ਇਸ ਵਿਚ ਕੋਈ ਢਿੱਲ ਨਾ ਕਰੋ, ਇਸ ਦੀ ਪ੍ਰਾਪਤੀ ਤੁਸੀਂ ਇਸ ਜੀਵਨ ਵਿਚ ਇਸ ਸਰੀਰ ਵਿਚ ਹੀ ਰਹਿ ਕੇ ਕਰ ਸਕਦੇ ਹੋ। ਜੀਵਨ ਬਹੁਤ ਹੀ ਬੋਝਲ ਹੋ ਜਾਵੇਗਾ ਜੇ ਕੇਵਲ ਮੌਜ ਮੇਲਾ ਤੇ ਮਸਤੀ ਦਾ ਹੀ ਜੀਵਨ ਹੋਵੇਗਾ, ਜੇ ਉਸ ਵਿਚ ਆਤਮਕ ਗਿਆਨ ਪ੍ਰਾਪਤੀ ਦੀ ਇੱਛਾ ਨਹੀਂ ਹੋਵੇਗੀ।

ਜੀਵਨ ਸਿਰਜਨਾਤਮਕ, ਫਲਦਾਈ, ਚੰਗਾ ਉਪਯੋਗੀ, ਉਪਕਾਰੀ ਉਦੋਂ ਹੀ ਹੁੰਦਾ ਹੈ ਜਦੋਂ ਸਤਿ ਵਲ ਜਾਂਦਾ ਹੈ। ਪੂਰਨਤਾ ਵਲ ਜਾਂਦਾ ਹੈ। ਇਸ ਵਿਹੁਮਈ ਜੀਵਨ ਦੇ ਰੁਖ ਤੇ ਦੋ ਫਲ ਹਨ, ਆਪਣੀ ਹੋਂਦ ਤੇ ਦੂਸਰਾ ਹੈ ਆਤਮਕ ਸਿੱਧੀ। ਜੇ ਤੁਸੀਂ ਸੌ ਸਾਲ ਜੀਉਣ ਦੀ ਇੱਛਾ ਰਖਦੇ ਹੋ, ਤੁਹਾਨੂੰ ਆਤਮ ਸਿੱਧੀ, ਆਤਮਕ ਪ੍ਰਾਪਤੀ ਲਈ ਬਹੁਤ ਸਮਾਂ, ਬਹੁਤ ਅਵਸਰ ਮਿਲ ਜਾਣਗੇ ਤੇ ਤੁਸੀਂ ਪੂਰਨਤਾ ਪ੍ਰਾਪਤ ਕਰ ਸਕੋਗੇ।

ਕੇਵਲ ਇੰਦ੍ਰੀਆਂ ਦੇ ਭੋਗ ਲਈ ਜੀਵਨ ਜੀਉਣਾ ਮਨੁੱਖ ਨੂੰ ਕੇਵਲ ਨਿਰਸਤਾ ਹੀ ਦੇ ਸਕਦਾ ਹੈ। ਭੋਗਾਂ ਨਾਲ ਕਦੀ ਵੀ ਜੀਵਨ ਸ਼ਾਂਤਮਈ ਨਹੀਂ ਬਣ ਸਕਦਾ, ਇਸ ਤਰ੍ਹਾਂ ਕਰਨ ਨਾਲ ਜੀਵਨ ਖਾਲੀ ਹੀ ਰਹਿੰਦਾ ਹੈ। ਜੀਵਨ ਵਿਚ ਕੇਵਲ ਭੈ, ਹਨ੍ਹੇਰਾ ਤੇ ਅਸੁਰਖਿਆ ਹੀ ਰਹਿੰਦੀ ਹੈ। ਉਪਨਿਸ਼ਦ ਕਹਿੰਦੇ ਹਨ, ਜਾਗੋ ਗਿਆਨ ਪ੍ਰਾਪਤ ਕਰੋ ਤੇ ਸੁਤੰਤਰ ਹੋ ਜਾਓ।

ਅੱਜ ਦਾ ਸੰਸਾਰ ਬਹੁਤ ਹੀ ਤੇਜ਼ ਗਤੀ ਨਾਲ ਚਲ ਰਿਹਾ ਹੈ ਹਰ ਦਿਨ ਰਾਤ ਗਤੀ ਹੀ ਜਾਂਦੀ ਹੈ। ਮਨੁੱਖ ਸਹਿਮਿਆ ਖੜ੍ਹਾ ਹੈ ਉਸ ਨੂੰ ਆਪਣੀਆਂ ਜੜ੍ਹਾਂ ਦਾ ਪਤਾ ਹੀ ਨਹੀਂ। ਅੱਜ ਦਾ ਮਨੁੱਖ ਆਪਣੇ ਆਪ ਨੂੰ ਇਨ੍ਹਾਂ ਹਾਲਾਤਾਂ ਵਿਚ ਘਿਰਿਆ ਮਹਿਸੂਸ ਕਰਦਾ ਹੈ, ਉਸ ਦਾ ਪਛੋਕੜ ਤਾਂ ਮੁੜ ਕੇ ਆ ਨਹੀਂ ਸਕਦਾ। ਉਸ ਦੇ ਵਰਤਮਾਨ ਦਾ ਕੋਈ ਭਰੋਸਾ ਨਹੀਂ, ਉਸ ਦੇ ਭਵਿੱਖ ਤੇ ਇਕ ਵੱਡਾ ਸਾਰਾ ਪ੍ਰਸ਼ਨ ਚਿੰਨ ਲੱਗਾ ਹੋਇਆ ਹੈ। ਅੱਜ ਤਕ ਕਦੀ ਵੀ ਮਨੁੱਖੀ ਇਤਿਹਾਸ ਵਿਚ ਅੱਜ ਤੋਂ ਪਹਿਲਾਂ ਮਨੁੱਖ ਨੇ ਏਨਾ ਹਨ੍ਹੇਰਾ ਮਹਿਸੂਸ ਨਹੀਂ ਕੀਤਾ ਜੋ ਉਹ ਅੱਜ ਕਰ ਰਿਹਾ ਹੈ, ਜਦੋਂ

ਕਿ ਉਸ ਕੋਲ ਹਰ ਤਰ੍ਹਾਂ ਦਾ ਸੁੱਖ ਮਾਇਆ ਸਾਰਾ ਸਾਮਾਨ ਪਹਿਲਾਂ ਤੋਂ ਕਿਤੇ ਵਧ ਹੈ।

ਅੱਜ ਦੀ ਆਰਥਕ ਸਥਿਤੀ ਹੀ ਅੱਜ ਦੇ ਮਨੁੱਖ ਨੂੰ ਚਲਾਉਂਦੀ ਹੈ। ਸਾਰੇ ਉਸ ਦੀ ਮਾਰਗ ਦਰਸ਼ਕ ਹੈ, ਫੇਰ ਵੀ ਅੱਜ ਦਾ ਮਨੁੱਖ ਗਿਆਨ ਪ੍ਰਾਪਤੀ ਲਈ ਚੇਸ਼ਟਾ ਰਖਦੇ ਹਨ। ਉਨ੍ਹਾਂ ਦੱ ਦਿਲ ਸਤਿ ਪ੍ਰਾਪਤੀ ਲਈ ਤੜਫਦਾ ਹੈ। ਜੀਵਨ ਲਈ, ਅਰੋਗਤਾ ਲਈ ਬੇਹਬਲ ਹਨ। ਪੁਰਾਤਨ ਅਰਦਾਸ, ਪੁਰਾਤਨ ਭਗਤੀ ਸੰਗੀਤ ਅੱਜ ਦੇ ਮਨੁੱਖ ਦੇ ਕੰਨਾਂ ਵਿਚ ਗੂੰਜਦਾ ਹੈ। ਉਸ ਨੂੰ ਇਹ ਪੁਕਾਰ ਸੁਣਦੀ ਹੈ ਹੇ ਪ੍ਰਭੂ! ਮੈਨੂੰ ਅਸਤਿ ਤੋਂ ਸਤਿ ਵਲ ਲੈ ਜਾ, ਅਗਿਆਨ ਤੋਂ ਗਿਆਨ ਵਲ ਲੈ ਜਾ। ਮੌਤ ਤੋਂ ਮੈਨੂੰ ਅਮਰ ਕਰ ਦੇ।

ਮੁਕਤੀ, ਮੋਕਸ਼ ਦੇ ਨਾਲ ਦੋ ਧਾਰਨਾਵਾਂ ਜੁੜੀਆਂ ਹੋਈਆਂ ਹਨ। ਪੂਰਬ ਦੇ ਲੋਕਾਂ ਦੇ ਮਨ ਵਿਚ ਡਰ ਹੈ, ਦਾਰਸ਼ਨਕ ਦੇ ਮਨ ਵੀ ਡਰੇ ਹੋਏ ਹਨ। ਡਰ ਹੈ ਪੁਨਰ ਜਨਮ ਦਾ। ਆਤਮ ਮਾਰਗ ਦਾ ਅਨੰਦ ਜਾਂਦਾ ਰਹਿੰਦਾ ਹੈ ਜੇ ਹਰ ਸਮੇਂ ਮਨ ਵਿਚ ਇਹ ਡਰ ਲੱਗਾ ਰਹੇ ਕਿ ਮੈਂ ਅਸਫਲ ਹਾਂ। ਅੱਜ ਦੇ ਮਨੁੱਖ ਨੇ ਆਪਣੇ ਲਈ ਕੋਈ ਫਿਲਾਸਫੀ ਨਹੀਂ ਲੱਭੀ। ਕੋਈ ਐਸਾ ਆਦਰਸ਼ ਨਹੀਂ ਲੱਭਿਆ ਜਿਹੜਾ ਉਸ ਦਾ ਮਾਰਗ ਦਰਸ਼ਨ ਕਰ ਸਕੇ, ਨਾ ਅੰਦਰੋਂ ਨਾ ਹੀ ਬਾਹਰੋਂ।

ਪੂਰਬੀ ਤੇ ਪੱਛਮੀ ਫਿਲੌਸਫਰ ਦੋਨੋਂ ਹੀ ਸੰਸਾਰ ਦੇ ਵਿਸ਼ੇਲੇਸ਼ਨ ਕਰਦੇ ਹਨ। ਜੀਵਨ ਤੋਂ ਲੈ ਕੇ ਮਰਨ ਤਕ ਦੀ ਲਕੀਰ ਦੇਖਦੇ ਹਨ। ਇਹ ਮਹਿਸੂਸ ਕਰਦੇ ਹਨ ਕਿ ਜੀਵਨ ਜਨਮ ਤੋਂ ਮਰਨ ਤਕ ਦੀ ਲਕੀਰ ਵਿਚ ਹੀ ਲਟਕਿਆ ਹੋਇਆ ਹੈ। ਮਜ਼ਹਬ ਦੇ ਲੋਕ ਵੀ ਪਾਪ ਤੇ ਡਰ ਬਾਰੇ ਹੀ ਗੱਲਾਂ ਕਰਦੇ ਹਨ। ਇਕ ਵਾਰੀ ਕਿਸੇ ਮਹਾਂਪੁਰਖ ਨੂੰ ਪੁਛਿਆ, ਕੀ ਤੁਸੀਂ ਰੱਬ ਨੂੰ ਪਿਆਰ ਕਰਦੇ ਹੋ? ਉਹ ਕਹਿਣ ਲੱਗਾ, ਬਿਲਕੁਲ। ਉਸ ਦਾ ਦੂਸਰਾ ਪ੍ਰਸ਼ਨ ਸੀ ਕੀ ਤੁਸੀਂ ਸ਼ੈਤਾਨ ਨੂੰ ਰਾਕਸ਼ਸ਼ ਨੂੰ ਨਫਰਤ ਨਹੀਂ ਕਰਦੇ? ਪਰ ਮਹਾਂਪੁਰਸ਼ਾਂ ਨੇ ਉਤਰ ਦਿਤਾ, ਮੇਰਾ ਪ੍ਰਮਾਤਮਾ ਇਕ ਸਕਿੰਟ ਲਈ ਵੀ ਉਹ ਸਮਾਂ ਨਹੀਂ ਦਿੰਦਾ ਜਿਸ ਨਾਲ ਮੈਂ ਸ਼ੈਤਾਨ ਨੂੰ ਨਫਰਤ ਕਰ ਸਕਾਂ। ਸੰਤ ਟਰੀਸਾ ਨੇ ਕਿਹਾ, "ਹੇ ਪ੍ਰਮਾਤਮਾ! ਸਾਨੂੰ ਗੁੱਸੇ ਵਾਲੇ ਮਹਾਂਪੁਰਸ਼ਾਂ ਤੋਂ ਬਚਾਈਂ। ਸੁਕਰਾਤ ਗੁਰੂ ਨਾਨਕ ਦੇਵ ਜੀ, ਕਬੀਰ ਜੀ ਤੇ ਹੋਰ ਕਿੰਨੇ ਹੀ ਐਸੇ ਸੰਤ ਹੋਏ ਹਨ ਜਿਹੜੇ ਹਸਦੇ ਖੇਡਦੇ ਮਖੌਲ ਕਰਦੇ ਰਹਿੰਦੇ ਸੀ।

ਕਈ ਫਿਲੌਸਫਰਾਂ ਦੇ ਮਨ ਵਿਚ ਭੈ ਪੂਰੀ ਤਰ੍ਹਾਂ ਘਰ ਕਰਕੇ ਬੈਠਾ ਹੈ।

ਉਹ ਪ੍ਰਾਰਥਨਾ ਕਰਦੇ ਹਨ ਪ੍ਰਮਾਤਮਾ ਦੀ ਬਖਸ਼ਿਸ਼ ਮੰਗਦੇ ਹਨ ਪਰ ਉਹ ਡਰੇ ਰਹਿੰਦੇ ਹਨ, ਪੁਨਰ ਜਨਮ ਤੋਂ ਡਰਦੇ ਹਨ। ਡਰ ਤੇ ਪੁਨਰ ਜਨਮ ਨਖੇਦੀ ਦੀ ਮਨੋਬਿਰਤੀ ਪੈਦੀ ਕਰਦੀਆਂ ਹਨ। ਇਹ ਨਖੇਦੀ ਦੀ ਸੋਚ ਪਿਛਲੇ ਹਜ਼ਾਰਾਂ ਸਾਲਾਂ ਤੋਂ ਫਿਲੋਸਫਰਾਂ ਦੇ ਮਨ ਅੰਦਰ ਘਰ ਕਰਕੇ ਬੈਠੀ ਹੈ ਇਸ ਨਾਲ ਮਨੁੱਖ ਅਸੰਵੇਦਨਸ਼ੀਲ ਹੋ ਜਾਂਦਾ ਹੈ। ਆਪਣੀ ਡਿਊਟੀ ਨਹੀਂ ਠੀਕ ਕਰਦਾ, ਆਪਣੇ ਸਬੰਧ ਠੀਕ ਤਰ੍ਹਾਂ ਨਹੀਂ ਨਿਬਾਹ ਸਕਦਾ ਤੇ ਇਹੋ ਜਿਹੇ ਦਾਰਸ਼ਨਿਕ 'ਆਤਮ ਮਾਰਗ' ਤੇ ਵੀ ਠੀਕ ਤਰ੍ਹਾਂ ਨਹੀਂ ਚਲ ਸਕਦੇ। ਨਾ ਹੀ ਆਪਣੀਆਂ ਸਮਾਜਿਕ ਜ਼ਿੰਮਵਾਰੀਆਂ ਠੀਕ ਤਰ੍ਹਾਂ ਨਾਲ ਨਿਬਾਹ ਸਕਦੇ ਹਨ। ਭੈ ਨਾਲ ਖਤਰਾ ਪੈਦਾ ਹੁੰਦਾ ਹੈ ਤੇ ਵਿਅਕਤੀਤ੍ਵ ਤੇ ਪ੍ਰਭਾਵ ਪੈਂਦਾ ਹੈ ਤੇ ਮਨੁੱਖ ਇਕ ਪਖੰਡੀ ਬਣ ਕੇ ਰਹਿ ਜਾਂਦਾ ਹੈ।

ਜੇ ਕੋਈ ਸਮਾਜਿਕ ਨੈਤਿਕਤਾ ਨਿਭਾਏ ਬਿਨਾਂ ਅਧਿਆਤਮਵਾਦ ਤੇ ਚਲਦਾ ਹੈ, ਉਹ ਕਦੀ ਵੀ ਸੰਤੁਸ਼ਟ ਨਹੀਂ ਰਹਿ ਸਕਦਾ। ਸਾਰੇ ਮਜ਼ਹਬ, ਭਾਵੇਂ ਹਿੰਦੂ, ਬੋਧੀ, ਜੈਨ ਕੋਈ ਵੀ ਕਿਉਂ ਨਾ ਹੋਵੇ, ਸਾਰੇ ਹੀ ਤਿਆਗ ਦੇ ਅਨੁਆਈ ਹਨ ਤੇ ਆਪਣੀ ਡਿਊਟੀਆਂ ਨੂੰ ਪੂਰਾ ਕਰਨ ਵਿਚ ਵਿਸ਼ਵਾਸ਼ ਨਹੀਂ ਰਖਦੇ। ਤਿਆਗ ਨੂੰ ਕਦੀ ਵੀ ਪਲਾਇਨ ਨਹੀਂ ਲੈਣਾ ਚਾਹੀਦਾ। ਇਸ ਤੋਂ ਉਲਟ ਸਦਾ ਹੀ ਆਤਮ ਮਾਰਗ ਦੇ ਗੁਣਾਂ ਦਾ ਮੁੱਢ ਸਮਝਣਾ ਚਾਹੀਦਾ ਹੈ। ਉਹ ਮੁੱਢ ਜਿਹੜਾ ਅਭਿਆਸ ਨਾਲ ਪ੍ਰਾਰਥਨਾ ਨਾਲ, ਧਿਆਨ ਲਗਾਉਣ ਨਾਲ ਆਉਂਦਾ ਹੈ।

ਉਪਨਿਸ਼ਦਾਂ ਦੀ ਫਿਲੋਸਫੀ ਤਾਂ ਜਗਿਆਸੂ ਨੂੰ ਨਿਰਭੈ ਬਣਾਉਂਦੀ ਹੈ, ਸ਼ਕਤੀ ਦਿੰਦੀ ਹੈ। ਅੰਤਮ ਸਤਿ ਪ੍ਰਤੀ ਚੇਤਨਤਾ, ਅਨੰਦ ਦੇ ਗੁਣ, ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਹੋਣਾ ਇਹ ਸਭ ਉਪਨਿਸ਼ਦਾਂ ਦੀ ਹੀ ਸਿਖਿਆ ਹੈ। ਭੈ ਤੋਂ ਮੁਕਤ ਹੋ ਕੇ ਹੀ ਸੁਤੰਤਰਤਾ ਦਾ ਅਹਿਸਾਸ ਹੋ ਸਕਦਾ ਹੈ। ਸਤਿ ਲਈ ਚੇਤਨਾ ਵੀ ਉਦੋਂ ਹੀ ਜਾਗਰੂਪ ਹੁੰਦੀ ਹੈ। ਵਾਸਤਵਿਕ ਸਤਿ ਤਾਂ ਉਦੋਂ ਹੀ ਪ੍ਰਾਪਤ ਹੁੰਦਾ ਹੈ ਜਦੋਂ ਮਨੁੱਖ ਆਪਣੇ ਆਪ ਨੂੰ ਜਾਣ ਲੈਂਦਾ ਹੈ ਤੇ ਡਰ ਤੇ ਸੰਤਾਪ ਤੋਂ ਮੁਕਤ ਹੋ ਜਾਂਦਾ ਹੈ।

ਉਹ ਭਾਗਾਂ ਵਾਲੇ ਹਨ ਜਿਹੜੇ ਭੈ ਰਹਿਤ ਹਨ ਤੇ ਵਾਹਿਗੁਰੂ ਨੂੰ ਹਰੇਕ ਚੀਜ਼ ਵਿਚ ਦੇਖਦੇ ਹਨ, ਨਾਸ਼ਵੰਦ ਵਿਚ ਵੀ ਅਨਾਸ਼ਵਰ ਵਿਚ ਵੀ। ਪੁਨਰ ਜਨਮ ਦਾ ਡਰ, ਮਰਨ ਦਾ ਡਰ, ਜੋ ਕੁਝ ਵੀ ਹੈ ਉਸ ਨੂੰ ਛੱਡ ਦੇਣ ਦਾ ਡਰ, ਜਿਸ ਚੀਜ਼ ਦੀ ਇੱਛਾ ਹੈ ਉਸ ਨੂੰ ਪ੍ਰਾਪਤ ਨਾ ਕਰ ਸਕਣ ਦਾ ਡਰ। ਇਹ ਸਭ ਕੁਝ ਡਰ ਹੀ ਤਾਂ ਪੈਦਾ ਕਰਦਾ ਹੈ। ਡਰ ਤੇ ਬੁਜ਼ਦਿਲੀ ਇਹ ਦੋਨੋਂ ਹੀ ਬੜੇ ਭਾਰੇ ਦੁਸ਼ਮਨ ਹਨ, ਇਹ ਤਾਂ ਮੌਤ ਤੋਂ ਵੀ ਵੱਡੇ ਦੁਸ਼ਮਨ

ਹਨ। ਸ਼ੈਕਸ਼ਪੀਅਰ ਨੇ ਆਪਣੇ ਡਰਾਮੇ ਜੂਲੀਅਸ ਸੀਜ਼ਰ ਵਿਚ ਲਿਖਿਆ ਹੈ, ਬੁਜ਼ਦਿਲ ਮਰਨ ਤੋਂ ਪਹਿਲਾਂ ਹੀ ਬਹੁਤ ਵਾਰੀ ਮਰਦੇ ਹਨ ਤੇ ਬਹਾਦਰ ਤਾਂ ਕੇਵਲ ਇਕ ਵਾਰੀ ਹੀ ਮਰਦੇ ਹਨ।

ਉਪਨਿਸ਼ਦ ਸ਼ਕਤੀ ਦਾ ਭੰਡਾਰ ਹਨ, ਅਧਿਆਤਮਕ ਸ਼ਕਤੀ ਭਰੀ ਪਈ ਹੈ। ਉਪਨਿਸ਼ਦ ਪੜ੍ਹ ਕੇ ਜਗਿਆਸੂ ਆਤਮਕ ਮਾਰਗ ਤੇ ਤਾਂ ਚਲਦਾ ਹੀ ਹੈ ਨਾਲ ਹੀ ਬਹਾਦਰ ਵੀ ਬਣਦਾ ਹੈ। ਸਤਿ ਦਾ ਗਿਆਨ ਜਗਿਆਸੂ ਨੂੰ ਅਮਰ ਬਣਾ ਦਿੰਦਾ ਹੈ, ਉਹ ਮਨੁੱਖ ਦੀ ਆਤਮ ਦਾ ਅਮਰ ਹੋਣਾ ਦਸਦਾ ਹੈ। ਜਿੰਨੇ ਵਧੇਰੇ ਤੁਸੀਂ ਅਧਿਆਤਮ ਬਣਦੇ ਜਾਓ, ਓਨੇ ਹੀ ਵੱਧ ਨਿਰਭੈ ਹੁੰਦੇ ਜਾਂਦੇ ਹੋ, ਓਨੇ ਹੀ ਵਧੇਰੇ ਕੋਮਲ ਤੇ ਦਇਆਵਾਨ ਹੁੰਦੇ ਜਾਂਦੇ ਹੋ। ਕੋਈ ਵੀ ਚੀਜ਼ ਜਿਹੜੀ ਤੁਹਾਨੂੰ ਸਰੀਕ ਪੱਖੋਂ ਕਮਜ਼ੋਰ ਕਰੇ, ਮਾਨਸਕ ਪੱਖੋਂ ਕਮਜ਼ੋਰ ਕਰੇ ਜਾਂ ਅਧਿਆਤਮਕ ਪੱਖੋਂ ਕਮਜ਼ੋਰ ਕਰੇ ਇਨ੍ਹਾਂ ਨੂੰ ਰੁਕਾਵਟ ਹੀ ਦੇਖਿਆ ਜਾਣਾ ਚਾਹੀਦਾ ਹੈ, ਇਹ ਆਤਮ ਮਾਰਗ ਤੇ ਸੰਕਟ ਹਨ।

ਸਤਿ ਦੀ ਖੋਜ ਬਹੁਤ ਹੀ ਸ਼ਕਤੀਦਾਇਕ ਬਲਕਾਰੀ, ਉਤੇਜਕ ਤੇ ਗਿਆਨ ਪ੍ਰਬੋਧਕ ਹੈ। ਅਧਿਆਤਮਕਤਾ ਦਾ ਪਤਨ ਉਦੋਂ ਹੁੰਦਾ ਹੈ ਜਦੋਂ ਮਜ਼ਹਬ ਦੇ ਪੈਰੋਕਾਰ ਦੁਰਬਲ ਕਮਜ਼ੋਰ ਪੈ ਜਾਂਦੇ ਹਨ ਤੇ ਉਹ ਨਿਰਭੈ ਹੋ ਕੇ ਸਤਿ ਨੂੰ ਨਹੀਂ ਪ੍ਰਚਾਰ ਸਕਦੇ।

ਸੱਚਾ ਜਗਿਆਸੂ ਕਦੀ ਵੀ ਸਵਰਗ ਜਾਣ ਦੀ ਇੱਛਾ ਨਹੀਂ ਰੱਖੇਗਾ। ਉਹ ਜਾਣਦਾ ਹੈ ਕਿ ਸਵਰਗ ਦੇ ਸੁਖ ਤਾਂ ਛਿਨ ਭੰਗਰ ਦੇ ਹਨ ਉਹ ਤਾਂ ਭੋਗਾਂ ਵਿਚ ਹੀ ਡੁੱਬ ਜਾਵੇਗਾ। ਇਸ ਤਰ੍ਹਾਂ ਉਹ ਆਪਣੇ ਅੰਦਰ ਵਸਦੇ ਪ੍ਰਮਾਤਮਾ ਨੂੰ ਹੀ ਭੁੱਲ ਜਾਵੇਗਾ, ਨਹੀਂ ਦੇਖ ਸਕੇਗਾ। ਸਵਰਗ ਵਿਚ ਐਨੇ ਸੁਖ ਆਰਾਮ ਹਨ ਕਿ ਛੇਤੀ ਹੀ ਤੁਸੀਂ ਪਤਨ ਦੇ ਰਾਹ ਤੇ ਪੈ ਜਾਂਦੇ ਹੋ। ਉਸ ਪਸ਼ਚਾਤ ਫੇਰ ਕੋਸ਼ਿਸ਼ ਕਰਕੇ ਤੁਹਾਨੂੰ ਆਤਮ ਮਾਰਗ ਤੇ ਚੱਲਣਾ ਪੈਂਦਾ ਹੈ। ਇਹ ਮਨੁੱਖੀ ਜਨਮ ਇਹ ਦੁਰਲਭ ਦੇਹੀ ਨੂੰ ਅਜਾਈਂ ਨਹੀਂ ਗੁਆਉਣਾ ਚਾਹੀਦਾ। ਨਾ ਤਾਂ ਇਸ ਜੀਵਨ ਨੂੰ ਪਛਤਾਵੇ ਵਿਚ ਗੁਆਓ, ਨਾ ਹੀ ਅੱਗੇ ਦਾ ਸੋਚ ਕੇ ਗੁਆਓ, ਵਰਤਮਾਨ ਵਿਚ ਰਹਿ ਕੇ ਪ੍ਰਭੂ ਦੇ ਗੁਣ ਗਾ ਕੇ ਹੀ ਇਸ ਮਨੁੱਖਾ ਜਨਮ ਦਾ ਲਾਹਾ ਖੱਟੋ।

## ਮੰਡੂਕ ਉਪਨਿਸ਼ਦ

ਮੰਡੂਕ ਉਪਨਿਸ਼ਦ ਅਥਰਵੇਦ ਵਿਚੋਂ ਲਿਆ ਗਿਆ ਹੈ ਤੇ ਸ਼ੌਨਕਿਆ ਸਾਖਾ ਦੇ ਸਮੇਂ ਦਾ ਹੈ ਕਿਉਂਕਿ ਸ਼ੌਨਕਿਆ ਨੂੰ ਅੰਗੀਰਸ ਨੇ ਇਸ ਦੀ ਸਿਖਿਆ ਦਿਤੀ ਸੀ। ਅੰਗੀਰਸ ਨੇ ਇਹ ਵਿਦਿਆ ਸਤਿਆਵਾਹ ਭਾਰਦੁਆਜ ਤੋਂ ਜੋ ਕਿ ਅਥਰਵ ਦਾ ਸ਼ਗਿਰਦ ਸੀ ਤੇ ਬ੍ਰਹਮਾ ਦਾ ਵੱਡਾ ਪੁੱਤਰ ਸੀ, ਉਸ ਤੋਂ ਲਈ ਸੀ। ਇਸ ਵਿਦਿਆ ਨੂੰ ਪਰਾ ਵਿਦਿਆ ਕਹਿੰਦੇ ਹਨ (ਦੂਸਰੇ ਸੰਸਾਰ ਦੀ ਵਿਦਿਆ ਅਗਲੇ ਸੰਸਾਰ ਦੀ ਵਿਦਿਆ) ਇਸ ਨੂੰ ਸਰਵ

ਵਿਦਿਆ ਪਰਤਿਸ਼ਠਾ ਵੀ ਕਿਹਾ ਜਾਂਦਾ ਹੈ ਭਾਵ ਸਾਰੀਆਂ ਦੀ ਸਰੋਤ ਜਿਥੋਂ ਸਾਰੀਆਂ ਵਿਦਿਆ ਸੁਰੂ ਹੋਈਆਂ ਹਨ।

ਇਸ ਉਪਨਿਸ਼ਦ ਦੀ ਪਰਾ ਵਿਦਿਆ ਜਾਂ ਜਿਸ ਨੂੰ ਤੁਸੀਂ ਬ੍ਰਹਮ ਗਿਆਨ ਕਹਿੰਦੇ ਹੋ, ਜੋ ਇਸ ਉਪਨਿਸ਼ਦ ਵਿਚ ਦਿਤਾ ਗਿਆ ਹੈ। ਇਹ ਗਿਆਨ ਆਤਮਾ ਤੋਂ ਅਗਿਆਨ ਦਾ ਪੜਦਾ ਹਟਾ ਦਿੰਦਾ ਹੈ। ਇਹ ਪੜਦਾ ਆਤਮਾ ਤੋਂ ਇਸ ਤਰ੍ਹਾਂ ਹਟਾ ਦਿੰਦਾ ਹੈ ਜਿਵੇਂ ਕੇਲੇ ਤੋਂ ਛਿਲਕਾ ਉਤਾਰੋ ਤੇ ਵਿਚੋਂ ਕੇਲਾ ਨਿਕਲ ਆਉਂਦਾ ਹੈ। ਮੰਡੂਕ ਉਪਨਿਸ਼ਦ ਉਨ੍ਹਾਂ ਜਗਿਆਸੂਆਂ ਲਈ ਹੈ ਜਿਹੜੇ ਬਹੁਤ ਅੱਗੇ ਜਾ ਚੁੱਕੇ ਹਨ, ਇਹ ਉਨ੍ਹਾਂ ਲਈ ਹੈ ਜਿਨ੍ਹਾਂ ਨੇ ਸਤਿ ਦੀ ਪ੍ਰਾਪਤੀ ਕਰਨੀ ਹੈ ਅਜਰ ਅਮਰ ਅਟੱਲ ਦੀ ਪ੍ਰਾਪਤੀ ਕਰਨੀ ਹੈ।

ਮੰਡੂਕ ਉਪਨਿਸ਼ਦ ਦੇ ਸੱਠ ਸ਼ਲੋਕ ਹਨ ਇਹ ਤਿੰਨ ਅਧਿਆਇਆਂ ਵਿਚ ਦਿਤੇ ਗਏ ਹਨ। ਹਰ ਇਕ ਅਧਿਆਇ ਦੇ ਦੋ ਹਿੱਸੇ ਹਨ। ਮੰਡੂਕ ਸ਼ਬਦ ਦੇ ਨਿਰੁਤਕ ਅਰਥ ਹਨ ਉਸ ਤਰ੍ਹਾਂ ਤੇ ਜਿਹੜਾ ਮਨੁੱਖ ਆਪਣਾ ਸਿਰ ਮੁੰਡਵਾ ਦਿੰਦਾ ਹੈ, ਉਸ ਨੂੰ ਸੰਨਿਆਸੀ ਕਿਹਾ ਜਾਂਦਾ ਹੈ।

ਮੰਡੂਕ ਉਪਨਿਸ਼ਦ ਤੇ ਪ੍ਰਸ਼ਨ ਉਪਨਿਸ਼ਦ ਇਹ ਦੋਨੋਂ ਹੀ ਅਥਰਵਵੇਦ ਤੋਂ ਲਏ ਗਏ ਹਨ। ਇਹ ਦੋਨੋਂ ਹੀ ਇਕ ਦੂਸਰੇ ਦੇ ਪੂਰਕ ਹਨ, ਸਹਾਇਕ ਹਨ, ਜੋ ਕੁਝ ਵੀ ਇਸ ਵਿਚ ਦਸਿਆ ਗਿਆ ਹੈ, ਉਹ ਦੂਸਰੇ ਵਿਚ ਵਿਸਥਾਰ ਨਾਲ ਦਿਤਾ ਗਿਆ ਹੈ। ਵਿਆਸ ਜੀ ਜਿਨ੍ਹਾਂ ਨੇ ਵੇਦ ਰਚੇ ਉਨ੍ਹਾਂ ਨੇ ਵੀ ਮੰਡੂਕ ਦੇ ਇਕ ਤੋਂ ਛੇ ਸਲੋਕ ਤਕ ਵੇਦਾਂਤ ਸੂਤਰ ਲਈ ਅਰਥ ਪੂਰਨ ਕਰਨ ਲਈ ਵਰਤੇ ਹਨ।

ਬਾਕੀ ਦੇ ਉਪਨਿਸ਼ਦਾਂ ਦੀ ਤਰ੍ਹਾਂ ਮੰਡੂਕ ਉਪਨਿਸ਼ਦ ਵੀ ਇਕ ਵਾਰਤਾਲਾਪ ਦੀ ਰੂਪ ਰੇਖਾ ਵਿਚ ਹੈ, ਜਗਿਆਸੂ ਤੇ ਗੁਰੂ ਵਿਚ ਵਾਰਤਾਲਾਪ। ਇਕ ਵਿਚ ਅੰਗੀਰਸ ਜੋ ਕਿ ਸ਼ੋਨਕ ਦਾ ਗੁਰੂ ਹੈ, ਸ਼ੌਨਕ ਇਕ ਬਹੁਤ ਹੀ ਉਚਾ ਤੇ ਪਹੁੰਚਿਆ ਜਗਿਆਸੂ ਹੈ ਉਹ ਅੰਗੀਰਸ ਨੂੰ ਪ੍ਰਸ਼ਨ ਪੁਛਦਾ ਹੈ। ਸ਼ੌਨਕ ਅੰਗੀਰਸ ਨੂੰ ਪੁਛਦਾ ਹੈ, ਗੁਰੂ ਦੇਵ ਉਹ ਕੀ ਹੈ ਜਿਸ ਨੂੰ ਜਾਣ ਕੇ ਮਨੁਖ ਸਭ ਕੁਝ ਜਾਣ ਲੈਂਦਾ ਹੈ? ਗੁਰੂ ਅੰਗੀਰਸ ਜਦੋਂ ਇਹ ਦੇਖਦੇ ਹਨ ਕਿ ਜਗਿਆਸੂ ਪੂਰੀ ਤਰ੍ਹਾਂ ਨਾਲ ਤਿਆਰ ਹੈ ਤੇ ਸਭ ਕੁਝ ਜਾਣ ਲੈਣਾ ਚਾਹੁੰਦਾ ਹੈ। ਬ੍ਰਹਮ ਨੂੰ ਜਾਣਨਾ ਚਾਹੁੰਦਾ ਹੈ, ਸਤਿ ਨੂੰ ਜਾਨਣਾ ਚਾਹੁੰਦਾ ਹੈ, ਉਸ ਦੇ ਅੰਦਰ ਪੂਰੀ ਤੇ ਸੱਚੀ ਲਗਨ ਹੈ, ਸਤਿ ਨੂੰ ਜਾਨਣ ਦੀ। ਫੇਰ ਉਹ ਬ੍ਰਹਮ ਗਿਆਨ ਦੇਣਾ ਸ਼ੁਰੂ ਕਰਦੇ ਹਨ।

## ਅਧਿਆਆਵਾਂ ਦਾ ਸੰਖੇਪ

### ਪਹਿਲਾ ਅਧਿਆਇ, ਪਹਿਲਾ ਭਾਗ

ਕਾਵਿ ਦੇ ਇਸ ਭਾਗ ਵਿਚ ਸਿਖਿਆ ਦਾ ਤਰੀਕਾ ਉਸ ਦੀ ਤਰਤੀਬ ਦੱਸੀ ਗਈ ਹੈ। ਬ੍ਰਹਮਾ ਜੋ ਸਭ ਤੋਂ ਪਹਿਲਾਂ ਹੋਏ ਹਨ ਉਨ੍ਹਾਂ ਨੇ ਅਥਰਵ ਨੂੰ ਸਤਿ ਦਾ ਗਿਆਨ ਦਿਤਾ ਸੀ। ਅਥਰਵ ਨੇ ਅੰਗੀਰ ਨੂੰ ਇਹ ਗਿਆਨ ਦਿਤਾ। ਅੰਗੀਰ ਨੇ ਇਹ ਗਿਆਨ ਸਤਿਆਵਾਹ ਨੂੰ ਦਿਤਾ ਸਤਿਆਵਾਹ ਨੇ ਇਹ ਗਿਆਨ ਫੇਰ ਅੰਗੀਰਸ ਨੂੰ ਦਿਤਾ। ਅੰਗੀਰਸ ਨੇ ਇਹ ਗਿਆਨ ਸ਼ੌਨਿਕ ਨੂੰ ਦਿਤਾ ਜੋ ਕਿ ਇਕ ਗ੍ਰਹਿਸਤੀ ਸੀ।

ਪਹਿਲੇ ਭਾਗ ਵਿਚ ਇਹ ਦੱਸਿਆ ਗਿਆ ਹੈ ਜੋ ਕਿ ਬਹੁਤ ਹੀ ਮਹੱਤਵਪੂਰਨ ਹੈ ਕਿ ਬ੍ਰਹਮਾ ਦਾ ਜੋ ਗਿਆਨ ਵੇਦਾਂ ਵਿਚ ਦਿਤਾ ਗਿਆ ਹੈ ਉਨ੍ਹਾਂ ਨੂੰ ਸ਼ਰੁਤੀਆਂ ਕਿਹਾ ਗਿਆ ਹੈ ਜਿਸ ਦਾ ਅਰਥ ਹੈ, ਉਹ ਗਿਆਨ ਉਹ ਬਚਨ ਜਿਹੜੇ ਮਹਾਂਪੁਰਸ਼ਾਂ ਨੇ ਮੈਡੀਟੇਸ਼ਨ ਵਿਚ ਧਿਆਨ ਵਿਚ ਸੁਣੇ, ਇਸ ਕਰਕੇ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਵੇਦਾਂ ਦੇ ਗਿਆਨ ਸਰੋਤ ਮਨੁੱਖ ਨਹੀਂ ਇਹ ਇਕ ਅਵਿਅਕਤੀਗਤ ਅਗੰਮ ਗਿਆਨ ਹੈ, ਇਕ ਦੈਵੀ ਸੰਦੇਸ਼ ਹੈ।

ਇਸ ਭਾਗ ਵਿਚ ਪਹਿਲੇ ਦੋ ਤਰ੍ਹਾਂ ਦਾ ਗਿਆਨ ਦੱਸਿਆ ਗਿਆ ਹੈ, ਇਕ ਉਹ ਗਿਆਨ ਜਿਹੜਾ ਇਸ ਸੰਸਾਰ ਬਾਰੇ ਹੈ। ਇਹ ਥੱਲੇ ਦੀ ਪੌੜੀ ਦਾ ਗਿਆਨ ਜਿਸ ਦਾ ਸਬੰਧ ਇਸ ਸੰਸਾਰ ਨਾਲ ਹੈ ਤੇ ਦੂਸਰਾ ਹੈ ਉਪਰ ਦਾ ਗਿਆਨ ਭਾਵ ਡੂੰਘਾ ਗਿਆਨ ਜਿਸ ਦਾ ਸਬੰਧ ਅੰਤਮ ਸਤਿ ਨਾਲ ਹੈ। ਇਸ ਭਾਗ ਵਿਚ ਅਜਰ, ਅਮਰ, ਅਟੱਲ ਸਤਿ ਦੇ ਬਾਰੇ ਵੀ ਦੱਸਿਆ ਗਿਆ ਹੈ ਤਾਂ ਜੋ ਡੂੰਘਾ ਗਿਆਨ ਸਮਝਿਆ ਜਾ ਸਕੇ। ਇਹ ਵੀ ਦੱਸਿਆ ਗਿਆ ਹੈ ਕਿ ਜੋ ਵੀ ਅਸੀਂ ਇਸ ਸੰਸਾਰ ਵਿਚ ਦੇਖਦੇ ਹਾਂ, ਜੋ ਵੀ ਵਿਸ਼ਵ ਦਾ ਵਿਕਾਸ ਹੈ ਉਹ ਬ੍ਰਹਮਾ ਤੋਂ ਹੀ ਹੋਇਆ ਹੈ, ਸਭ ਤੋਂ ਪਹਿਲਾਂ ਹੈ ਜੀਵਨ-ਸ਼ਕਤੀ, ਫੇਰ ਮਨ ਤੇ ਫੇਰ ਹਨ ਤੱਤੂ।

## ਪਹਿਲੇ ਅਧਿਆਇ ਦਾ ਦੂਸਰਾ ਭਾਗ

ਦੂਸਰੇ ਭਾਗ ਵਿਚ ਉਨ੍ਹਾਂ ਕਰਮਕਾਂਡਾਂ ਬਾਰੇ ਦੱਸਿਆ ਗਿਆ ਹੈ ਜਿਹੜੇ ਇਕ ਗ੍ਰਹਿਸਤੀ ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਲਈ ਕਰਦਾ ਹੈ। ਇਸ ਵਿਚ ਸੰਖਿਪਤ ਤਰੀਕੇ ਨਾਲ ਇਹ ਵੀ ਦੱਸਿਆ ਗਿਆ ਹੈ ਕਿ ਕਿਵੇਂ ਅਗਨੀ ਭੇਟਾ ਕੀਤੀ ਜਾਂਦੀ ਹੈ ਤੇ ਕਰਮਕਾਂਡਾਂ ਦੀ ਪੂਰੀ ਵਿਧੀ ਦੱਸੀ ਗਈ ਹੈ। ਇਸ ਭਾਗ ਵਿਚ ਅਗਨੀ ਦੀਆਂ ਸੱਤ ਜੀਭਾਂ ਬਾਰੇ ਦੱਸਿਆ ਗਿਆ ਹੈ, ਇਸ ਬਾਰੇ ਜੋਗੀਆਂ ਨੂੰ ਵਧੇਰੇ ਚੰਗੀ ਤਰ੍ਹਾਂ ਗਿਆਨ ਹੈ, ਉਨ੍ਹਾਂ ਨੂੰ ਇਸ ਦਾ ਸੰਪੂਰਨ ਗਿਆਨ ਹੈ ਤੇ ਉਹ ਚੱਕਰਾਂ ਬਾਰੇ ਵੀ ਪੂਰੀ ਤਰ੍ਹਾਂ ਜਾਣਦੇ ਹਨ। ਇਨ੍ਹਾਂ ਚੱਕਰਾਂ ਦੇ ਗਿਆਨ ਨਾਲ ਤੇ ਇਨ੍ਹਾਂ ਤਿਆਗ ਦੇ

ਕਰਮਕਾਂਡਾਂ ਨਾਲ ਸਵਰਗ ਦੀ ਪ੍ਰਾਪਤੀ ਹੋ ਜਾਂਦੀ ਹੈ।

ਅਵਿਦਿਆ ਤੇ ਉਸ ਦੇ ਨਤੀਜਿਆਂ ਦਾ ਵੀ ਵਰਨਣ ਕੀਤਾ ਗਿਆ। ਇਛਾਵਾਂ ਤੇ ਕਰਮ ਇਹ ਕਾਰਣ ਨਹੀਂ ਹਨ ਨਾ ਹੀ ਇਨ੍ਹਾਂ ਦੀ ਇਹ ਸਮਰੱਥਾ ਹੈ ਕਿ ਇਹ ਜਗਿਆਸੂ ਨੂੰ ਪਰਮ ਸਤਿ ਤਕ ਪਹੁੰਚਾ ਸਕਣ, ਤਿਆਗ ਕਰਕੇ, ਕਰਮਕਾਂਡ ਕਰਕੇ, ਅਗਨੀ ਕਰਕੇ ਤੁਸੀਂ ਸਵਰਗ ਦੇ ਸੁਖ ਪ੍ਰਾਪਤ ਕਰ ਸਕਦੇ ਹੋ ਪਰ ਇਹ ਸੁਖ ਛਿਨ ਭੰਗਰ ਹਨ। ਜਿਹੜੇ ਉਚੀ ਡੂੰਘੀ ਵਿਦਿਆ ਦਾ ਅਭਿਆਸ ਕਰਦੇ ਹਨ, ਉਹ ਬ੍ਰਹਮ ਲੋਕ ਨੂੰ ਪ੍ਰਾਪਤ ਹੁੰਦੇ ਹਨ ਜਿਥੇ ਬ੍ਰਹਮਾ ਦਾ ਵਾਸ ਹੈ ਜਿਹੜਾ ਸਵਰਗਾਂ ਦਾ ਸਵਰਗ ਹੈ।

ਇਸ ਭਾਗ ਵਿਚ ਇਹ ਦੱਸਿਆ ਗਿਆ ਹੈ ਕਿ ਜਗਿਆਸੂ ਨੂੰ ਨਮਰ ਹੋਣਾ ਚਾਹੀਦਾ ਹੈ। ਸਤਿ ਦੀ ਖੋਜ ਦੀ ਪ੍ਰਬਲ ਇੱਛਾ ਹੋਣੀ ਚਾਹੀਦੀ ਹੈ, ਸਤਿ ਦੇ ਮਾਰਗ ਤੇ ਚੱਲਣ ਦੀ ਪੂਰੀ ਤਿਆਰੀ ਹੋਣੀ ਚਾਹੀਦੀ ਹੈ, ਇਨ੍ਹਾਂ ਗੁਣਾਂ ਦੇ ਹੋਣ ਤੋਂ ਉਪਰੰਤ ਹੀ ਗੁਰੂ ਕੋਲ ਜਾਣਾ ਚਾਹੀਦਾ ਹੈ। ਬ੍ਰਹਮ ਗਿਆਨ ਕੇਵਲ ਉਨ੍ਹਾਂ ਨੂੰ ਹੀ ਦਿਤਾ ਜਾਂਦਾ ਹੈ ਉਨ੍ਹਾਂ ਵਡਭਾਗਿਆਂ ਨੂੰ ਪ੍ਰਾਪਤ ਹੁੰਦਾ ਹੈ ਜਿਹੜੇ ਇਸ ਦੇ ਪਾਤਰ ਹੁੰਦੇ ਹਨ।

## ਅਧਿਆਇ ਦੂਸਰਾ – ਭਾਗ ਪਹਿਲਾ

ਵਿਸ਼ਵ ਦੇ ਅਨੇਕਾਂ ਨਾਮ ਤੇ ਅਨੇਕਾਂ ਆਕਾਰ ਇਕ ਬ੍ਰਹਮਾ ਤੋਂ ਹੀ ਉਤਪੰਨ ਹੁੰਦੇ ਹਨ, ਅੱਗ ਦੇ ਚੰਗਾਰਿਆਂ ਦੀ ਤਰ੍ਹਾਂ। ਇਕ ਮੁਸਕਰਾਹਟ ਨਾਲ ਜਗਿਆਸੂ ਦੀ ਆਤਮਾ ਬ੍ਰਹਮਾ ਨਾਲ ਜਾ ਮਿਲਦੀ ਹੈ।

ਸਰਗੁਣ ਬ੍ਰਹਮ ਭਾਵ ਬ੍ਰਹਮਾ ਦੇ ਵੱਖ-ਵੱਖ ਗੁਣ ਸਰੂਪਾਂ ਦੀ ਵੀ ਵਿਆਖਿਆ ਕੀਤੀ ਗਈ ਹੈ ਤੇ ਨਾਲ ਹੀ ਨਿਰਗੁਣ ਬ੍ਰਹਮਾ ਦੀ ਵੀ ਵਿਆਖਿਆ ਕੀਤੀ ਗਈ ਹੈ।

ਵਿਕਾਸ ਦੀ ਪ੍ਰਕਿਰਿਆ, ਜਿਸ ਵਿਕਾਸ ਕਾਰਣ ਮਨੁੱਖ ਆਪਣੀ ਡੀਊਟੀ ਕਰਦਾ ਹੈ, ਕਰਮ ਕਰਦਾ ਹੈ ਇਸ ਦਾ ਪੂਰਾ ਵਰਨਣ ਕੀਤਾ ਗਿਆ ਹੈ। ਸਭ ਕੁਝ ਬ੍ਰਹਮ ਤੋਂ ਹੀ ਉਤਪੰਨ ਹੁੰਦਾ ਹੈ ਤੇ ਸਭ ਬ੍ਰਹਮਾ ਦਾ ਹੀ ਪਸਾਰਾ ਹੈ।

## ਅਧਿਆਇ ਦੂਸਰਾ ਭਾਗ ਦੂਸਰਾ

ਇਸ ਭਾਗ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਮਨ ਦੀ ਗੁਫਾ ਵਿਚ ਆਤਮਾ ਦਾ ਵਾਸਾ ਹੈ। ਇਹ ਉਹ ਧੁਰੀ ਜਿਹੜੀ ਮਨੁੱਖੀ ਜੀਵਨ ਦੀ ਗਤੀ

ਦਾ ਮਾਰਗ ਦਰਸ਼ਨ ਕਰਦੀ ਹੈ ਤੇ ਉਹ ਹੈ ਪ੍ਰਾਣ, ਮਨ ਤੇ ਇੰਦਰੀਆਂ। ਇਹ ਜਗਿਆਸੂ ਨੂੰ ਸਿਮਰਨ ਕਰਨ ਲਈ ਮੈਡੀਟੇਸ਼ਨ ਕਰਨ ਲਈ ਅਗਵਾਈ ਕਰਦੀ ਹੈ, ਇਹ ਉਸ ਨੂੰ ਓਮ ਤੇ ਧਿਆਨ ਲਗਾਉਣਾ ਦਸਦੀ ਹੈ। ਵਿਸਤਾਰ ਇਹ ਦੱਸਿਆ ਗਿਆ ਹੈ ਕਿ ਓਮ ਸ਼ਬਦ ਇਕ ਤੀਰ ਕਮਾਨ ਦੀ ਤਰ੍ਹਾਂ ਹੈ, ਆਤਮਾ ਤੀਰ ਹੈ ਤੇ ਬ੍ਰਹਮਾ ਉਹ ਨਿਸ਼ਾਨਾ ਹੈ ਜਿਥੇ ਤੀਰ ਚਲਾਣਾ ਹੈ। ਗੁਰੂ ਇਸ ਬਾਰੇ ਆਦੇਸ਼ ਦਿੰਦਾ ਹੈ, ਜਗਿਆਸੂ ਨੂੰ ਧਿਆਨ ਲਗਾਉਣ ਬਾਰੇ ਦਸਦਾ ਹੈ ਜਿਸ ਦਾ ਮੰਤਵ ਕੇਵਲ ਬ੍ਰਹਮ ਪ੍ਰਾਪਤੀ ਹੈ।

## ਅਧਿਆਇ ਤਿੰਨ ਭਾਗ ਪਹਿਲਾ

ਇਸ ਭਾਗ ਦਾ ਅਰੰਭ ਇਕ ਬਹੁਤ ਹੀ ਸੋਹਣੇ ਅਲੰਕਾਰ ਨਾਲ ਕੀਤਾ ਗਿਆ ਹੈ ਜਿਸ ਵਿਚ ਇਕ ਪੰਛੀ ਹੈ ਜਿਸ ਦੇ ਸੁਨਿਹਰੇ ਖੰਭ ਹਨ ਉਸ ਦੀ ਵਿਆਖਿਆ ਕੀਤੀ ਗਈ ਹੈ। ਇਹ ਹੈ ਮਨੁੱਖ ਆਪ ਤੇ ਦੂਸਰਾ ਹੈ ਆਤਮਾ। ਦੋਨੋਂ ਹੀ ਇਕ ਟਾਹਣੀ ਤੇ ਬੈਠੇ ਹਨ, ਉਹ ਟਾਹਣੀ ਹੈ ਜੀਵਨ ਟਾਹਣੀ। ਇਕ ਤਾਂ ਫਲ ਖਾਂਦਾ ਹੈ, ਦੂਸਰਾ ਕੇਵਲ ਦੇਖਦਾ ਹੈ, ਕਿਸੇ ਵੀ ਤਰ੍ਹਾਂ ਦਾ ਪ੍ਰਭਾਵ ਉਸ ਉਤੇ ਨਹੀਂ ਪੈਂਦਾ, ਉਹ ਤਾਂ ਕੇਵਲ ਦੇਖਦਾ ਹੀ ਹੈ।

ਇਹ ਭਾਗ ਉਨ੍ਹਾਂ ਨੂੰ ਸਮਰਪਤ ਹੈ ਜਿਹੜੇ ਅੰਤਰ ਦਾ ਅਨੁਭਵ ਕਰਦੇ ਹਨ, ਇਸ ਵਿਚ ਆਪਣੇ ਆਪ ਤੇ ਪੂਰਾ ਨਿਅੰਤਰਣ ਪੂਰਾ ਅਨੁਸ਼ਾਸ਼ਨ ਰੱਖਣਾ ਦੱਸਿਆ ਗਿਆ ਹੈ ਤੇ ਸੱਤ ਦਾ ਅਭਿਆਸ ਕਰਨਾ ਦੱਸਿਆ ਹੈ। ਉਨ੍ਹਾਂ ਆਤਮਕ ਗੁਣਾਂ ਨੂੰ ਮਹੱਤਤਾ ਦਿਤੀ ਗਈ ਹੈ ਜਿਹੜੇ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਅਵਸ਼ਕ ਹਨ। ਬੁੱਧੀ ਦੇ ਗੁਣਾਂ ਨੂੰ ਸ਼ੁਧ ਕੀਤਾ ਜਾਵੇ ਬੁਧੀ ਤੀਖਣ ਕੀਤੀ ਜਾਵੇ, ਤਾਂ ਜੋ ਬੁੱਧੀ ਆਤਮ ਮਾਰਗ ਤੇ ਬਾਧਾ ਨਾ ਬਣੇ।

ਇਸ ਫਿਲੋਸਫੀ ਤੋਂ ਇਹ ਪਤਾ ਲਗਦਾ ਹੈ ਕਿ ਪ੍ਰਮਾਤਮਾ ਸਰਬ ਵਿਆਪਕ ਹੈ ਤੇ ਜਗਿਆਸੂ ਨੂੰ ਆਪਣੇ ਅੰਦਰ ਹੀ ਪ੍ਰਮਾਤਮਾ ਨੂੰ ਦੇਖਣ ਦਾ ਅਭਿਆਸ ਕਰਨਾ ਚਾਹੀਦਾ ਹੈ। ਇਕ ਵਾਰੀ ਜਗਿਆਸੂ ਆਤਮ ਸਿੱਧੀ ਪ੍ਰਾਪਤ ਕਰ ਲੈਂਦਾ ਹੈ, ਉਸ ਨੂੰ ਸਰਬੱਤ ਦੀ ਆਤਮਕ ਸਿੱਧੀ ਪ੍ਰਾਪਤ ਹੋ ਜਾਂਦੀ ਹੈ। ਉਹ ਹਰ ਤਰ੍ਹਾਂ ਨਾਲ ਸਿਫਤੀ ਦਾ ਪਾਤਰ ਬਣ ਜਾਂਦਾ ਹੈ।

## ਅਧਿਆਇ ਤਿੰਨ ਭਾਗ ਦੂਸਰਾ

ਸਾਰੇ ਤਿਆਗੀ, ਸਾਰੇ ਜਗਿਆਸੂ ਇਸ ਭਾਗ ਤੋਂ ਪ੍ਰਭਾਵਿਤ ਹੋ ਕੇ ਪੂਰਾ-ਪੂਰਾ ਉਤਸ਼ਾਹ ਪ੍ਰਾਪਤ ਕਰਦੇ ਹਨ। ਕੇਵਲ ਧਾਰਮਿਕ ਗ੍ਰੰਥ ਪੜ੍ਹ ਕੇ

ਕੋਈ ਵੀ ਬ੍ਰਹਮ ਗਿਆਨ ਦੀ ਪ੍ਰਾਪਤੀ ਨਹੀਂ ਕਰ ਸਕਦਾ। ਇਕ ਕਮਜ਼ੋਰ ਦੁਰਬਲ ਮਨੁੱਖ ਕਦੀ ਵੀ ਪ੍ਰਾਪਤੀ ਨਹੀਂ ਕਰ ਸਕਦਾ। ਇਸ ਕਰਕੇ ਅੰਤਰ ਦੀ ਸ਼ਕਤੀ ਬਹੁਤ ਹੀ ਜ਼ਰੂਰੀ ਹੈ, ਉਹ ਸ਼ਕਤੀ ਜਿਹੜੀ ਅਧਿਆਤਮਕ ਪਸਾਰ, ਅਧਿਆਤਮਕ ਵਿਸਤਾਰ ਨਾਲ ਕੀਤੀ ਗਈ ਹੋਵੇ, ਉਹ ਅਤਿ ਅਵਸ਼ਕ ਹੈ, ਭਾਵ ਉਹ ਸ਼ਕਤੀ ਜਿਸ ਦਾ ਆਧਾਰ ਆਤਮਕ ਹੋਵੇ।

ਜਿਹੜਾ ਬ੍ਰਹਮ ਨੂੰ ਪਛਾਣਦਾ ਹੈ ਉਹ ਬ੍ਰਹਮ ਹੀ ਹੋ ਜਾਂਦਾ ਹੈ। ਇਸ ਭਾਗ ਵਿਚ ਦੱਸਿਆ ਗਿਆ ਹੈ ਕਿ ਇਕ ਪਹੁੰਚੀ ਹੋਈ ਆਤਮਾ, ਪਹੁੰਚਿਆ ਹੋਇਆ, ਪੁੱਜੀ ਹੋਈ ਰੂਹ ਕਿਵੇਂ ਸਰੀਰ ਛੱਡ ਕੇ ਬ੍ਰਹਮਲੀਨ ਹੋ ਜਾਂਦੇ ਹਨ। ਇਹ ਭਾਗ ਉਨ੍ਹਾਂ ਸਭ ਅਭਿਆਸਾਂ ਦਾ ਨਤੀਜਾ ਹੈ ਸਾਰੇ ਅਭਿਆਸਾਂ ਦਾ ਸਿੱਟਾ ਹੈ ਜਿਹੜੇ ਇਕ ਜਗਿਆਸੂ ਕਰਦਾ ਹੈ।

## ਨਿਸ਼ਕਰਸ਼

ਇਸ ਉਪਨਿਸ਼ਦ ਨੂੰ ਮੰਤਰ ਉਪਨਿਸ਼ਦ ਵੀ ਕਿਹਾ ਜਾਂਦਾ ਹੈ। ਇਸ ਦੇ ਵਿਸ਼ੇ ਵਸਤੂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਹ ਸ਼ਲੋਕ ਕਦੀ ਵੀ ਮੰਗਲ ਚਰਨ ਦੇ ਰੂਪ ਵਿਚ ਨਹੀਂ ਪੜ੍ਹੇ ਜਾਣਗੇ ਜਾਂ ਤਿਆਗ ਦੇ ਕਰਮਕਾਂਡ ਲਈ ਨਹੀਂ ਪੜ੍ਹੇ ਜਾਣਗੇ। ਇਨ੍ਹਾਂ ਮੰਤਰਾਂ ਦਾ ਵਹਾਅ ਛੰਦ, ਸ਼ੈਲੀ ਦਾ ਇਕ ਆਪਣਾ ਹੀ ਰੂਪ ਹੈ ਇਨ੍ਹਾਂ ਦਾ ਇਕ ਅਧਿਆਤਮਕ ਸਰੂਪ ਹੈ, ਸਹੁੱਪਣ ਹੈ ਤੇ ਇਨ੍ਹਾਂ ਦੀ ਇਕ ਆਤਮਕ ਉਚਾਈ ਹੈ, ਇਕਸਾਰਤਾ ਹੈ।

ਇਹ ਉਪਨਿਸ਼ਦ ਤਿਆਗੀਆਂ ਲਈ ਤੇ ਗ੍ਰਹਿਸਤੀਆਂ ਲਈ ਇਕ ਮਾਰਗ ਦਰਸ਼ਨ ਹੈ। ਇਸ ਦੇ ਪਵਿੱਤਰ ਮੰਤਰ ਮੈਡੀਟੇਸ਼ਨ ਕਰਕੇ, ਧਿਆਨ ਲਗਾ ਕੇ ਸੰਪੂਰਨਤਾ ਨਾਲ ਇਕੱਠੇ ਕੀਤੇ ਜਾਂਦੇ ਹਨ ਤੇ ਇਨ੍ਹਾਂ ਦੇ ਗੁੱਝੇ ਅਰਥਾਂ ਨੂੰ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਜਗਿਆਸੂ ਨੂੰ ਉਤਸ਼ਾਹ ਮਿਲਦਾ ਹੈ ਤਾਂ ਜੋ ਉਹ ਆਤਮ ਮਾਰਗ ਤੇ ਚੱਲ ਕੇ ਸਤਿ ਦੀ ਪ੍ਰਾਪਤੀ ਕਰ ਸਕੇ। ਇਸ ਉਪਨਿਸ਼ਦ ਦਾ ਇਕ-ਇਕ ਅੱਖਰ ਅਨੁਭਵੀ ਗਿਆਨ ਦਾ ਪ੍ਰਤੀਕ ਹੈ ਤੇ ਇਹ ਜਗਿਆਸੂ ਨੂੰ ਸਤਿ ਦੀ ਪ੍ਰਾਪਤੀ ਲਈ ਸਹਾਇਕ ਸਿੱਧ ਹੁੰਦਾ ਹੈ।

## ਸ਼ਾਂਤੀ ਮੰਗਲਾਚਰਨ

ਓਮ! ਸਾਡੇ ਕੰਨ ਸ਼ੁਭ ਹੀ ਸੁਣਨ, ਚੰਗਾ ਹੀ ਸੁਣਨ। ਸਾਡੀਆਂ ਅੱਖਾਂ, ਸਾਡੇ ਨੇਤਰ ਕੇਵਲ ਉਹ ਹੀ ਦੇਖਣ ਜੋ ਸ਼ੁਭ ਹੈ। ਅਸੀਂ ਪ੍ਰਮਾਤਮਾ ਦੇ ਗੁਣ ਗਾਣ ਕਰੀਏ ਤੇ ਆਪਣਾ ਜੀਵਨ ਸੰਪੂਰਨਤਾ ਨਾਲ ਜੀਵੀਏ,

ਅਰੋਗ ਰਹਿ ਕੇ ਜੀਵਨ ਜੀਵੀਏ, ਪੂਰੀ ਸ਼ਕਤੀ ਨਾਲ ਜੀਵੀਏ। ਤੇਜੱਸਵੀ ਇੰਦਰ ਤੇ ਪੁਸ਼ਾਨ, ਜਿਹੜੇ ਸਭ ਕੁਝ ਜਾਣਦੇ ਹਨ ਸਰਬ ਗਿਆਤਾ ਹਨ, ਉਹ ਆਪਣੀ ਮਿਹਰ ਰੱਖਣ ਕਲਿਆਣਕਾਰੀ ਹੋਣ। ਤਰਕਸਿਅ ਜੋ ਸਾਡਾ ਰਖਿਅਕ ਹੈ ਜਿਹੜਾ ਸਾਨੂੰ ਸਾਰੇ ਕਸ਼ਟਾਂ ਤੋਂ ਬਚਾਉਂਦਾ ਹੈ, ਬ੍ਰਹਸਪਤੀ ਜਿਹੜਾ ਗਿਆਨ ਦਾ ਸ੍ਰੋਤ ਹੈ ਜਿਹੜਾ ਸਭ ਕੁਝ ਸ਼ੁਭ ਤੇ ਕਲਿਆਣਕਾਰੀ ਹੈ, ਸਭ ਸਾਡੇ ਤੇ ਕ੍ਰਿਪਾ ਰੱਖਣ ਮਿਹਰ ਕਰਨ।

ਓਮ! ਸ਼ਾਂਤੀ, ਸ਼ਾਂਤੀ, ਸ਼ਾਂਤੀ

ਸ਼ਾਂਤੀ ਸਮਚਿਤਤਾ ਦੀ ਅਵਸਥਾ ਹੈ, ਟਿਕਾਓ ਦੀ ਅਵਸਥਾ ਹੈ, ਇਹ ਅਵਸਥਾ ਜਗਿਆਸੂ ਓਦੋਂ ਹੀ ਆਪਣੇ ਅੰਦਰ ਲਿਆ ਸਕਦਾ ਹੈ ਜਦੋਂ ਉਹ ਆਪਣੇ ਮਨ ਨੂੰ ਚੰਗੀ ਤਰ੍ਹਾਂ ਜਾਣ ਲਵੇ, ਸਮਝ ਲਵੇ ਤੇ ਉਸ ਦੀ ਸੋਧ ਕਰ ਲਵੇ ਇਹ ਹੀ ਨਹੀਂ ਮਨ ਦੇ ਵੱਖ-ਵੱਖ ਗੁਣਾਂ ਨੂੰ ਸੋਧ ਲਵੇ ਭਾਵ ਮਨ ਨੂੰ ਸੋਧ ਲਵੇ, ਚਿੱਤ ਨੂੰ (ਚਿੱਤ ਗਿਆਨ ਦਾ ਭੰਡਾਰ ਹੈ) ਬੁੱਧੀ (ਸੋਚ, ਉਪਰ ਦਾ ਉਚਾ ਮਨ) ਤੇ ਅਹੰਕਾਰ (ਮੈਂ ਭਾਵ) ਜਦੋਂ ਇਨ੍ਹਾਂ ਨੂੰ ਕਾਬੂ ਕਰਨ ਲਈ ਸਾਰੀਆਂ ਮਨੁੱਖੀ ਸ਼ਕਤੀਆਂ ਦਾ ਵਾਹ ਲਗ ਜਾਂਦਾ ਹੈ ਫੇਰ ਮਨੁੱਖ ਅਰਦਾਸ ਕਰਦਾ ਹੈ।

ਉਪਨਿਸ਼ਦਾਂ ਦੇ ਸਮੇਂ ਅਧਿਆਪਕ ਤੇ ਸ਼ਿਸ਼ ਗੁਰੂ ਤੇ ਚੇਲਾ ਇਕੱਠੇ ਹੀ ਅਰਦਾਸ ਕਰਦੇ ਸੀ, ਇਕੱਠੇ ਹੀ ਪ੍ਰਾਰਥਨਾ ਕਰਦੇ ਸੀ ਤਾਂ ਜੋ ਉਨ੍ਹਾਂ ਵਿਚ ਇਕਸੁਰਤਾ, ਇਕਸਾਰਤਾ ਬਣ ਸਕੇ, ਉਨ੍ਹਾਂ ਦੇ ਸਬੰਧ ਇਕ ਸੁਰ ਹੋ ਜਾਣ ਤੇ ਵਿਸ਼ੇ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕੇ ਤੇ ਇਕ ਸੁਖਾਵਾਂ ਮਾਹੌਲ ਬਣ ਸਕੇ ਤੇ ਆਪਸ ਦੇ ਸਬੰਧ ਸੁਖਾਵੇਂ ਹੋਣ। ਇਸ ਵਿਚ ਕੋਈ ਸੰਦੇਹ ਨਹੀਂ ਕਿ ਅਰਦਾਸ ਨਾਲ ਪ੍ਰਸ਼ਨਾਂ ਦੇ ਉਤਰ ਮਿਲਦੇ ਹਨ ਜਿਹੜੇ ਕਿਸੇ ਹੋਰ ਤਰੀਕੇ ਨਾਲ ਮਿਲ ਹੀ ਨਹੀਂ ਸਕਦੇ। ਉਹ ਕੰਮ ਹੁੰਦੇ ਹਨ ਜਿਹੜੇ ਹੋਰ ਕਿਸੇ ਤਰ੍ਹਾਂ ਹੋ ਹੀ ਨਹੀਂ ਸਕਦੇ ਪਰ ਅਰਦਾਸ ਲਈ ਪ੍ਰਾਰਥਨਾ ਕਰਨ ਲਈ ਇਕ ਸ਼ਰਤ ਹੈ। ਉਹ ਹੈ ਅਰਦਾਸ ਇਕ ਮਨ ਇਕ ਚਿੱਤ ਹੋ ਕੇ ਕੀਤੀ ਜਾਵੇ ਤੇ ਪੂਰੀ-ਪੂਰੀ ਨਮਰਤਾ ਨਾਲ ਦਾਸ ਬਣ ਕੇ ਕੀਤੀ ਜਾਵੇ। ਗੁਰੂ ਸਾਹਿਬ ਦਾ ਫੁਰਮਾਨ ਹੈ। 'ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ' ਪਹਿਲੇ ਜਨ ਬਣੋ। ਇਹ ਮੰਗਲਾਚਰਨ ਜਗਿਆਸੂ ਨੂੰ ਇੰਦ੍ਰੀਆਂ ਬਾਰੇ ਜਾਣਕਾਰੀ ਕਰਾਉਂਦਾ ਹੈ, ਕਿਉਂ ਜੋ ਇੰਦ੍ਰੀਆਂ ਸਾਡੇ ਮਨ ਦੀ ਸ਼ਕਤੀ ਖ੍ਰੈ ਕਰਦੀਆਂ ਰਹਿੰਦੀਆਂ ਹਨ।

ਮੰਗਲਾਚਾਰ ਵਿਚ ਜਿਨ੍ਹਾਂ ਦੇਵਤਿਆਂ ਦਾ ਨਾਮ ਲਿਖਿਆ ਗਿਆ ਹੈ,

ਉਨ੍ਹਾਂ ਤੋਂ ਭਾਵ ਸਾਡੇ ਅੰਦਰ ਦੀਆਂ ਸੂਖਮ ਸ਼ਕਤੀਆਂ ਹਨ, ਜਿਵੇਂ ਕਿ ਜੀਵਨ ਦਾ ਪਹਿਲਾ ਹੈ ਪ੍ਰਾਣ ਤੇ ਸਾਡੀ ਸੁਤੀ ਪਈ ਕੁੰਡਲਨੀ। ਇਹ ਦੇਵਤੇ ਕੋਈ ਅੰਤਮ ਸਤਿ ਨਹੀਂ ਹਨ ਇਹ ਤਾਂ ਕੇਵਲ ਉਹ ਸ਼ਕਤੀਆਂ ਹਨ ਜਿਹੜੀਆਂ ਜੀਵਨ ਦੇ ਪਹੀਏ ਨੂੰ ਆਪਣੇ ਪ੍ਰਮਾਤਮਾ ਰੂਪੀ ਸਤਿ ਦੇ ਰੱਥ ਦਵਾਲੇ ਘੁੰਮਣ ਵਿਚ ਸਹਾਇਤਾ ਕਰਦੇ ਹਨ। ਅਰਦਾਸ ਨਾਲ ਆਤਮਾ ਪਵਿਤਰ ਹੁੰਦੀ ਹੈ ਪਰ ਅਗਿਆਨ ਕੇਵਲ ਗਿਆਨ ਦੀ ਪ੍ਰਾਪਤੀ ਨਾਲ ਹੀ ਦੂਰ ਹੁੰਦਾ ਹੈ।

ਓਅੰ, ਪ੍ਰਮਾਤਮਾ ਕਰੇ ਸਾਡੇ ਕੰਨ ਸੁੱਚੀਆਂ, ਚੰਗੀਆਂ ਸ਼ੁਭ ਗੱਲਾਂ ਹੀ ਸੁਣਨ। ਇਸ ਤੋਂ ਭਾਵ ਹੈ ਕਿ ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਕੇਵਲ ਚੰਗੀਆਂ ਤੇ ਸ਼ੁਭ ਗੱਲਾਂ ਸੁਣਨ ਲਈ ਹੀ ਤਿਆਰ ਕਰੇ, ਭਾਵ ਗ੍ਰੰਥ ਕਥਾਵਾਂ ਸੁਣਨ ਜਾਂ ਉਹ ਬਚਨ ਸੁਣਨ ਜਿਹੜੇ ਮਨ ਨੂੰ ਚੰਗੇ ਪਾਸੇ ਲੈ ਜਾਣ, ਚੰਗੇ ਪਾਸੇ ਰੱਖਣ, ਮਨ ਦੀ ਸ਼ਕਤੀ ਨੂੰ ਨਾ ਗੁਆ ਦੇਣ।

ਅਸੀਂ ਉਹ ਹੀ ਦੇਖੀਏ ਜੋ ਕੁਝ ਵੀ ਸ਼ੁਭ ਹੈ। ਇਸ ਤੋਂ ਵੀ ਇਹ ਹੀ ਭਾਵ ਹੈ ਕਿ ਅਸੀਂ ਇਹ ਸਿਖੀਏ ਕਿ ਸਾਡੇ ਲਈ ਔਕੜਾਂ ਨਾ ਪੈਦਾ ਹੋਣ ਤੇ ਅਸੀਂ ਅੱਖਾਂ ਨਾਲ ਚੰਗਾ ਦੇਖੀਏ ਤਾਂ ਜੋ ਮਨ ਦੀ ਸ਼ਕਤੀ ਨਾ ਬਿਰਥੀ ਜਾਏ।

ਅਸੀਂ ਪ੍ਰਮਾਤਮਾ ਦੇ ਗੁਣ ਗਾਣ ਕਰਦੇ ਰਹੀਏ ਤੇ ਆਪਣਾ ਜੀਵਨ ਪੂਰਨਤਾ ਨਾਲ ਜੀਵੀਏ, ਅਸੀਂ ਸੁਅਸਥ ਰਹੀਏ ਤੇ ਸ਼ਕਤੀਸ਼ਾਲ ਰਹੀਏ। ਜਗਿਆਸੂ ਇਹ ਗੱਲ ਯਾਦ ਰੱਖੇ ਕਿ ਮੰਗਲਾਚਰਨ ਜਾਂ ਅਰਦਾਸ ਪ੍ਰਮਾਤਮਾ ਲਈ ਨਹੀਂ ਹੈ, ਵਿਸ਼ਵ ਦੇ ਮਾਲਕ ਲਈ ਨਹੀਂ ਹੈ। ਜਗਿਆਸੂ ਨੂੰ ਇਹ ਪੂਰੀ ਸਮਝ ਨਹੀਂ ਹੈ, ਨਾ ਉਹ ਪੂਰੀ ਤਰ੍ਹਾਂ ਇਹ ਜਾਣ ਸਕਦਾ ਹੈ, ਪਰ ਉਸ ਨੂੰ ਜਾਨਣ ਦੀ ਲੋੜ ਹੈ ਕਿ ਸਰੀਰ ਇਕ ਮੰਦਰ ਹੈ, ਉਹ ਜਗ੍ਹਾ ਹੈ ਜਿਸ ਵਿਚ ਆਤਮਾ ਦਾ ਵਾਸਾ ਹੈ, ਆਤਮ ਦੇਵ ਦਾ ਵਾਸ ਹੈ। ਇਸ ਤੋਂ ਪਹਿਲਾਂ ਕਿ ਜਗਿਆਸੂ ਆਤਮਾ ਪ੍ਰਤੀ ਜਾਣੂ ਹੋਵੇ, ਜਗਿਆਸੂ ਨੂੰ ਸਰੀਰ ਦੀਆਂ ਸੂਖਮ ਸ਼ਕਤੀਆਂ ਬਾਰੇ ਜਾਣ ਲੈਣਾ ਜ਼ਰੂਰੀ ਹੈ ਕਿਉਂ ਜੋ ਆਤਮਾ ਨੂੰ ਜਾਨਣਾ ਹੀ ਸਤਿ ਨੂੰ ਜਾਨਣਾ ਹੈ। ਸਤਿ ਦੀ ਪ੍ਰਾਪਤੀ ਹੈ। ਇਹ ਗੱਲ ਕੇਵਲ ਉਨ੍ਹਾਂ ਨੂੰ ਹੀ ਸਮਝ ਆ ਸਕਦੀ ਹੈ ਜਿਹੜੇ ਅੰਦਰ ਦੀਆਂ ਮੰਜ਼ਲਾਂ ਪਾਰ ਕਰਦੇ ਹਨ, ਜਿਹੜੇ ਆਪਣੇ ਅੰਦਰ ਜਾਂਦੇ ਹਨ ਤੇ ਅੰਦਰ ਦੇ ਮਾਰਗ ਤੇ ਅਭਿਆਸ ਕਰਦੇ ਹਨ।

ਜਿਹੜੇ ਜਗਿਆਸੂ ਸਫਲਤਾ ਨਾਲ ਆਪਣੇ ਅੰਦਰ ਅਰਦਾਸ ਕਰਦੇ ਹਨ ਇਸ ਮਾਰਗ ਤੇ ਚਲਦੇ ਹਨ, ਉਹ ਗੁਰੂ  ਦੇ ਗਿਆਨ ਨੂੰ ਛੇਤੀ ਹੀ ਪ੍ਰਾਪਤ ਕਰ ਲੈਂਦੇ ਹਨ, ਉਪਨਿਸ਼ਦਾਂ ਦਾ ਗਿਆਨ ਤੇ ਲੇਖਣੀ ਬੜੀ ਸਾਫ ਤੇ ਸੰਖਿਪਤ ਹੈ, ਬਹੁਤ ਗੂੜ੍ਹ ਹੈ, ਸੂਖਮ ਹੈ, ਜਟਿਲ ਹੈ। ਇਸ ਪ੍ਰਕਾਰ ਆਤਮ ਗਿਆਨ, ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੋ ਸਕਦਾ ਹੈ।

ਮੰਗਲਾਚਰਨ ਦੇ ਅੰਤ ਵਿਚ ਹੈ ਓਅੰ ਸ਼ਾਂਤੀ, ਸ਼ਾਂਤੀ, ਸ਼ਾਂਤੀ, ਸ਼ਾਂਤੀ ਸ਼ਬਦ ਤਿੰਨ ਵਾਰੀ ਲਿਖਿਆ ਗਿਆ ਹੈ। ਓਅੰ ਜੋ ਕਿ ਇਕ ਵਿਸ਼ਵ ਦੀ ਧੁਨ ਹੈ ਜਿਸ ਦਾ ਪਸਾਰਾ ਸਾਰੇ ਅੱਖਰਾਂ ਵਿਚ ਹੈ, ਸਭ ਤੋਂ ਉਤਮ ਅੱਖਰ ਹੈ, ਸਭ ਤੋਂ ਉਤਮ ਅੱਖਰਾਂ ਦਾ ਪ੍ਰਤੀਕ ਹੈ। ਇਹ ਹੀ ਉਪਨਿਸ਼ਦਾਂ ਵਿਚ ਦੱਸਿਆ ਗਿਆ ਹੈ। ਅਸੀਂ ਅੱਗੇ ਚੱਲ ਕੇ ਇਸ ਬਾਰੇ ਪੜ੍ਹਾਂਗੇ। ਸਾਨੂੰ ਲੋੜ ਹੈ ਸ਼ਾਂਤੀ ਦੀ, ਹਰ ਤਰ੍ਹਾਂ ਦੀ ਸ਼ਾਂਤੀ ਦੀ, ਸਰੀਰਕ ਸ਼ਾਂਤੀ, ਮਾਨਸਿਕ ਸਾਂਤੀ, ਅਧਿਆਤਮਕ ਸ਼ਾਂਤੀ। ਇਹ ਹੀ ਇਕ ਕਾਰਣ ਹੈ ਕਿ ਮੰਗਲਾਚਰਣ ਦੇ ਅੰਤ ਵਿਚ ਸ਼ਾਂਤੀ ਸ਼ਬਦ ਤਿੰਨ ਵਾਰ ਲਿਖਿਆ ਗਿਆ ਹੈ।

# ਅਧਿਆਇ 1
# ਭਾਗ ਪਹਿਲਾ

## ਪਹਿਲਾ ਸਲੋਕ

"ਓਮ. ਬ੍ਰਹਮਾ, ਸਭ ਤੋਂ ਪਹਿਲਾਂ ਪ੍ਰਗਟ ਹੋਏ ਉਨ੍ਹਾਂ ਨੇ ਰਚਨਾ ਕੀਤੀ ਉਹ ਹੀ ਸ੍ਰਿਸ਼ਟੀ ਦੇ ਕਰਤਾ ਅਤੇ ਰਖਸ਼ਕ ਹਨ, ਉਨ੍ਹਾਂ ਨੇ ਹੀ ਆਪਣੇ ਪੁੱਤਰ ਅਥਰਵ ਨੂੰ ਇਹ ਸਰਵ ਉਚ ਬ੍ਰਹਮ ਗਿਆਨ ਪ੍ਰਦਾਨ ਕੀਤਾ। ਇਹ ਗਿਆਨ ਸਾਰੇ ਵਿਗਿਆਨਾਂ ਦਾ ਸ੍ਰੋਤ ਹੈ।"

ਬ੍ਰਹਮਾ ਇਸ ਸ੍ਰਿਸ਼ਟੀ ਤੇ ਸਭ ਤੋਂ ਪਹਿਲਾਂ ਹੋਏ, ਉਹ ਕਰਤਾ ਹਨ, ਸਿਰਜਨਹਾਰ ਹਨ, ਰਚਣਹਾਰ ਹਨ, ਬ੍ਰਹਮਾ ਹਰ ਕਿਤੇ ਹਨ, ਉਹ ਸਭ ਤੋਂ ਪਹਿਲਾਂ ਇਸ ਵਿਸ਼ਵ ਦੇ ਹਨ। ਉਹ ਹਰ ਪ੍ਰਤੱਖ ਵਸਤੂ ਵਿਚ ਹਨ ਹਰ ਅਪਰਤੱਖ ਵਿਚ ਹਨ, ਉਹ ਸਤਿ ਹਨ। ਜਗਿਆਸੂ ਨੂੰ ਇਸ ਗੱਲ ਵਿਚ ਧਿਆਨ ਰੱਖਣਾ ਚਾਹੀਦਾ ਹੈ ਕਿ ਤਿੰਨ ਸ਼ਬਦ ਇਕੋ ਜਿਹੇ ਹਨ ਬ੍ਰਹਮਾ, ਬ੍ਰਹਮ ਤੇ ਬ੍ਰਹਮਨਾ। ਬ੍ਰਹਮਾ ਪੂਰਨ ਸਤਿ ਹੈ, ਬ੍ਰਹਮ ਸਰਵਤਰ ਪ੍ਰਗਟ ਹੈ, ਬ੍ਰਹਮਾ ਇਕ ਹੀ ਹੈ। ਦੂਸਰਾ ਨਹੀਂ, ਬ੍ਰਹਮਾ ਸਭ ਤੋਂ ਪਹਿਲਾਂ ਪ੍ਰਗਟ ਹੋਏ ਹਨ। ਬ੍ਰਹਮ ਤਾਂ ਉਹ ਹਨ, ਜਿਹੜੇ ਬ੍ਰਹਮ ਨੂੰ ਜਾਣਦੇ ਹਨ ਜਾਂ ਗ੍ਰੰਥਾਂ ਦੇ ਰਖਵਾਲੇ ਹਨ, ਉਨ੍ਹਾਂ ਗ੍ਰੰਥਾਂ ਦੇ ਜਿਹੜੇ ਬ੍ਰਹਮਾ ਦੇ ਗਿਆਨ ਬਾਰੇ ਹਨ, ਜਿਹੜੇ ਵੇਦ ਹਨ।

## ਦੂਸਰਾ ਸਲੋਕ

"ਸਤਿ ਦਾ ਵਿਗਿਆਨ ਉਹ ਸੀ ਜਿਹੜਾ ਬ੍ਰਹਮਾ ਨੇ ਆਪਣੇ ਵੱਡੇ ਪੁੱਤਰ ਨੂੰ ਦੱਸਿਆ ਸਿਖਾਇਆ। ਉਸ ਦਾ ਨਾਮ ਸੀ, ਅਥਰਵ, ਅਥਰਵ ਨੇ ਇਹ ਗਿਆਨ ਸਭ ਤੋਂ ਪਹਿਲੇ ਅੰਗੀਰ ਨੂੰ ਦਿਤਾ। ਬਾਅਦ ਵਿਚ ਅੰਗੀਰ ਨੇ ਇਹ ਗਿਆਨ ਸਤਿਵਾਹ ਭਾਰਦਵਾਜ ਨੂੰ ਦਿਤਾ ਤੇ ਫੇਰ ਸਤਿਵਾਹ ਨੇ ਅੰਗੀਰਸ ਨੂੰ ਦਿਤਾ।"

ਵੇਦਕ ਤ੍ਰਿਮੂਰਤੀ ਵਿਚ ਬ੍ਰਹਮਾ ਸਿਰਜਨਹਾਰ ਹਨ, ਰਚਿਤਾ ਹਨ। ਇਸ ਤਰ੍ਹਾਂ ਨਾਲ ਬ੍ਰਹਮਾ ਕੋਈ ਅਵਿਅਕਤੀਗਤ, ਅਨਿੱਜੀ ਸਤਿ ਨਹੀਂ ਹਨ। ਬ੍ਰਹਮਾ ਨੂੰ ਬ੍ਰਹਮਨ ਦੇ ਪਹਿਲੇ ਗਿਆਤਾ ਮੰਨਿਆ ਜਾਂਦਾ ਹੈ, ਭਾਵ ਸਤਿ ਦੇ ਗਿਆਤਾ ਮੰਨਿਆ ਜਾਂਦਾ ਹੈ। ਇਹ ਗਿਆਨ ਬ੍ਰਹਮਾ ਨੇ ਆਪਣੇ ਮੁਖਾਰਬਿੰਦ ਤੋਂ ਆਪਣੇ ਪੁੱਤਰ ਅਥਰਵ ਨੂੰ ਦਿਤਾ ਸੀ। ਪੁਰਾਤਨ ਸਮੇਂ ਵਿਚ ਬ੍ਰਹਮਨ ਦਾ ਵਿਗਿਆਨ, ਵਿਸ਼ਵ ਆਤਮਾ ਦਾ ਇਹ ਗਿਆਨ ਫੇਰ ਅੰਗੀਰ

ਨੂੰ ਦਿਤਾ ਗਿਆ। ਉਸ ਨੇ ਇਹ ਗਿਆਨ ਸਤਿਵਾਹ ਭਾਰਦਵਾਜ ਨੂੰ ਦਿਤਾ। ਇਸ ਤਰ੍ਹਾਂ ਨਾਲ ਇਹ ਸਰਵੋਤਮ ਗਿਆਨ ਰਿਸ਼ੀਆਂ ਮੁਨੀਆਂ ਤੋਂ ਅਣਟੁੱਟ ਨਿਰਵਿਘਨ ਚਲਿਆ ਆ ਰਿਹਾ ਹੈ, ਇਸ ਨੂੰ ਗੁਰੂ ਪਰੰਪਰਾ ਕਿਹਾ ਜਾਂਦਾ ਹੈ।

## ਤੀਸਰਾ ਸਲੋਕ

"ਸ਼ੌਨਕ ਇਕ ਬਹੁਤਾ ਵੱਡਾ ਗ੍ਰਹਿਸਤੀ ਹੋਇਆ ਹੈ। ਉਹ ਅੰਗੀਰਸ ਕੋਲ ਗਿਆ। ਉਸਨੇ ਪੂਰੀ ਵਿਧੀ ਅਨੁਸਾਰ ਪੁਛਿਆ, ਉਸ ਨੇ ਬੜੀ ਮਰਿਆਦਾ ਨਾਲ ਪੁਛਿਆ, "ਮਹਾਰਾਜ! ਉਹ ਕਿਹੜਾ ਗਿਆਨ ਹੈ ਜਿਸ ਨੂੰ ਪ੍ਰਾਪਤ ਕਰਕੇ ਬ੍ਰਹਮਗਿਆਨੀ ਬਣ ਜਾਈਦਾ ਹੈ, ਜਿਸਨੂੰ ਜਾਣ ਕੇ ਸਭ ਕੁਝ ਜਾਣ ਜਾਈਦਾ ਹੈ।"

ਇਹ ਗੱਲ ਜਾਣ ਲੈਣੀ ਬਹੁਤ ਅਵਸ਼ਕ ਹੈ। ਇਹ ਸਮਝ ਲੈਣਾ ਚਾਹੀਦਾ ਹੈ ਕਿ ਪਰੰਪਰਕ ਗਿਆਨ ਭਾਵੇਂ ਅਪਰਾ ਹੋਵੇ ਭਾਵੇ ਪਰਾ ਹੋਵੇ, ਚਾਹੇ ਇਸ ਸੰਸਾਰ ਦਾ ਗਿਆਨ ਹੋਵੇ ਚਾਹੇ ਆਤਮਕ ਗਿਆਨ ਹੋਵੇ ਇਹ ਦੋਨੋਂ ਹੀ ਗਿਆਨ ਅਤਿ ਜ਼ਰੂਰੀ ਵੀ ਹਨ, ਅਵਸ਼ਕ ਵੀ ਹਨ। ਇਹ ਪੂਰੀ ਮਨੁੱਖਤਾ ਦੇ ਇਤਿਹਾਸ ਵਿਚ ਬਹੁਤ ਹੀ ਸਪਸ਼ਟਤਾ ਨਾਲ ਦੱਸਿਆ ਗਿਆ ਹੈ। ਅੱਜਕਲ੍ਹ ਬਹੁਤ ਸਾਰੇ ਲੋਕੀ ਗਿਆਨ ਵੰਡਦੇ ਨਹੀਂ। ਦੂਸਰਿਆਂ ਨਾਲ ਸਾਂਝਾ ਨਹੀਂ ਕਰਦੇ। ਇਸੇ ਕਰਕੇ ਬਹੁਤ ਸਾਰੇ ਪਰੰਪਾਰਕ ਗਿਆਨ ਤੋਂ ਵਾਂਝੇ ਰਹਿ ਜਾਂਦੇ ਹਨ।

ਅਨੁਭਵ ਸਾਡੀ ਅਗਵਾਈ ਕਰਦਾ ਹੈ ਤੇ ਜਦੋਂ ਆਪਣੇ ਅਨੁਭਵਾਂ ਨੂੰ ਜਾਚਣਾ ਸਿੱਖ ਜਾਂਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਬਹੁਤ ਹੀ ਘੱਟ ਇਹੋ ਜਿਹੇ ਅਨੁਭਵ ਹੁੰਦੇ ਹਨ ਜਿਹੜੇ ਮਨੁੱਖਤਾ ਦੀ ਅਗਵਾਈ ਕਰਦੇ ਹਨ ਜਿਨ੍ਹਾਂ ਨੇ ਮਨੁਖਤਾ ਦਾ ਮਾਰਗ ਦਰਸ਼ਨ ਕੀਤਾ ਹੈ। ਵਿਸ਼ੇਸ਼ ਕਰਕੇ ਔਖਿਆਂ ਸਮਿਆਂ ਵਿਚ। ਇਸ ਤੋਂ ਇਹ ਵੀ ਭਾਵ ਹੈ ਕਿ ਜਗਿਆਸੂ ਨੂੰ ਸੁਣਨ ਦੀ ਇੱਛਾ ਰੱਖਣੀ ਚਾਹੀਦੀ ਹੈ। ਸੁਣਨ ਦੀ ਪ੍ਰਵਿਰਤੀ ਹੋਣੀ ਚਾਹੀਦੀ ਹੈ। ਵਿਸ਼ੇਸ਼ ਕਰਕੇ ਵੱਡੇ ਸਿਆਣਿਆਂ ਨੂੰ ਸੁਣਨ ਦੀ ਉਨ੍ਹਾਂ ਦੇ ਅਨੁਭਵ ਜਾਨਣ ਦੀ, ਸੁਣਨ ਦੀ, ਉਨ੍ਹਾਂ ਦੇ ਅਨੁਭਵਾਂ ਨੂੰ ਜਾਣ ਕੇ ਸੁਣ ਕੇ ਉਨ੍ਹਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।

## ਚੌਥਾ ਸਲੋਕ

"ਗਿਆਨ ਪ੍ਰਾਪਤ ਕਰਨ ਦੇ ਦੋ ਪੱਖ ਹਨ, ਇਹ ਸਾਨੂੰ ਉਹ ਤੱਤ ਬੇਤੇ ਦਸਦੇ ਹਨ ਜਿਹੜੇ ਬ੍ਰਹਮ ਨੂੰ ਜਾਣਦੇ ਹਨ। ਇਹ ਦੋ ਪੱਖ ਹਨ। ਅਧਿਆਤਮਕ ਗਿਆਨ ਤੇ ਸੰਸਾਰਕ ਗਿਆਨ।"

ਬਹੁਤ ਵੱਡੇ ਗ੍ਰਹਿਸਤੀ ਸ਼ੌਨਕ ਜਦੋਂ ਹਾਲ ਵਿਚ ਆਏ ਜਿਥੇ ਅੰਗੀਰਸ

ਬੈਠੇ ਸੀ ਉਨ੍ਹਾਂ ਨੇ ਆ ਕੇ ਬੜੀ ਮਰਿਆਦਾ ਨਾਲ ਬੜੀ ਨਮਰਤਾ ਨਾਲ ਪ੍ਰਸ਼ਨ ਪੁਛਿਆ, ਮਹਾਰਾਜ ਉਹ ਕਿਹੜਾ ਗਿਆਨ ਹੈ ਜਿਸ ਨੂੰ ਜਾਣ ਕੇ ਮਨੁੱਖ ਸਭ ਕੁਝ ਜਾਣ ਜਾਂਦਾ ਹੈ, ਸਾਰੇ ਸੰਸਾਰ ਬਾਰੇ ਪਤਾ ਲਗ ਜਾਂਦਾ ਹੈ? ਇਸ ਪ੍ਰਸ਼ਨ ਤੋਂ ਇਹ ਗੱਲ ਪਤਾ ਲਗਦੀ ਹੈ ਕਿ ਮੰਡੂਕ ਉਪਨਿਸ਼ਦ ਦਾ ਗਿਆਨ ਅੰਗੀਰਸ ਰਿਸ਼ੀ ਨੇ ਆਪਣੇ ਸਭ ਤੋਂ ਵੱਧ ਪਿਆਰੇ ਮਨ ਪਸੰਦ ਸ਼ਿਸ਼ ਸ਼ੌਂਨਕ ਨੂੰ ਦਿਤਾ ਉਸ ਨੂੰ ਦੱਸਿਆ। ਸਭ ਜਾਣਦੇ ਹਨ ਕਿ ਸ਼ੌਨਕ ਇਕ ਮੰਨਿਆ ਹੋਇਆ ਪਤਵੰਤਾ ਗ੍ਰਹਿਸਤੀ ਸੀ। ਉਹ ਕੋਈ ਤਿਆਗੀ, ਕੋਈ ਮਹਾਂਪੁਰਖ ਜਾਂ ਸੰਤ ਮਹਾਤਮਾ ਨਹੀਂ ਸੀ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਮੰਡੂਕ ਉਪਨਿਸ਼ਦ ਦਾ ਤੱਤ, ਅੰਸ਼, ਵਿਸ਼ੇ ਵਸਤੂ ਦੋਨਾਂ ਲਈ ਹਨ ਭਾਵ ਤਿਆਗੀਆਂ ਲਈ ਤੇ ਗ੍ਰਹਿਸਤੀਆਂ ਲਈ।

ਅੰਗੀਰਸ ਨੇ ਇਸ ਸਿਖਸ਼ਾ ਦਾ ਵੇਰਵਾ ਇਸ ਤਰ੍ਹਾਂ ਦਿਤਾ ਹੈ। ਦੋ ਪ੍ਰਕਾਰ ਦਾ ਗਿਆਨ ਹੈ। ਵੇਦਾਂ ਨੂੰ ਜਾਨਣ ਵਾਲੇ ਕਹਿੰਦੇ ਹਨ ਇਕ ਪਰਾ ਵਿਦਿਆ ਹੈ ਉਹ ਗਿਆਨ ਜੋ ਪਰ੍ਹੇ ਹੈ, ਦੂਸਰਾ ਹੈ ਅਪਰਾ ਵਿਦਿਆ, ਇਸ ਸੰਸਾਰ ਦਾ ਭਾਵ ਇਸ ਦਿਸਦੇ ਸੰਸਾਰ ਦਾ ਗਿਆਨ। ਜੀਵਨ ਇਕ ਵਗਦੇ ਪਾਣੀ ਦੀ ਤਰ੍ਹਾਂ ਹੈ। ਅਨੰਤਤਾ ਤੋਂ ਲੈ ਕੇ ਹੁਣ ਤਕ। ਇਸ ਦਾ ਡੂੰਘਾ ਤੇ ਸੰਪੂਰਨ ਗਿਆਨ ਉਦੋਂ ਹੀ ਹੋ ਸਕਦਾ ਹੈ ਜਦੋਂ ਦੋਨੋਂ ਕੰਢਿਆਂ ਦਾ ਪਤਾ ਲਗ ਜਾਏ। ਦੋਨੋਂ ਗਿਆਨ ਪ੍ਰਾਪਤ ਹੋ ਜਾਣ। 'ਇਸ ਕੰਡੇ' ਤੋਂ ਭਾਵ ਹੈ ਸੰਸਾਰ, ਉਸ ਕੰਡੇ ਤੋਂ ਭਾਵ ਹੈ, ਤੱਤ ਗਿਆਨ। ਸਾਡੇ ਵਿਚੋਂ ਬਹੁਤਿਆਂ ਨੂੰ ਤਾਂ ਤੱਤ ਗਿਆਨ ਦਾ ਪਤਾ ਹੀ ਨਹੀਂ ਜਾਣਦੇ ਹੀ ਨਹੀਂ। ਜਦੋਂ ਕਿ ਤੱਤ ਗਿਆਨ ਹੀ, ਪੂਰਨ ਰੂਪ ਵਿਚ ਸਾਡੇ ਗਿਆਨ ਦਾ ਮੁੱਢ ਹੈ। ਤੱਤ ਗਿਆਨ ਹੀ ਸੰਪੂਰਨ ਗਿਆਨ ਹੈ ਇਹ ਹੀ ਵਿਗਿਆਨ ਦੀ ਨੀਂਹ ਹੈ। ਇਸ ਕੰਡੇ ਦੇ ਗਿਆਨ ਦੀ ਆਪਣੀ ਮਹੱਤਤਾ ਹੈ। ਇਸ ਦੀ ਆਪਣੀ ਥਾਂ ਹੈ। ਇਸ ਸੰਸਾਰਕ ਗਿਆਨ ਨਾਲ ਤੁਸੀਂ ਦੂਸਰਿਆਂ ਦੇ ਮਨ ਨੂੰ ਜਾਣ ਸਕਦੇ ਹੋ। ਮਨ ਦੇ ਵੱਖ-ਵੱਖ ਕਰਤੱਵ ਹਨ, ਕਰਮ ਹਨ, ਇਹ ਹੀ ਸਾਨੂੰ ਕਰਣੀ ਬਾਰੇ ਵੀ ਦਸਦਾ ਹੈ। ਕਰਣੀ ਸਮਝਣੀ ਵੱਖ-ਵੱਖ ਕਾਰਜ ਸਮਝਣੇ, ਕਾਰਜ ਕਿਵੇਂ ਕੀਤੇ ਜਾਂਦੇ ਹਨ, ਕਿਵੇਂ ਕਰਨੇ ਚਾਹੀਦੇ ਹਨ। ਬੋਲਣ ਤੋਂ ਕੀ ਭਾਵ ਹੈ, ਕੀ ਕਿਵੇਂ ਤੇ ਕਿਸ ਤਰ੍ਹਾਂ ਬੋਲਣਾ ਚਾਹੀਦਾ ਹੈ। ਬੋਲਣ ਦੀ ਵਰਤੋਂ ਕਿਵੇਂ ਕਰਨੀ ਚਾਹੀਦੀ ਹੈ। ਇਹ ਗਿਆਨ ਮਨੁੱਖ ਨੂੰ ਸਫਲ ਬਣਾਉਂਦਾ ਹੈ। ਖੁਸ਼ਹਾਲ ਬਣਾਉਂਦਾ ਹੈ। ਪਰ ਜੇ ਤੱਤ ਗਿਆਨ ਦੀ ਪ੍ਰਾਪਤੀ ਨਾ ਹੋਵੇ, ਡੂੰਘੇ ਗਿਆਨ ਦੀ ਪ੍ਰਾਪਤੀ ਨਾ ਹੋਵੇ, ਸੂਖਮ ਗਿਆਨ ਦੀ ਪ੍ਰਾਪਤੀ ਨਾ ਹੋਵੇ, ਮਨੁੱਖ ਕਦੀ ਵੀ ਤ੍ਰਿਪਤ ਨਹੀਂ ਹੋ ਸਕਦਾ। ਸੰਤੋਖ, ਧੀਰਜ, ਸ਼ਾਂਤੀ ਸਭ ਤੋਂ ਉਤਮ ਖਜ਼ਾਨੇ ਹਨ, ਹਰੇਕ ਨੂੰ ਇਹ ਖਜ਼ਾਨੇ ਲੈਣੇ ਚਾਹੀਦੇ ਹਨ।

ਜਿਹੜੇ ਧਿਆਨ ਮਾਰਗ ਤੇ ਚਲਦੇ ਹਨ, ਚਿੰਤਨ ਮਾਰਗ ਤੇ ਚਲਦੇ ਹਨ, ਮੈਡੀਟੇਸ਼ਨ ਕਰਦੇ ਹਨ, ਇਹ ਉਨ੍ਹਾਂ ਦਾ ਹੀ ਕਥਨ ਹੈ।

## ਸਲੋਕ ਪੰਜਵਾਂ

"ਜੋ ਕੁਝ ਵੀ ਉਪਰ ਦੱਸਿਆ ਗਿਆ ਹੈ ਉਨ੍ਹਾਂ ਵਿਚੋਂ ਸੰਸਾਰਕ ਵਿਦਿਆ ਦੇ ਸ੍ਰੋਤ ਹਨ ਰਿਗਵੇਦ, ਯਜੁਰਵੇਦ, ਸਾਮਵੇਦ ਤੇ ਅਥਰਵੇਦ ਇਨ੍ਹਾਂ ਵਿਚ ਧੁਨੀਆਤਮਕ ਦਾ ਵਰਨਣ ਹੈ। ਕਰਮਕਾਂਡ ਬਾਰੇ ਦੱਸਿਆ ਗਿਆ ਹੈ। ਵਿਆਕਰਣ ਸਬੰਧੀ ਗਿਆਨ ਦਿਤਾ ਗਿਆ ਹੈ। ਖਗੋਲ ਵਿਗਿਆ, ਕਾਵਿ ਰਚਨਾ ਅਤੇ ਨਿਰੁਕਤੀ ਬਾਰੇ ਪੂਰਾ-ਪੂਰਾ ਗਿਆਨ ਦਿਤਾ ਗਿਆ ਹੈ। ਉਚੇਰੀ ਵਿਦਿਆ, ਵਿਗਿਆਨ ਉਹ ਹੈ ਜਿਸ ਦੀ ਸਹਾਇਤਾ ਨਾਲ ਅਜਰ, ਅਮਰ, ਅਟੱਲ ਦੇ ਤੱਤ ਗਿਆਨ ਨੂੰ ਜਾਣਿਆ ਜਾ ਸਕਦਾ ਹੈ।"

ਰਿਗਵੇਦ, ਯਜੁਰ ਵੇਦ, ਸਾਮ ਵੇਦ ਅਤੇ ਅਥਰਵੇਦ ਦੇ ਅਧਿਅਨ ਨਾਲ ਸੰਸਾਰਕ ਗਿਆਨ ਦੀ ਪੂਰਨਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਜਿਵੇਂ ਕਿ ਧੁਨੀਆਤਮਕ ਭਾਵ ਧੁਨੀਆਂ ਦਾ ਗਿਆਨ, ਕਰਮਕਾਂਡ ਦਾ ਪੂਰਾ-ਪੂਰਾ ਵਰਨਣ ਦਿਤਾ ਗਿਆ ਹੈ ਕਿਥੇ, ਕਿਵੇਂ ਕੀ-ਕੀ ਕਰਮ ਕਰਨਾ ਹੈ। ਪੂਰਾ ਦੱਸਿਆ ਗਿਆ ਹੈ, ਵਿਆਕਰਣ ਦਾ ਪੂਰਾ-ਪੂਰਾ ਗਿਆਨ ਖੋਲ੍ਹ ਕੇ ਦਿਤਾ ਗਿਆ ਹੈ। ਖਗੋਲ ਵਿਦਿਆ ਦਾ ਵਰਨਣ ਦਿਤਾ ਗਿਆ ਹੈ। ਕਾਵਿ ਰਚਨਾ ਦਾ ਗਿਆਨ ਦੱਸਿਆ ਗਿਆ ਹੈ ਤੇ ਨਾਲ ਹੀ ਨਿਰੁਕਤੀ ਬਾਰੇ ਵੀ ਦੱਸਿਆ ਗਿਆ ਹੈ। ਡੂੰਘਾ ਤੇ ਉਚਾ ਗਿਆਨ ਉਹ ਹੈ ਜਿਸ ਨਾਲ ਉਸ ਤੱਤ ਨੂੰ ਜਾਣਿਆ ਜਾ ਸਕਦਾ ਹੈ। ਬ੍ਰਹਮ ਦਾ ਗਿਆਨ ਪ੍ਰਾਪਤ ਹੁੰਦਾ ਹੈ, ਜਿਸ ਤਰ੍ਹਾਂ ਵਿਖੰਡਣ ਦਵੰਦ ਦਾ ਵਿਰੋਧ ਨਹੀਂ ਕਰਦਾ, ਉਸੇ ਤਰ੍ਹਾਂ ਅਪਰਾ ਵਿਦਿਆ ਪਰਾ ਵਿਦਿਆ ਦਾ ਵਿਰੋਧ ਨਹੀਂ ਕਰਦੀ। ਪੁਰਾਣੇ ਸਮਿਆਂ ਵਿਚ ਮਨੁੱਖ ਖੁਸ਼ਹਾਲ ਸੀ, ਰੱਜੇ ਪੁੱਜੇ ਸੀ ਪਰ ਇਸ ਤੋਂ ਇਹ ਭਾਵ ਨਹੀਂ ਕਿ ਉਹ ਖਾ ਪੀ ਕੇ ਮਸਤ ਰਹਿੰਦੇ ਸੀ। ਰੱਜੇ ਪੁੱਜੇ ਹੋਣ ਦੇ ਨਾਲ ਉਹ ਬ੍ਰਹਮ ਗਿਆਨ ਵਿਚ ਵੀ ਰੁੱਝੇ ਰਹਿੰਦੇ ਸੀ। ਬ੍ਰਹਮ ਗਿਆਨ ਬ੍ਰਹਮ ਦੀ ਪ੍ਰਾਪਤੀ ਲਈ ਚੇਸ਼ਟਾ ਵੀ ਰਖਦੇ ਸੀ ਤੇ ਨਾਲ ਹੀ ਜਤਨਸ਼ੀਲ ਵੀ ਰਹਿੰਦੇ ਸੀ।

ਇਸ ਗੱਲ ਦੇ ਦੋ ਪੱਖ ਹਨ, ਕੀ ਅਪਰਾ ਵਿਦਿਆ ਦਾ ਗਿਆਨ ਭਾਵ ਸੰਸਾਰਕ ਗਿਆਨ ਪਰਾ ਵਿਦਿਆ, ਭਾਵ ਤੱਤ ਗਿਆਨ ਪ੍ਰਾਪਤੀ ਵਿਚ ਸਹਾਇਤਾ ਕਰ ਸਕਦਾ ਹੈ? ਕੀ ਸੰਸਾਰਕ ਪ੍ਰਫੁਲਤਾ ਬ੍ਰਹਮ ਗਿਆਨ ਪ੍ਰਾਪਤੀ ਦਾ ਸਾਧਨ ਬਣ ਸਕਦੀ ਹੈ? ਕੀ ਸੰਸਾਰਕ ਗਿਆਨ ਬ੍ਰਹਮ ਗਿਆਨ ਪ੍ਰਾਪਤੀ ਦਾ ਸਾਧਨ ਬਣ ਸਕਦਾ ਹੈ? ਸੰਸਾਰ ਗਿਆਨ ਤੋਂ ਭਾਵ ਹੈ ਕਿ ਜਗਿਆਸੂ

ਕੋਲ ਜੋ ਵੀ ਸੁਵਿਧਾ ਹਨ, ਜੋ ਵੀ ਸਾਧਨ ਹਨ, ਕੀ ਇਹ ਸਭ ਬ੍ਰਹਮ ਦੀ ਖੋਜ ਲਈ ਸਹਾਇਕ ਹੋ ਸਕਦੇ ਹਨ? ਕੀ ਇਹ ਸਾਰੇ ਸਾਧਨ ਉਸ ਤਰ੍ਹਾਂ ਦਾ ਵਾਤਾਵਰਣ ਬਨਾਣ ਲਈ ਸਹਾਇਕ ਹਨ ਜਿਨ੍ਹਾਂ ਵਿਚ ਧਿਆਨ ਲਗ ਸਕੇ, ਮੈਡੀਟੇਸ਼ਨ ਹੋ ਸਕੇ, ਭਗਤੀ ਹੋ ਸਕੇ ਕਿਉਂ ਜੋ ਇਹ ਹੀ ਤੱਤ ਗਿਆਨ ਪ੍ਰਾਪਤੀ ਦੇ ਠੀਕ ਤੇ ਸੱਚੇ ਸਾਧਨ ਹਨ?

ਅਪਰਾ ਵਿਦਿਆ ਦਾ ਗਿਆਨ ਸੰਸਾਰਕ ਗਿਆਨ ਜਗਿਆਸੂ ਨੂੰ ਮੋਕਸ਼ ਤਕ ਨਹੀਂ ਲੈ ਜਾ ਸਕਦਾ। ਪਰ ਜੇ ਸੰਸਾਰ ਗਿਆਨ ਨਾ ਹੋਵੇ ਤਾਂ ਬ੍ਰਹਮਗਿਆਨ ਪ੍ਰਾਪਤੀ ਲਈ ਇਕ ਬਾਧਾ ਬਣ ਜਾਂਦਾ ਹੈ। ਇਕ ਕਾਰਣ ਜੀਵਨ ਦੀ ਪੂਰਨਤਾ ਲਈ ਪੂਰਨ ਪ੍ਰਾਪਤੀ ਤਕ ਪਹੁੰਚਣ ਲਈ ਮਨੁੱਖ ਸੰਸਾਰਕ ਗਿਆਨ ਤੋਂ ਵੀ ਬਹੁਤ ਕੁਝ ਸਿੱਖ ਸਕਦਾ ਹੈ ਪਰ ਫੇਰ ਵੀ ਇਹ ਹੀ ਕਿਹਾ ਜਾਵੇਗਾ ਕਿ ਪਰਾ ਵਿਦਿਆ ਦੇ ਗਿਆਨ ਤੋਂ ਬਿਨਾਂ ਸੰਸਾਰਕ ਗਿਆਨ ਮਨੁੱਖ ਦੇ ਦਿਲ ਦਿਮਾਗ ਨੂੰ ਪੂਰੀ ਤਰ੍ਹਾਂ ਨਾਲ ਵਿਰੁਧ ਕਰ ਦਿੰਦਾ ਹੈ ਭਾਵ ਪੂਰੀ ਤਰ੍ਹਾਂ ਮੋੜ ਤੋੜ ਦਿੰਦਾ ਹੈ ਤੇ ਮਨੁੱਖੀ ਸਯੁੰਕਤ ਕ੍ਰਿਆ, ਮਨੁੱਖੀ ਸ਼ਕਤੀ, ਬਿਖਰੀ ਅਤੇ ਬਲ ਖੇਰੂੰ-ਖੇਰੂੰ ਕਰ ਦਿੰਦਾ ਹੈ। ਮਨੁੱਖ ਦਾ ਗੋਲ ਹੈ ਪਰਾ ਵਿਦਿਆ ਦੀ ਪ੍ਰਾਪਤੀ, ਬ੍ਰਹਮਗਿਆਨ ਪ੍ਰਾਪਤੀ ਜਿਸ ਦੀ ਪ੍ਰਾਪਤੀ ਨਾਲ ਮਨੁੱਖ ਸਾਰੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ।

## ਛੇਵਾਂ ਸਲੋਕ

"ਜਿਹੜਾ ਦ੍ਰਿਸ਼ਟੀ ਤੋਂ ਪਰ੍ਹੇ ਹੈ, ਪਕੜ ਤੋਂ ਪਰ੍ਹੇ ਹੈ, ਭਾਵ ਪਕੜਿਆ ਨਹੀਂ ਜਾ ਸਕਦਾ, ਜਿਸ ਦਾ ਕੋਈ ਆਦਿ ਨਹੀਂ, ਸਰਵਤਰ ਪੂਰ ਰਿਹਾ ਹੈ ਜਿਸ ਦੇ ਕੋਈ ਹੱਥ, ਪੈਰ, ਨੇਤਰ ਨਹੀਂ ਭਾਵ ਜਿਸ ਦਾ ਕੋਈ ਅਕਾਰ ਹੀ ਨਹੀਂ ਜੋ ਪਰਮ ਸਤਿ ਹੈ। ਅਜਰ ਹੈ, ਅਟੱਲ ਹੈ, ਅਮਰ ਹੈ, ਸੂਖਮ ਹੈ, ਸਤਿ ਸੀ, ਸਤਿ ਹੈ, ਸਤਿ ਰਹੇਗਾ। ਸਤਿ ਤੋਂ ਉਤਪੰਨ ਹੋਇਆ ਹੈ, ਕੇਵਲ ਬ੍ਰਹਮਗਿਆਨੀ, ਪ੍ਰਭੂ ਪਿਆਰੇ ਹੀ ਉਸ ਨੂੰ ਦੇਖ ਸਕਦੇ ਹਨ।"

(ਜਿਵੇਂ ਕਿ ਜਪੁਜੀ ਸਾਹਿਬ ਵਿਚ ਹੈ, ੧ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰਨ ਗੁਰ ਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ)

ਸੱਚੀ ਸ਼ਕਤੀ ਤਾਂ ਅੰਦਰ ਹੀ ਹੈ ਸਾਰੇ, ਸਾਰੀ ਸੰਭਵਤਾ ਵੀ ਅੰਦਰ ਹੀ ਹੈ, ਬਾਹਰੀ ਸੰਸਾਰ ਤਾਂ ਕੇਵਲ ਅੰਦਰ ਵਸਦੀਆਂ ਸ਼ਕਤੀਆਂ ਦਾ ਪ੍ਰਗਟਾਵਾ ਹੀ ਹੈ, ਸਾਡੀਆਂ ਗਿਆਨ ਇੰਦ੍ਰੀਆਂ ਦੇ ਪ੍ਰਤੱਖ ਗਿਆਨ ਤੋਂ ਪਰ੍ਹੇ ਹੈ, ਸਾਡੇ ਦਿਮਾਗ ਤੋਂ ਵੀ ਪਰ੍ਹੇ ਹੈ। ਸਾਡੀ ਬੁੱਧੀ ਦੀ ਦਿਮਾਗ ਦੀ

ਪਕੜ ਤੋਂ ਪਾਰ ਹੈ। ਉਸ ਦਾ ਸੰਕਲਪ ਕਰਨਾ ਵੀ ਔਖਾ ਹੈ ਭਾਵ ਸੰਕਲਪੀਕਰਣ ਤੋਂ ਵੀ ਪਰ੍ਹੇ ਹੈ। ਮਨ ਨੂੰ ਸਿਖਾਇਆ ਜਾ ਸਕਦਾ ਹੈ ਉਸ ਨੂੰ ਟਰੇਨਿੰਗ ਦਿਤੀ ਜਾ ਸਕਦੀ ਹੈ ਕਿ ਉਹ ਸੰਸਾਰਕ ਗਿਆਨ ਪ੍ਰਾਪਤ ਕਰ ਸਕੇ ਤੇ ਨਾਲ ਹੀ ਉਹ ਗਿਆਨ ਪ੍ਰਕਾਸ਼ ਲਈ ਬਾਧਾ ਨਾ ਬਣੇ। ਪਰ ਮਨ ਦੀ ਆਪਣੀ ਕੋਈ ਇਹੋ ਜਿਹੀ ਸ਼ਕਤੀ ਨਹੀਂ ਹੈ ਜਿਹੜੀ ਮਨ ਨੂੰ ਸੰਪੂਰਨਤਾ ਤਕ, ਪੂਰਨ ਸਤਿ ਦੇ ਗਿਆਨ ਤਕ ਲੈ ਜਾਵੇ।

ਉਚੇਰਾ ਤੇ ਡੂੰਘਾ ਗਿਆਨ ਨੇਤਰਾਂ ਤੋਂ ਪਰ੍ਹੇ ਇੰਦਰੀਆਂ ਤੋਂ ਪਰ੍ਹੇ ਹੈ, ਕਿਉਂਕਿ ਉਹ ਗਿਆਨ ਇੰਦਰੀਆਂ ਦੀ ਪਕੜ ਤੋਂ ਪਰ੍ਹੇ ਹੈ ਇਸੇ ਕਰਕੇ ਉਸਨੂੰ ਗ੍ਰਹਿਣ ਨਹੀਂ ਕੀਤਾ ਜਾ ਸਕਦਾ। ਪਰ ਇਹ ਉਚੇਰੀ ਤੇ ਡੂੰਘੀ ਵਿਦਿਆ ਹੀ ਹੈ ਜਿਹੜੀ ਸਾਰੇ ਗਿਆਨ ਦਾ ਸਰੋਤ ਹੈ, ਇਹ ਗਿਆਨ ਕਦੀ ਵੀ ਪੈਦਾ ਨਹੀਂ ਸੀ ਹੋਇਆ। ਇਸੇ ਕਰਕੇ ਇਸ ਦੀਆਂ ਕੋਈ ਵਿਸ਼ੇਸ਼ਤਾਵਾਂ ਨਹੀਂ ਹਨ, ਕੋਈ ਹੋਰ ਗੁਣ ਨਹੀਂ ਹਨ, ਇਸ ਗਿਆਨ ਦੇ ਕੋਈ ਕੰਨ, ਅੱਖਾਂ, ਹੱਥ, ਪੈਰ ਨਹੀਂ ਹਨ। ਇਹ ਗਿਆਨ ਅਸੀਮ ਹੈ ਤੇ ਇਸ ਨੂੰ ਨਾਪਿਆ ਤੋਲਿਆ ਨਹੀਂ ਜਾ ਸਕਦਾ। ਇਹ ਗਿਆਨ ਸੂਖਮ ਤੋਂ ਅਤਿ ਸੂਖਮ ਹੈ ਤੇ ਇਸ ਦਾ ਵਰਨਣ ਨਹੀਂ ਕੀਤਾ ਜਾ ਸਕਦਾ।

ਰਿਸ਼ੀਆਂ ਮੁਨੀਆਂ ਨੇ ਘੋਰ ਤਪਸਿਆ ਕਰਕੇ ਧਿਆਨ ਲਗਾ ਕੇ ਮੈਡੀਟੇਸ਼ਨ ਕਰਕੇ ਬੜੀ ਸ਼ਾਂਤੀ, ਸੰਤੁਲਨ ਵਿਚ ਰਹਿ ਕੇ, ਇਸ ਗਿਆਨ ਦੀ ਪ੍ਰਾਪਤੀ ਕੀਤੀ, ਇਹ ਗਿਆਨ ਉਨ੍ਹਾਂ ਨੂੰ ਪ੍ਰਗਟ ਹੋਇਆ ਹੈ, ਅੰਦਰੋਂ ਜਾਗਰਣ ਹੋਇਆ ਹੈ, ਇਕ ਉਦਾਹਰਣ ਨਾਲ ਤੁਸੀਂ ਚੰਗੀ ਤਰ੍ਹਾਂ ਨਾਲ ਸਮਝ ਜਾਓਗੇ। ਜਿਵੇਂ ਕਿ ਦਰਖਤ ਦੇ ਬੀਜ ਵਿਚ ਦਰਖਤ ਦੇ ਪੂਰੇ-ਪੂਰੇ ਗੁਣ ਹੁੰਦੇ ਹਨ। ਜੜ੍ਹਾਂ ਤੋਂ ਲੈ ਕੇ ਉਸ ਦੀਆਂ ਟਾਹਣੀਆਂ, ਪੱਤੇ, ਫੁੱਲ, ਫਲ ਉਸ ਤਰ੍ਹਾਂ ਹੀ ਇਹ ਸਭ ਕੁਝ ਇਥੇ ਹੈ, ਸਭ ਜਗ੍ਹਾ ਹੈ, ਜੜ੍ਹ ਵਿਚ ਹੈ ਚੇਤਨ ਵਿਚ ਹੈ। ਸਭ ਕੁਝ ਹੀ ਬ੍ਰਹਮ ਤੋਂ ਹੀ ਪੈਦਾ ਹੋਇਆ ਹੈ।

ਇਸੇ ਕਰਕੇ ਸਿਆਣੇ ਕੇਵਲ ਬ੍ਰਹਮਗਿਆਨ ਦੀ ਹੀ ਖੋਜ ਕਰਦੇ ਹਨ, ਜੋ ਅਜਰ ਹੈ, ਅਮਰ ਹੈ, ਅਟੱਲ ਹੈ। ਇਸ ਮੰਤਰ ਦਾ ਪਹਿਲਾ ਭਾਗ ਪਰਮ ਸਤਿ ਬਾਰੇ ਹੈ, ਇਸ ਨੂੰ ਵਰਨਣ ਕਰਨ ਲਈ ਬਹੁਤ ਸਾਰੇ ਸਕਾਰਾਤਮਕ ਵਿਸ਼ੇਸ਼ਣ ਵਰਤੇ ਗਏ ਹਨ। ਦੂਸਰੇ ਭਾਗ ਦੇ ਮੰਤਰ ਵਿਚ, ਪਰਮ ਸਤਿ ਦੀ ਵਿਆਖਿਆ ਸਕਾਰਾਤਮਕ ਵਿਸ਼ੇਸ਼ਣ ਵਰਤ ਕੇ ਕੀਤੀ ਗਈ ਹੈ, ਗੁਣਾਂ ਰਹਿਤ, ਵਿਸ਼ੇਸ਼ਤਾਵਾਂ ਰਹਿਤ, ਕਲਾ ਇਕ ਬ੍ਰਹਮਾ ਹੀ ਹੈ, ਉਸ ਦੀ ਆਪਣੀ ਹੀ ਹੋਂਦ ਹੈ, ਉਸ ਦੀ ਸਚਾਈ ਹੀ ਸਰਵਤਰ ਭਰਪੂਰ ਹੈ, ਪਰ ਉਸ ਦੀ ਆਪਣੀ ਨਾ ਕੋਈ ਪਛਾਣ ਹੈ, ਨਾ ਹੀ ਉਹ ਕਿਸੇ ਚੀਜ਼ ਤੋਂ ਪ੍ਰਭਾਵਿਤ

ਹੁੰਦੀ ਹੈ।

## ਸੱਤਵਾਂ ਸਲੋਕ

"ਜਿਵੇਂ ਮੱਕੜੀ ਆਪਣਾ ਜਾਲ ਬੁਣਦੀ ਹੈ, ਜਿਵੇਂ ਸਾਰੇ ਪੌਦਿਆਂ ਤੇ ਫਲ ਜਾਂ ਜੜ੍ਹੀਆਂ ਬੂਟੀਆਂ ਲਗਦੀਆਂ ਹਨ, ਇਹ ਸਾਰੇ ਬੂਟੇ ਧਰਤੀ ਤੋਂ ਹੀ ਪੈਦਾ ਹੁੰਦੇ ਹਨ, ਜਾਂ ਕਹਿ ਲਵੋ ਕਿ ਜਿਵੇਂ ਮਨੁੱਖੀ ਸਰੀਰ ਤੇ ਬਾਲ ਉਗਦੇ ਹਨ, ਠੀਕ ਇਸੇ ਪ੍ਰਕਾਰ ਵਿਸ਼ਵ ਪਰਮ ਸਤਿ, ਅਜਰ, ਅਮਰ ਆਦਿ ਸਚੁ, ਜੁਗਾਦਿ ਸਚੁ, ਅਵਿਨਾਸ਼ੀ ਤੋਂ ਹੋਇਆ ਹੈ।"

ਇਸ ਸਲੋਕ ਵਿਚ ਸਾਧਾਰਣ ਮਿਸਾਲਾਂ ਦੇ ਕੇ ਦੱਸਿਆ ਗਿਆ ਹੈ ਕਿ ਬ੍ਰਹਮਾ ਹੀ ਪਰਮ-ਸ਼ੁਭ ਪ੍ਰਮਾਰਥ ਹਨ। ਬ੍ਰਹਮਾ ਹੀ ਸਭ ਦੇ ਸਾਰਿਆਂ ਦੇ ਜਨਮ ਦਾਤਾ ਹਨ। ਜਿਵੇਂ ਕਿ ਮੱਕੜੀ ਜਾਲ ਬੁਣ ਕੇ, ਫੇਰ ਉਸ ਜਾਲ ਦੇ ਅੰਦਰ ਚਲੀ ਜਾਂਦੀ ਹੈ ਤੇ ਫੇਰ ਉਸ ਵਿਚੋਂ ਧਾਗੇ ਖਿਚਦੀ ਹੈ, ਬਿਲਕੁਲ ਇਸ ਤਰ੍ਹਾਂ ਹੀ ਬ੍ਰਹਮਾ ਕਰਦੇ ਹਨ, ਜਨਮ ਦਿੰਦੇ ਹਨ, ਇਸ ਵਿਸ਼ਵ ਦੇ ਰਚਿਤਾ ਹਨ ਤੇ ਮੁੜ ਮੁੜ ਕੇ ਇਸ ਨੂੰ ਉਲੀਕਦੇ ਹਨ। ਅੱਗੇ ਲਿਆਉਣਾ ਵਿਸ਼ਵ ਵਿਚ ਲਿਆਉਣਾ ਹੀ ਰਚਨਾ ਹੈ, ਤੇ ਇਥੋਂ ਹਟ ਜਾਣ ਨੂੰ ਵਿਨਾਸ਼ ਕਹਿੰਦੇ ਹਨ। ਜਿਵੇਂ ਕਿ ਸਾਰੇ ਪਲੈਨ ਇਕ ਦਮ ਬਿਨਾਂ ਕਿਸੇ ਉਪਰਾਲੇ ਦੇ ਕਿਸੇ ਜਤਨ ਦੇ ਇਸ ਧਰਤੀ ਤੇ ਉਲੀਕੇ ਜਾਂਦੇ ਹਨ। ਇਸ ਤਰ੍ਹਾਂ ਹੀ ਇਹ ਵਿਸ਼ਵ ਆਪਣੇ ਸਰੋਤ ਤੋਂ ਉਤਪੰਨ ਹੁੰਦਾ ਹੈ, ਸਰੋਤ ਹੈ ਪਰਮ ਸਤਿ ਬ੍ਰਹਮਾ।

ਬ੍ਰਹਮਾ ਨੂੰ ਕਿਸੇ ਦੀ ਵੀ ਸਹਾਇਤਾ ਦੀ, ਕਿਸੇ ਦੀ ਮਦਦ ਦੀ ਅਵਸ਼ਕਤਾ ਨਹੀਂ ਹੈ। ਕਿਸੇ ਦੇਵੀ ਦੇਵਤਾ ਦੀ ਮਦਦ ਦੀ ਵੀ ਜ਼ਰੂਰਤ ਨਹੀਂ ਹੈ। ਜਿਵੇਂ ਕਿ ਮੱਕੜੀ ਦਾ ਧਾਗਾ ਮੱਕੜੀ ਦੇ ਸਰੀਰ ਤੋਂ ਵੱਖ ਨਹੀਂ ਹੈ, ਇਸੇ ਤਰ੍ਹਾਂ ਵਿਸ਼ਵ ਬ੍ਰਹਮਾ ਤੋਂ ਵੱਖ ਨਹੀਂ ਹੈ, ਪੁਲਾੜ ਵੱਖ-ਵੱਖ ਗ੍ਰਹਿ, ਬ੍ਰਿਖ, ਝਾੜੀਆਂ ਇਹ ਧਰਤੀ ਤੋਂ ਵੱਖ ਨਹੀਂ ਹਨ, ਮਨੁੱਖ ਦੇ ਬਾਲ ਮਨੁੱਖ ਦੇ ਸਿਰ ਤੋਂ ਵੱਖ ਨਹੀਂ ਹਨ। ਬਾਲ ਭਾਵੇਂ ਸਿਰ ਤੇ ਹੁੰਦੇ ਹਨ ਫੇਰ ਵੀ ਗਤੀਹੀਣ ਹੁੰਦੇ ਹਨ। ਜਿਵੇਂ ਬਾਲ ਸਿਰ ਤੇ ਜਾਂ ਸਰੀਰ ਤੇ ਬਿਨਾਂ ਕਿਸੇ ਕੋਸ਼ਿਸ਼ ਦੇ ਉਗਦੇ ਹਨ, ਕਿਸੇ ਕਿਸਮ ਦਾ ਕੋਈ ਵੀ ਜ਼ੋਰ ਖਿੱਚ ਮਹਿਸੂਸ ਨਹੀਂ ਹੁੰਦੀ। ਬਿਲਕੁਲ ਇਸ ਤਰ੍ਹਾਂ ਹੀ ਬ੍ਰਹਮਾ ਤੋਂ ਬੁੱਧੀ, ਤੀਬਰਤਾ, ਸਿਆਣਪਤਾ ਪੈਦਾ ਹੁੰਦੀ ਹੈ। ਸਾਰਾ ਵਿਸ਼ਵ ਉਸ ਤਰ੍ਹਾਂ ਹੀ ਬਿਨਾਂ ਕਿਸੇ ਗਤੀ ਦੇ ਬਿਨਾਂ ਕਿਸੇ ਉਚੇਚੇ ਦੇ ਪੈਦਾ ਹੁੰਦਾ ਹੈ, ਉਤਪੰਨ ਹੁੰਦਾ ਹੈ।

ਸਭ ਤੋਂ ਪਹਿਲੀ ਮਿਸਾਲ ਵਿਚ ਦੱਸਿਆ ਗਿਆ ਹੈ ਕਿ ਬ੍ਰਹਮ ਹੀ

ਵਿਸ਼ਵ ਦੇ ਰਚੈਤਾ ਹਨ ਤੇ ਬ੍ਰਹਮਾ ਹੀ ਨਿਵਾਸ਼ ਦੇ ਕਾਰਣ ਹਨ। ਦੂਸਰੇ ਉਦਾਹਰਣ ਵਿਚ ਦੱਸਿਆ ਗਿਆ ਹੈ ਕਿ ਵਿਸ਼ਵ ਦੀ ਰਚਨਾ ਤੋਂ ਬਾਅਦ ਵੀ ਇਹ ਗੱਲ ਬ੍ਰਹਮਾ ਤੇ ਹੀ ਨਿਰਭਰ ਹੈ ਕਿ ਇਹ ਵਿਸ਼ਵ ਇਹ ਸੰਸਾਰ ਬ੍ਰਹਮਾ ਤੇ ਹੀ ਪੂਰੀ ਤਰ੍ਹਾਂ ਨਾਲ ਨਿਰਭਰ ਹੈ। ਤੀਸਰੀ ਮਿਸਾਲ ਵਿਚ ਦੱਸਿਆ ਗਿਆ ਹੈ ਕਿ ਵਿਸ਼ਵ ਦਾ ਪ੍ਰਗਟਾਵਾ, ਪਸਾਰਾ ਬਿਲਕੁਲ ਕਿਸੇ ਵੀ ਕੋਸ਼ਿਸ਼ ਤੋਂ ਕਿਸੇ ਵੀ ਉਚੇਚ ਤੋਂ ਰਹਿਤ ਹੈ। ਇਹ ਇਕ ਬਹੁਤ ਹੀ ਰੌਚਕ ਗੱਲ ਹੈ ਕਿ ਵਿਸ਼ਵ ਦਾ ਪਾਸਾਰ ਸਤਿ ਦੀ ਕਾਇਆ ਪਲਟ ਨਹੀਂ ਹੈ ਜਾਂ ਕਹਿ ਲਓ ਕਿ ਰੂਪ ਪਰਿਵਰਤਨ ਨਹੀਂ ਹੈ। ਇਹ ਤਾਂ ਕੇਵਲ ਇਕ ਵਿਉਂਤ ਹੈ, ਇਕ ਪਰਛਾਵਾਂ ਹੈ, ਇਕ ਚਲ ਚਿੱਤਰ ਹੈ। ਇਸ ਪ੍ਰਕਾਰ ਬ੍ਰਹਮਾ ਇਕ ਵਾਸਤਵਿਕ ਤੇ ਇਕ ਸਮਰੱਥ ਕੁਸ਼ਲ ਕਾਰਣ ਹੈ। ਇਕ ਸੁਭਾਵਿਕ ਪ੍ਰਕਾਰ ਕੀਤੀ ਗਈ ਰਚਨਾ, ਜਾਂ ਕਹਿ ਲਓ ਇਕ ਸੁਭਾਵਿਕ ਰਚਨਾ, ਬੜੇ ਸਹਿਜ ਬਹੁਤ ਸਰਲ ਤਰੀਕੇ ਨਾਲ ਦੱਸੀ ਗਈ ਹੈ। ਬ੍ਰਹਮਾ ਬਿਨਾਂ ਕਿਸੇ ਮਦਦ ਦੇ ਬਿਨਾਂ ਕਿਸੇ ਦੇ ਯੋਗਦਾਨ ਦੇ ਇਸ ਵਿਸ਼ਵ ਨੂੰ ਅਕਾਰ ਦਿੰਦੇ ਹਨ, ਪ੍ਰਤੱਖ ਕਰਦੇ ਹਨ ਤੇ ਅੰਤ ਵਿਚ ਇਹ ਵਿਸ਼ਵ ਬ੍ਰਹਮਾ ਵਿਚ ਹੀ ਲੀਨ ਹੋ ਜਾਂਦਾ ਹੈ।

## ਅੱਠਵਾਂ ਸਲੋਕ

ਬ੍ਰਹਮਾ ਦਾ ਜ਼ਹੂਰ, ਬ੍ਰਹਮਾ ਦਾ ਪ੍ਰਕਾਸ਼ ਗਿਆਨ ਨਾਲ ਹੁੰਦਾ ਹੈ। ਗਿਆਨ ਤੋਂ ਹੀ ਉਸ ਦਾ ਅਹਾਰ ਮਿਲਦਾ ਹੈ, ਗਿਆਨ ਹੀ ਉਸ ਦੇ ਆਹਾਰ ਦਾ ਨਚੋੜ ਹੈ। ਉਸ ਤੋਂ ਹੀ ਪ੍ਰਾਣਾਂ ਦਾ ਵਿਸਤਾਰ ਹੁੰਦਾ ਹੈ। ਪ੍ਰਾਣ ਜੋ ਜੀਵਨ ਦਾ ਅਧਾਰ ਹਨ, ਮਨ ਦਾ ਆਧਾਰ ਹਨ ਤੇ ਪੰਜ ਤੱਤ (ਧਰਤੀ, ਪਾਣੀ, ਅੱਗ, ਹਵਾ ਤੇ ਆਕਾਸ਼) ਕਰਮਾਂ ਦਾ ਚੱਕਰ ਤੇ ਕਰਮਾਂ ਦੇ ਫਲ ਜਿਨ੍ਹਾਂ ਨੂੰ ਬਦਲਿਆ ਨਹੀਂ ਜਾ ਸਕਦਾ।

ਬ੍ਰਹਮ ਨੇ ਪ੍ਰਸੰਨ ਹੋ ਕੇ ਜਗਤ ਦੀ ਰਚਨਾ ਕੀਤੀ। ਇਥੇ ਇਹ ਜਾਣ ਲੈਣਾ ਜ਼ਰੂਰੀ ਹੋਵੇਗਾ ਕਿ ਤਪਸ ਸ਼ਬਦ ਦੇ ਅਰਥ, ਵੱਖ-ਵੱਖ ਗ੍ਰੰਥਾਂ ਵਿਚ ਵੱਖ-ਵੱਖ ਹਨ। ਇਥੇ ਤਪਸ਼ ਤੋਂ ਭਾਵ ਹੈ ਡੂੰਘਾ, ਗੰਭੀਰ ਤੇ ਅਨੰਦਮਈ। ਪੰਤਾਜਲ ਜੋ ਕਿ ਯੋਗ ਨੂੰ ਕਰਮਬੱਧ ਕਰਨ ਵਾਲੇ ਸੀ ਉਨ੍ਹਾਂ ਅਨੁਸਾਰ ਤਪਸ ਤੋਂ ਭਾਵ ਹੈ ਮਨ ਤੇ ਕਾਬੂ ਕਰਨਾ, ਮਨ ਤੇ ਨਿਅੰਤਰਣ ਰੱਖ ਕੇ ਮਨ ਦੀ ਸ਼ਕਤੀ ਨੂੰ ਖ਼ੈ ਨਾ ਹੋਣ ਦੇਣਾ, ਸ਼ਕਤੀ ਨੂੰ ਇੰਦਰੀਆਂ ਰਾਹੀਂ ਨਾ ਖਤਮ ਕਰ ਦੇਣਾ। ਅਨੁਸਾਸ਼ਨ ਰਾਹੀਂ ਜਗਿਆਸੂ ਨੂੰ ਇੰਦਰੀਆਂ ਦੀ ਸ਼ਕਤੀ ਨੂੰ ਨਿਯਮਬੱਧ ਕਰਨ ਵਿਚ ਸਹਾਇਤਾ ਮਿਲਦੀ ਹੈ।

ਕਿਸੇ ਵੀ ਅਭਿਲਾਸ਼ੀ ਨੂੰ ਜਤਨ ਕਰਨਾ ਪੈਂਦਾ ਹੈ, ਪਰ ਬ੍ਰਹਮਾ ਵਾਸਤੇ ਇਹ ਸਭ ਕੁਝ ਸੁਤੇ ਹੀ ਹੋ ਜਾਂਦਾ ਹੈ, ਬਿਲਕੁਲ ਬਿਨਾਂ ਕਿਸੇ ਜਤਨ ਕਰਨ ਦੇ। ਬਿਲਕੁਲ ਇਹ ਸਹਿਜ ਅਨੰਦ ਅਵਸਥਾ ਵਿਚ। ਆਪਣੇ ਗਿਆਨ ਨਾਲ ਬ੍ਰਹਮਾ ਨੇ ਇਸ ਸੰਸਾਰ ਨੂੰ ਪ੍ਰਗਟ ਕੀਤਾ ਤੇ ਬਿਲਕੁਲ ਇਕ ਗਣਿਤ ਦੇ ਗਿਆਨ ਦੇ ਅਧਾਰ ਤੇ ਹੀ ਇਕ ਤੋਂ ਅਨੇਕ ਪ੍ਰਗਟ ਕੀਤੇ। ਤੁਸੀਂ ਕੋਈ ਵੀ ਅੰਕ ਲੈ ਲਵੋ। ਉਸ ਦੇ ਅੰਦਰ ਦੀ ਮਹੱਤਤਾ ਪਹਿਲੇ ਅੰਕ ਨਾਲ ਜੁੜੀ ਹੁੰਦੀ ਹੈ। ਇਕ ਤੋਂ ਬਿਨਾਂ ਕਿਸੇ ਵੀ ਅੰਕ ਦੀ ਕੋਈ ਕੀਮਤ ਹੀ ਨਹੀਂ, ਸ਼ੂਨਯ ਦੀ ਜਾਂ ਕਹਿ ਲਵੋ ਜ਼ੀਰੋ ਦੀ ਆਪਣੀ ਕੋਈ ਕੀਮਤ ਨਹੀਂ, ਜਦੋਂ ਤਕ ਉਸ ਨਾਲ ਇਕ ਨਾ ਲਗਾਇਆ ਜਾਵੇ।

ਇਸ ਤੋਂ ਇਹ ਭਾਵ ਹੈ ਕਿ ਅੱਜ ਦੇ ਸਮੇਂ ਵਿਚ ਗਣਿਤ ਤੋਂ ਬਿਨਾਂ ਕੋਈ ਵੀ ਵਿਗਿਆਨ ਪੂਰਾ ਨਹੀਂ, ਸਾਰੇ ਵਿਗਿਆਨ ਦਾ ਆਧਾਰ ਗਣਿਤ ਹੀ ਹੈ। ਅੱਜ ਦਾ ਵਿਗਿਆਨ ਇਕ ਦੀ ਵਰਤੋਂ ਕਰਕੇ, ਬਾਅਦ ਵਿਚ ਬਾਕੀ ਅੰਕਾਂ ਦੀ ਵਰਤੋਂ ਕਰਦਾ ਹੈ ਤੇ ਬਾਕੀ ਦੇ ਅੰਕ ਕੇਵਲ ਦੌਹਰਾਏ ਜਾਂਦੇ ਹਨ। ਬਾਰ-ਬਾਰ ਲਿਖੇ ਜਾਂਦੇ ਹਨ। ਇਸੇ ਪ੍ਰਕਾਰ ਕੇਵਲ ਤੇ ਕੇਵਲ ਇਕ ਹੀ ਸਤਿ ਹੈ, ਸਰਬ ਵਿਆਪਕ ਹੈ, ਸਚੁ ਹੈ, ਆਪਣੇ ਅਨੰਦ ਵਿਚ ਹੈ, ਆਪਣੀ ਇੱਛਾ ਨਾਲ ਹੈ ਤੇ ਆਪ ਹੀ ਇਕ ਤੋਂ ਅਨੇਕ ਹੁੰਦਾ ਹੈ।

ਧਰਤੀ ਤੇ ਅੰਨ ਪੈਦਾ ਹੁੰਦਾ ਹੈ, ਧਰਤੀ ਨੂੰ ਤਪਸ਼ ਨਾਲ ਪ੍ਰਤੱਖ ਕੀਤਾ ਗਿਆ। ਜਿਸ ਨਾਲ ਜੀਵਨ ਜੀਉਣ ਲਈ ਸਹਾਇਤਾ ਮਿਲਦੀ ਹੈ ਤੇ ਹਰ ਸਮੇਂ ਪ੍ਰਾਣ ਸ਼ਕਤੀ ਮਿਲਦੀ ਹੈ। ਉਸ ਸਰੀਰ ਨੂੰ ਸ਼ਕਤੀ ਮਿਲਦੀ ਹੈ ਜਿਹੜਾ ਸੂਖਮ ਹੈ। ਇਹ ਕਿਹਾ ਜਾ ਸਕਦਾ ਹੈ ਕਿ ਜੀਵਨ ਦਾ ਸਭ ਤੋਂ ਪਹਿਲਾ ਹਿੱਸਾ ਤਪਸ਼, ਗਰਮੀ ਹੈ ਜਿਸ ਨਾਲ ਮਨ ਤੇ ਪ੍ਰਾਣ ਸਾਕਾਰ ਹੁੰਦੇ ਹਨ ਉਸ ਤੋਂ ਪਿਛੋਂ ਬਾਕੀ ਤੱਤ ਆਉਂਦੇ ਹਨ, ਕਿਉਂ ਜੋ ਭੋਜਨ ਤੋਂ ਸ਼ਕਤੀ ਆਉਂਦੀ ਹੈ ਫੇਰ ਮਨ ਆਉਂਦਾ ਹੈ।

ਇਹ ਬਿਲਕੁਲ ਸਚ ਹੈ ਕਿ ਭੋਜਨ ਤੋਂ ਬਿਨਾਂ ਮਨ ਕੰਮ ਨਹੀਂ ਕਰ ਸਕਦਾ ਤੇ ਮਨ ਦੇ ਕਾਰਜ ਕਰਨ ਤੋਂ ਬਿਨਾਂ ਕੋਈ ਵੀ ਕੰਮ ਨਹੀਂ ਹੋ ਸਕਦਾ। ਜਦੋਂ ਕੋਈ ਕਾਰਜ ਕਰਨ ਲਗਦਾ ਹੈ, ਉਹ ਉਲਝ ਜਾਂਦਾ ਹੈ ਉਹ ਕਰਮਾਂ ਦੀ ਘੁੰਮਣ ਘੇਰੀ ਵਿਚ ਪੈ ਜਾਂਦਾ ਹੈ ਕਿਉਂਕਿ ਮਨੁੱਖ ਕੋਲ ਕਲਾ ਹੀ ਨਹੀਂ ਹੈ ਕਿ ਉਹ ਕਰਮ ਕਿਵੇਂ ਕਰੇ ਜਿਸ ਕਰਕੇ ਮਨੁੱਖ ਸੰਤਾਪ ਵਿਚ ਪੈ ਜਾਂਦਾ ਹੈ ਤੇ ਆਪਣੇ ਆਪ ਲਈ ਬੰਧਨ ਖੜ੍ਹੇ ਕਰ ਲੈਂਦਾ ਹੈ।

ਸਾਧਾਰਨ ਤੌਰ ਤੇ ਤਪਸ਼ ਤੋਂ ਭਾਵ ਹੈ, ਤਪ, ਗਰਮੀ, ਗਰਮਾਇਸ਼ ਤੇ

ਸੋਚ, ਪਰ ਪੱਛਮੀ ਫਿਲੋਸਫਰ ਬਹੁਤ ਵਾਰੀ ਤਪਸ ਤੋਂ ਭਾਵ ਚਿੰਤਾਤੁਰ ਹੋਣਾ, ਵਿਚਾਰ ਮਗਨ ਹੋਣਾ ਲੈਂਦੇ ਹਨ। ਜਦੋਂ ਤਪਸ ਦੀ ਵਰਤੋਂ ਬ੍ਰਹਮਾ ਲਈ ਕੀਤੀ ਜਾਂਦੀ ਹੈ, ਫੇਰ ਤਪਸ ਗਿਆਨ ਵਿਚ ਪਰਵਰਤਿਤ ਹੋ ਜਾਂਦਾ ਹੈ, ਉਹ ਗਿਆਨ ਜਿਹੜਾ ਵਿਸ਼ਵ ਵਿਚ ਸਾਕਾਰ ਹੋ ਕੇ ਵਿਸ਼ਵ ਨੂੰ ਹੀ ਪ੍ਰਗਟਾਉਂਦਾ ਹੈ, ਉਘਾੜਦਾ ਹੈ। 'ਅੰਨਮ' ਸ਼ਬਦ ਦਾ ਅਰਥ ਹੈ ਅਨਾਜ। ਇਸ ਤੋਂ ਭਾਵ ਹੈ ਜੋ ਵੀ ਤੁਸੀਂ ਖਾਂਦੇ ਹੋ, ਤੁਸੀਂ ਉਸ ਦਾ ਅਨੰਦ ਲਓ ਉਸ ਵਿਚ ਖੁਸ਼ੀ ਪ੍ਰਾਪਤ ਕਰੋ ਤਾਂ ਜੋ ਤੁਸੀਂ ਚੰਗੀ ਤੇ ਸੁਅਸਥ ਸਿਹਤ ਮਾਣ ਸਕੋ ਤਾਂ ਜੋ ਸਰੀਰ ਇਕ ਚੰਗਾ ਤੇ ਸੁਅਸਥ ਸਾਧਨ ਬਣ ਸਕੇ।

ਪ੍ਰਾਣ ਸ਼ਬਦ ਦੇ ਵੀ ਵੱਖ-ਵੱਖ ਅਰਥ ਹਨ। ਇਕ ਪ੍ਰਾਣ ਜੀਵਨ ਦਾ ਅਧਾਰ ਹਨ, ਸ਼ਕਤੀ ਹਨ, ਜੀਵਨ ਅੰਗ ਹਨ, ਜੀਵਨਮਈ ਹਨ ਜਿਵੇਂ ਕਿ ਉਪਨਿਸ਼ਦਾਂ ਵਿਚ ਦੱਸਿਆ ਗਿਆ ਹੈ। ਪ੍ਰਾਣ ਜੀਵਨ ਦਾ ਪਹਿਲਾ ਪ੍ਰਕਾਸ਼ ਹਨ ਪਹਿਲਾ ਪ੍ਰਮਾਣ ਹਨ, ਇਥੇ ਸ਼ਬਦ ਦਾ ਅਰਥ ਹੈ 'ਸੋਨੇ ਦੇ ਅੰਡੇ' 'ਹਿਰਨ ਗਰਭ' ਇਹ ਉਹ ਕੇਂਦਰ ਹੈ ਜਿਥੋਂ ਸ਼ਕਤੀ ਵੱਖ-ਵੱਖ ਥਾਵਾਂ ਨੂੰ ਵੱਖ-ਵੱਖ ਹਿਸਿਆ ਨੂੰ ਜਾਂਦੀ ਹੈ। ਹਿੰਦੂ ਧਰਮ ਵਿਚ ਬ੍ਰਹਮਾ ਨੂੰ ਸੰਸਾਰ ਦੇ ਰਚੇਤਾ ਕਿਹਾ ਗਿਆ ਹੈ। ਜਾਂ 'ਹਿਰਨ ਗਰਭ' ਇਸ ਸ਼ਲੋਕ ਵਿਚ ਉਨ੍ਹਾਂ ਪੰਜਾਂ ਤੱਤਾਂ ਦਾ ਵੀ ਵਰਨਣ ਹੈ ਜਿਨ੍ਹਾਂ ਤੋਂ ਸੰਸਾਰ ਦੀ ਰਚਨਾ ਹੋਈ ਹੈ।

ਇਸ ਸੰਸਾਰ ਵਿਚ ਕੰਮ ਤੇ ਕਰਮ ਫਲ ਨਾਲ ਸਬੰਧ ਰਖਦੇ ਹਨ, ਇਹ ਇਕ ਲੰਮੀ ਕੜੀ ਹੈ ਕਰਮ, ਫੇਰ ਉਸ ਦਾ ਫਲ, ਫੇਰ ਕਰਮ ਫੇਰ ਫਲ। ਜਗਿਆਸੂ ਜਦੋਂ ਸਤਿ ਦੀ ਪ੍ਰਾਪਤੀ ਕਰ ਲੈਂਦਾ ਹੈ, ਉਹ ਇਸ ਬੰਧਨ ਤੋਂ ਛੁਟਕਾਰਾ ਪਾ ਲੈਂਦਾ ਹੈ, ਜਗਿਆਸੂ ਨੂੰ ਇਕ ਗੱਲ ਯਾਦ ਰੱਖਣੀ ਚਾਹੀਦੀ ਹੈ, ਇਹ ਮੰਤਰ ਸਰਗੁਣ ਰੂਪ ਬ੍ਰਹਮਾ ਦੇ ਹਨ ਉਹ ਬ੍ਰਹਮਾ ਜਿਸਦੇ ਵੱਖ-ਵੱਖ ਗੁਣ ਹਨ, ਵਿਸ਼ੇਸ਼ਤਾਵਾਂ ਹਨ।

ਹਿੰਦੂਆਂ ਦੀ ਤ੍ਰਿਅਮੂਰਤੀ ਅਨੁਸਾਰ ਪ੍ਰਗਟਾਵੇ ਦੇ ਤਿੰਨ ਪੱਖ ਹਨ। ਰਚਨਾ ਰਚਨ ਦਾ ਗੁਣ, ਰਚਨਾ ਨੂੰ ਸੰਭਾਲਣਾ, ਸੰਭਾਲ ਕਰਨੀ ਤੇ ਅੰਤ ਵਿਚ ਮਿਟਾਉਣਾ, ਖਤਮ ਕਰਨਾ। ਇਨ੍ਹਾਂ ਤਿੰਨਾਂ ਨੂੰ ਚਲਾਉਣ ਵਾਲੀਆਂ ਸ਼ਕਤੀਆਂ ਨੂੰ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਕਿਹਾ ਗਿਆ ਹੈ। ਪਰ ਸਤਿ ਆਪਣੇ ਆਪ ਵਿਚ ਸੰਪੂਰਨ ਸਤਿ ਹੈ ਜਾਂ ਕਹਿ ਲਵੋ ਬ੍ਰਹਮਾ ਅਟੱਲ ਹੈ, ਅਜਰ ਹੈ, ਅਮਰ ਹੈ ਉਹ ਰਚੇਤਾ ਹੈ, ਵਿਸਤਾਰ ਕਰਦਾ ਹੀ ਰਹਿੰਦਾ ਹੈ।

ਜਦੋਂ ਵਿਸ਼ਵ ਦਾ ਪਸਾਰਾ ਹੋਇਆ ਉਦੋਂ ਸਤਿ ਬ੍ਰਹਮਾ ਦੇ ਰੂਪ ਵਿਚ ਜਾਣਿਆ ਜਾਣ ਲੱਗਾ। ਸਰਗੁਣ ਸਰੂਪ ਬ੍ਰਹਮਾ ਵੱਖ-ਵੱਖ ਨਾਵਾਂ ਕਰਕੇ

ਸਾਨੂੰ ਭਾਵੇਂ ਵੱਖ-ਵੱਖ ਲੱਗੇ ਵਾਸਤਵ ਵਿਚ ਸਾਰਾ ਪਸਾਰਾ ਇਕ ਭਰਮ ਹੈ, ਇਕ ਥੋਪਿਆ ਗਿਆ ਭਰਮ, ਜਿਸ ਦੇ ਵੱਖ-ਵੱਖ ਨਾਮ ਹਨ, ਵੱਖ-ਵੱਖ ਅਕਾਰ ਹਨ। ਇਹ ਵਿਸ਼ਵ ਦਾ ਇਕ ਪਰਦਾ ਹੈ ਕਿ ਅਸੀਂ ਇਕ ਵਿਚ ਅਨੇਕ ਦੇਖਦੇ ਹਾਂ।

ਇਹ ਬ੍ਰਹਿਮੰਡ ਦਾ ਪਰਦਾ ਜੋ ਕਿ ਮਾਇਆ ਦੇ ਰੂਪ ਵਿਚ ਹੈ, ਇਸ ਦਾ ਆਪਣਾ ਕੋਈ ਅਸਿਤਤ੍ਵ ਨਹੀਂ ਹੈ। ਇਹ ਤਾਂ ਬ੍ਰਹਮਾ ਤੇ ਨਿਰਭਰ ਹੈ, ਸਤਿ ਤੇ ਨਿਰਭਰ ਹੈ, ਇਹ ਕਿਹਾ ਜਾ ਸਕਦਾ ਹੈ ਕਿ ਇਹ ਬ੍ਰਹਮਾ ਦੀ ਸ਼ਕਤੀ ਹੈ, ਉਹ ਸ਼ਕਤੀ ਹੈ ਜਿਸ ਰਾਹੀਂ ਵਿਸ਼ਵ ਦਾ ਪਸਾਰਾ ਹੁੰਦਾ ਹੈ। ਅਸੀਂ ਮਾਇਆ ਨੂੰ ਵੱਖ-ਵੱਖ ਥਾਂ ਤੇ ਵਿਸਤਾਰ ਨਾਲ ਵਰਨਣ ਕਰਾਂਗੇ ਤਾਂ ਜੋ ਜਗਿਆਸੂ ਪਰੇਸ਼ਾਨ ਨਾ ਹੋ ਜਾਏ, ਉਲਝਣ ਵਿਚ ਨਾ ਪੈ ਜਾਵੇ। ਵਾਸਤਵ ਵਿਚ ਮਾਇਆ ਹੀ ਸਾਰੇ ਘੜਮੱਸ ਦੀ ਜੜ੍ਹ ਹੈ।

ਇਹ ਜਾਣ ਲੈਣਾ ਬਹੁਤ ਅਵੱਸ਼ਕ ਹੈ ਕਿ ਉਪਨਿਸ਼ਦਾਂ ਦੇ ਸਾਹਿਤ ਵਿਚ ਪ੍ਰਗਟਾਵੇ ਨੂੰ ਵਿਸਤਾਰ ਨੂੰ ਤੇ ਅਪ੍ਰਤੱਖ ਨੂੰ ਦੋ ਤਰੀਕਿਆਂ ਨਾਲ ਦੱਸਿਆ ਗਿਆ। 1. ਉਹ ਸਾਧਨ ਜਿਸ ਨਾਲ ਵਸਤੂਆਂ ਨੂੰ ਪ੍ਰਤੱਖ ਰੂਪ ਵਿਚ ਦੇਖਿਆ ਜਾਣਿਆ ਜਾ ਸਕਦਾ ਹੈ ਤੇ ਇਨ੍ਹਾਂ ਸਾਰੇ ਅਕਾਰਾਂ ਦੇ ਬੀਜ। ਬ੍ਰਹਮਾ ਦੇ ਇਨ੍ਹਾਂ ਦੋ ਪੱਖਾਂ ਨੂੰ ਦਿਨ ਤੇ ਰਾਤ ਕਿਹਾ ਗਿਆ ਹੈ, ਵਿਸਤਾਰ ਦੇ ਪ੍ਰਗਟਾਵੇ ਦੇ ਸਮੇਂ ਨੂੰ 'ਕਲਪ' ਕਿਹਾ ਗਿਆ ਹੈ ਇਕ ਪ੍ਰਕਾਰ ਸਾਇਕਲ ਕਿਹਾ ਗਿਆ ਹੈ।

ਜਦੋਂ ਵੀ ਜਿਥੇ ਵੀ ਰਚਨਾ ਦਾ ਸ਼ਬਦ ਵਰਤਿਆ ਗਿਆ ਹੈ। ਪ੍ਰਗਟਾਵੇ ਦਾ ਸ਼ਬਦ, ਵਿਸਤਾਰ ਦਾ ਸ਼ਬਦ ਵਰਤਿਆ ਗਿਆ ਹੈ ਉਥੇ ਇਸ ਤੋਂ ਭਾਵ ਹੈ ਇਕ ਸਾਇਕਲ, ਇਕ ਚੱਕਰ। ਨਵਾਂ ਚੱਕਰ ਪ੍ਰਮਾਤਮਾ ਦੀ ਇੱਛਾ ਨਾਲ ਸ਼ੁਰੂ ਹੁੰਦਾ ਹੈ ਜਾਂ ਕਹਿ ਲਵੋ ਸਰਗੁਣ ਸਰੂਪ ਬ੍ਰਹਮਾ ਸ਼ੁਰੂ ਕਰਦਾ ਹੈ। ਪਰ ਇਹ ਗੱਲ ਯਾਦ ਰੱਖਣਯੋਗ ਹੈ ਕਿ ਚੱਕਰ ਦੀ ਸ਼ੈਲੀ ਮਨੁੱਖਤਾ ਦੇ ਕਰਮ ਤੇ ਸੰਸਕਾਰਾਂ ਤੇ ਜੋ ਉਨ੍ਹਾਂ ਨੇ ਪਿਛਲੇ ਜਨਮਾਂ ਵਿਚ ਕੀਤੇ ਹਨ ਉਨ੍ਹਾਂ ਤੇ ਅਧਾਰਿਤ ਹੈ ਭਾਵ ਪਿਛਲੇ ਚੱਕਰਾਂ ਤੇ ਨਿਰਭਰ ਹੈ।

ਕੇਵਲ ਭੌਤਿਕ ਤੱਤ ਹੀ ਸੰਸਾਰ ਦਾ ਵਿਸਤਾਰ ਨਹੀਂ ਕਰ ਸਕਦਾ। ਚੇਤਨਾ, ਬੁੱਧੀ, ਭੌਤਿਕ ਤੱਤ ਇਨ੍ਹਾਂ ਦਾ ਮਿਸ਼ਰਨ ਹੀ ਬ੍ਰਹਿਮੰਡ ਦੇ, ਵਿਸ਼ਵ ਦਾ ਅਧਾਰ ਹਨ। ਵਿਸ਼ਵ ਦੇ ਵੱਖ-ਵੱਖ ਗੁਣ ਮਾਇਆ ਦਾ ਰੂਪ ਹਨ।

## ਸਲੋਕ ਨੌਵਾਂ

ਉਹ ਪਰਮ ਸਤਿ ਜਿਸ ਵਿਚ ਸਾਰਾ ਗਿਆਨ ਹੈ ਜੋ ਸਰਬੱਗਤਾ ਹੈ, ਉਸ ਦਾ ਅਨੁਸਾਸ਼ਨ ਤੇ ਅਭਿਆਸ ਹੀ ਗਿਆਨ ਹੈ, ਉਸ ਵਿਚੋਂ ਹੀ ਸਰਬ ਵਿਆਪੀ ਬ੍ਰਹਮਾ ਪ੍ਰਗਟ ਹੋਏ ਹਨ। ਉਹ ਹਿਰਨਗਰਭ ਹਨ, ਨਾਵਾਂ ਦੇ ਤੱਤ ਹਨ, ਰੰਗਾਂ ਦੇ ਤੱਤ ਹਨ ਅਤੇ ਮੂਲ ਹਨ।

ਸਭ ਤੋਂ ਪਹਿਲਾਂ ਪ੍ਰਗਟ ਹੋਏ ਬ੍ਰਹਮਾ, ਈਸ਼ਵਰ ਜਾਂ ਹਿਰਨਗਰਭ ਤੇ ਹੋਰ ਵਿਅਕਤੀਗਤ ਆਤਮਾਵਾਂ ਜਿਸ ਵਿਚ ਸਾਰੇ ਜੀਵ ਜੰਤੂ ਸਾਰੀ ਪੁਸ਼ਟੀਕਰ ਜਿਹੜੇ ਸਾਰੇ ਜੀਵਾਂ ਨੂੰ ਪਾਲਣ ਪੋਸ਼ਣ ਕਰਦੇ ਹਨ। ਸਾਰੇ ਬ੍ਰਹਮਾ ਤੋਂ ਹੀ ਜਨਮ ਲੈਂਦੇ ਹਨ। ਬ੍ਰਹਮਾ ਜੋ ਕਿ ਬ੍ਰਹਮਗਿਆਨੀ ਹਨ, ਸਰਬ ਗਿਆਨੀ ਹਨ ਜਿਸ ਦੇ ਸਿਰਜਨਾਤਮਕ ਵਿਚਾਰ ਹੀ ਗਿਆਨ ਹਨ। ਜਗਿਆਸੂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸੰਸਕ੍ਰਿਤ ਦੇ ਸ਼ਬਦਾਂ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ। ਇਹ ਸਮਝ ਲੈਣਾ ਇਸ ਲਈ ਅਵੱਸ਼ਕ ਹੈ ਕਿਉਂਕਿ ਇਸ ਭੇਦ ਨੂੰ ਜਾਨਣ ਨਾਲ ਹੀ ਸਹੀ ਅਰਥ ਸਮਝੇ ਜਾ ਸਕਦੇ ਹਨ।

ਸਰਗੁਣ ਬ੍ਰਹਮਾ ਜਾਂ ਗੁਣ ਸਰੂਪ ਬ੍ਰਹਮਾ ਜਿਹੜੇ ਮਾਇਆ ਵਿਚ ਵੀ ਵਿਚਰ ਰਹੇ ਹਨ। ਉਹ ਸਾਰੇ ਬ੍ਰਹਿਮੰਡ ਦਾ ਨਰੀਖਣ ਕਰਦੇ ਹਨ। ਵਾਸਤਵ ਵਿਚ ਸਿਰਜਨਾਤਮਕ ਵਿਚਾਰ ਹੀ ਗਿਆਨ ਹੈ। ਬ੍ਰਹਮਾ ਦੀ ਇੱਛਾ ਸ਼ਕਤੀ ਬਿਲਕੁਲ ਵੱਖ ਹੈ, ਅਸੀਂ ਜਿਸਨੂੰ ਸਿਰਜਨਾਤਮਕ ਪਤ੍ਰਿਕਾ ਕਹਿੰਦੇ ਹਾਂ ਉਹ ਬਿਲਕੁਲ ਇਕ ਵੱਖ ਚੀਜ਼ ਹੈ। ਸੰਸਾਰ ਵਿਚ ਸਿਰਜਨਾਤਮਕ ਹੋਣ ਤੋਂ ਭਾਵ ਹੈ ਕੁਝ ਨਵਾਂ ਬਨਾਉਣਾ, ਕੁਝ ਨਵਾਂ ਪੈਦਾ ਕਰਨਾ ਜਿਵੇਂ ਕਿ ਭਵਨ ਬਣਾ ਲੈਣੇ। ਕੋਈ ਵੀ ਚੀਜ਼ ਬਣਾ ਲੈਣੀ, ਲੱਕੜੀ ਨਾਲ ਬਣਾ ਲੈਣੀ, ਕੁਝ ਵੀ। ਜੀਵ, ਵਿਅਕਤੀਗਤ ਆਤਮਾ ਤਾਂ ਅਗਿਆਨ ਭਰਪੂਰ ਹੈ, ਇਸ ਦੀਆਂ ਆਪਣੀਆਂ ਸੀਮਾਵਾਂ ਹਨ, ਬ੍ਰਹਮਾ ਤਾਂ ਸੀਮਾ ਰਹਿਤ ਹੈ। ਕਿਉਂਕਿ ਵਿਅਕਤੀਗਤ ਆਤਮਾ ਅਗਿਆਨ ਭਰਪੂਰ ਹੈ ਇਸ ਕਾਰਣ ਜੀਵ ਆਤਮਾ ਨੂੰ ਯਤਨ ਕਰਨੇ ਪੈਂਦੇ ਹਨ। ਤਪਸਿਆ ਕਰਨੀ ਪੈਂਦੀ ਹੈ, ਸਾਧਨਾ ਕਰਨੀ ਪੈਂਦੀ ਹੈ ਤਾਂ ਜੋ ਉਹ ਆਪਣੇ ਮੂਲ ਰੂਪ ਵਿਚ ਆ ਸਕੇ। ਆਪਣੀ ਪ੍ਰਤਿਸ਼ਠਾ ਲੈ ਸਕੇ। ਸ਼ਾਨ, ਗੌਰਵ ਪ੍ਰਾਪਤ ਕਰ ਸਕੇ, ਆਪਣੇ ਮੂਲ ਸੁਭਾ ਨੂੰ ਪ੍ਰਾਪਤ ਕਰ ਸਕੇ।

ਇਸ ਸਾਰੇ ਯਤਨ ਨੂੰ ਹੀ ਤਪਸਿਆ ਕਹਿੰਦੇ ਹਨ, ਪਰ ਬ੍ਰਹਮਾ ਲਈ ਤਪਸਿਆ ਆਪ ਮੁਹਾਰੀ ਹੈ। ਯਤਨ ਰਹਿਤ ਹੈ ਕਿਉਂਕਿ ਬ੍ਰਹਮਾ ਮਾਇਆ ਤੋਂ ਨਿਰਲਿਪਤ ਹਨ। ਭਾਵੇਂ ਮਾਇਆ ਬ੍ਰਹਮਾ ਦੇ ਗੁਣਾਂ ਵਿਚੋਂ ਇਕ ਗੁਣ ਹੈ ਜੋ ਕਿ ਅਵਿਦਿਆ ਦਾ ਰੂਪ ਧਾਰਨ ਕਰ ਲੈਂਦੀ ਹੈ ਤੇ ਵਿਅਕਤੀ ਨੂੰ ਕਰਮਾਂ ਦੇ ਬੰਧਨ ਵਿਚ ਜਕੜ ਲੈਂਦੀ ਹੈ। ਮਨੁੱਖ ਅਵਿਦਿਆ ਦੇ ਚੱਕਰ ਵਿਚ ਫਸ ਜਾਂਦਾ ਹੈ। ਇਸੇ ਕਾਰਣ ਕਰਕੇ ਮਨੁੱਖ ਨੂੰ ਬੜੇ ਗੰਭੀਰ ਰੂਪ ਵਿਚ ਯਤਨ ਕਰਨੇ ਪੈਂਦੇ ਹਨ। ਮਨੁੱਖੀ ਯਤਨ ਤਾਂ ਮਨੁੱਖ ਦੇ ਹੀ ਹੁੰਦੇ ਹਨ ਜਿਸ ਗਿਆਨ ਦੀ ਵਰਤੋਂ ਕਰਕੇ ਮਨੁੱਖ ਜਤਨ ਕਰਦਾ ਹੈ। ਉਹ ਗਿਆਨ ਸਦਾ ਹੀ ਆਤਮ ਗਿਆਨ ਹੁੰਦਾ ਹੈ. ਜਦੋਂ ਜਗਿਆਸੂ ਕੋਈ ਵੀ

ਜਤਨ ਸੁਹਿਰਦ ਹੋ ਕੇ ਨਿਸ਼ਕਪਟ ਹੋ ਕੇ ਕਰਦਾ ਹੈ, ਉਦੋਂ ਗਿਆਨ ਪ੍ਰਾਪਤੀ ਕਰਦਾ ਹੈ। ਅਵਿਦਿਆ ਦੀਆਂ, ਅਗਿਆਨ ਦੀਆਂ ਬੇੜੀਆਂ ਟੁੱਟ ਜਾਂਦੀਆਂ ਨੇ ਤੇ ਮਨੁੱਖ ਸਦਾ ਲਈ ਸੁਤੰਤਰ ਹੋ ਜਾਂਦਾ ਹੈ।

ਜੀਵ ਵਿਚ ਉਹ ਸਾਰੇ ਗੁਣ ਹਨ ਜੋ ਬ੍ਰਹਮਾ ਦੇ ਹਨ ਪਰ ਕਿਉਂਕਿ ਜੀਵ ਅਵਿਦਿਆ ਦਾ ਘੇਰਿਆ ਪਿਆ ਹੈ ਇਸ ਕਾਰਣ ਆਪਣੇ ਆਪ ਨੂੰ ਸੀਮਤ ਹੀ ਜਾਣਦਾ ਹੈ। ਇਥੇ ਮਨੁੱਖ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਰੂਹਾਨੀ ਸਿਰਜਨਾ ਤੇ ਮਨੁੱਖੀ ਸਿਰਜਨਾ ਵਿਚ ਬਹੁਤ ਅੰਤਰ ਹੈ। ਮਨੁੱਖੀ ਸਿਰਜਨਾ ਦਾ ਅਧਾਰ ਕਿਸੇ ਹੋਂਦ ਤੇ ਹੈ, ਜਿਹੜੀ ਕਾਰਕ ਤੋਂ ਵੱਖ ਹੋਵੇ, ਅਲੱਗ ਹੋਵੇ। ਬ੍ਰਹਮਾ ਦੀ ਸਿਰਜਨਾ ਸ਼ਕਤੀ ਨੂੰ ਤਾਂ ਕਿਸੇ ਵੀ ਚੀਜ਼ ਦੀ ਲੋੜ ਨਹੀਂ, ਉਹ ਤਾਂ ਵਿਸ਼ਵ ਨੂੰ ਕਿਵੇਂ ਵੀ ਪ੍ਰਗਟ ਕਰ ਸਕਦੇ ਹਨ ਤੇ ਕਰਦੇ ਹਨ। ਜਦੋਂ ਜੀਵ ਅਵਿਦਿਆ ਤੋਂ ਸੁਤੰਤਰ ਹੋ ਜਾਂਦਾ ਹੈ ਉਹ ਆਪਣੇ ਆਪ ਨੂੰ ਪਛਾਣ ਜਾਂਦਾ ਹੈ। ਜਦੋਂ ਉਹ ਆਪਾ ਚੀਨ ਲੈਂਦਾ ਹੈ, ਮੂਲ ਰੂਪ ਵਿਚ ਆ ਕੇ ਆਪਾ ਜਾਣ ਲੈਂਦਾ ਹੈ, ਪਛਾਣ ਲੈਂਦਾ ਹੈ।

ਉਪਨਿਸ਼ਦ ਬ੍ਰਹਿਮੰਡ ਦੀ ਸੂਖਮ ਪਰਿਭਾਸ਼ਾ ਦਿੰਦਾ ਹੈ। ਅਗਿਆਨ ਤੇ ਅਵਿਦਿਆ। ਸੰਸਾਰ ਵਿਚ ਸਿਰਜਨਾ ਕਰਨ ਲਈ ਮਨੁੱਖ ਨੂੰ ਸ਼ੁਧ, ਯਥਾਰਥੀ ਤੇ ਇਕ ਮਸ਼ੀਨ ਵਾਂਗ ਜੰਤਰਕ ਹੋਣਾ ਪੈਂਦਾ ਹੈ। ਪਰ ਜਿਥੋਂ ਤਕ ਅਧਿਆਤਮਕ ਵਿਆਖਿਆ ਦਾ ਵਾਸਤਾ ਹੈ, ਬ੍ਰਹਮਾ ਦਾ ਸਿਰਜਨਾਤਮਕ ਹੋਣ ਤੋਂ ਭਾਵ ਹੈ ਆਪ ਮੁਹਾਰੇ ਹੀ ਹੋਣਾ, ਜਤਨ ਰਹਿਤ ਹੋਣਾ।

ਸ਼ਿਸ਼ ਨੂੰ ਇਹ ਜਾਣ ਲੈਣਾ ਚਾਹੀਦਾ ਹੈ, ਸਮਝ ਲੈਣਾ ਚਾਹੀਦਾ ਹੈ ਕਿ ਰੂਹਾਨੀ ਚੇਤਨਤਾ ਪ੍ਰਾਪਤ ਕਰਨ ਲਈ ਜਤਨਸ਼ੀਲ ਹੋਣਾ ਅਤਿਅਵਸ਼ਕ ਹੈ। ਜਗਿਆਸੂ ਨੂੰ ਇਹ ਕਤਈ ਨਹੀਂ ਸਮਝ ਲੈਣਾ ਚਾਹੀਦਾ ਕਿ ਉਸ ਨੂੰ ਸਤਿ ਦੀ ਪ੍ਰਾਪਤੀ ਸੁਤੇ ਸਿੱਧ ਬਿਨਾਂ ਕਿਸੇ ਜਤਨ ਕੀਤਿਆਂ ਹੋ ਜਾਵੇਗੀ। ਬਿਨਾਂ ਕਿਸੇ ਤਪਸਿਆ ਦੇ ਹੋ ਜਾਵੇਗੀ। ਤਪਸਿਆ ਇਕ ਉਹ ਅਨੁਸਾਸ਼ਨ ਹੈ ਜਿਹੜਾ ਤੁਹਾਡਾ ਵਿਸਤਾਰ ਕਰਦਾ ਹੈ, ਤੁਹਾਨੂੰ ਵਿਕਸਤ ਕਰਦੀ ਹੈ ਤੇ ਤੁਹਾਡੀ ਆਤਮਾ ਨੂੰ ਸ਼ੁਧ ਕਰਦੀ ਹੈ। ਅਨੁਸਾਸ਼ਨ ਕਦੀ ਵੀ ਬਾਹਰੋਂ ਉਪਰੋਂ ਨਹੀਂ ਥੋਪਿਆ ਜਾਣਾ ਚਾਹੀਦਾ। ਅਨੁਸਾਸ਼ਨ ਜਗਿਆਸੂ ਨੂੰ ਆਪਣੇ ਆਪ ਉਤੇ ਆਪ ਇਹ ਸਮਝ ਕੇ ਲਾਗੂ ਕਰਨਾ ਚਾਹੀਦਾ ਹੈ ਕਿ ਅਨੁਸਾਸ਼ਨ ਆਤਮ ਮਾਰਗ ਦਾ ਇਕ ਆਵਸ਼ਕ ਭਾਗ ਹੈ ਤੇ ਇਸਨੂੰ ਇਕ ਅਨੰਦਦਾਇਕ ਕਿਰਿਆ ਸਮਝ ਕੇ ਜੀਵਨ ਵਿਚ ਉਤਾਰਨਾ ਚਾਹੀਦਾ ਹੈ।

ਇਥੇ ਪਹਿਲੇ ਸਲੋਕ ਦਾ ਅੰਤ ਹੈ।

# ਪਹਿਲਾ ਅਧਿਆਇ

## ਸਲੋਕ ਦੂਸਰਾ
## ਭਾਗ ਪਹਿਲਾ

"ਕਰਮਕਾਂਡ ਦੇ ਰੀਤੀ ਰਿਵਾਜ ਜਿਹੜੇ ਰਿਸ਼ੀਆਂ ਮੁਨੀਆਂ ਨੂੰ ਪ੍ਰਗਟ ਹੋਏ ਹਨ ਇਹ ਸਾਰੇ ਤਿੰਨਾਂ ਵੇਦਾਂ ਵਿਚ ਵੱਖ-ਵੱਖ ਤਰੀਕਿਆਂ ਨਾਲ ਦੱਸੇ ਗਏ ਹਨ - ਰਿਗਵੇਦ, ਯਜੁਰ ਵੇਦ ਤੇ ਸਾਮ ਵੇਦ ਵਿਚ। ਜਿਹੜੇ ਗੁਣਵਾਨ ਕੁਛ ਪ੍ਰਾਪਤੀ ਦੀ ਇੱਛਾ ਰਖਦੇ ਹਨ ਉਹ ਅਭਿਆਸ ਕਰਕੇ ਪ੍ਰਾਪਤ ਕਰ ਸਕਦੇ ਹਨ। ਇਹ ਹੀ ਇਕ ਮਾਰਗ ਹੈ ਜਿਸ ਤੇ ਚੱਲ ਕੇ ਨਿਸ਼ਾਨੇ ਤੇ ਪਹੁੰਚ ਸਕਦੇ ਹਨ।"

ਇਹ ਬਿਲਕੁਲ ਠੀਕ ਹੈ ਕਿ ਵੇਦਾਂ ਦੇ ਪਵਿੱਤਰ ਭਜਨ ਕਰਮ ਕਾਂਡ ਨਾਲ ਹੀ ਸਬੰਧਤ ਹਨ। ਇਨ੍ਹਾਂ ਦਾ ਬਹੁਤ ਵਿਸਥਾਰ ਨਾਲ ਤਿੰਨਾਂ ਵੇਦਾਂ ਵਿਚ ਵਰਨਣ ਕੀਤਾ ਗਿਆ ਹੈ ਜਿਹੜਾ ਇਨ੍ਹਾਂ ਨਤੀਜਿਆਂ ਦੀ ਪ੍ਰਾਪਤੀ ਦੀ ਇੱਛਾ ਰਖਦੇ ਹਨ ਉਹ ਸਫਲਤਾ ਹਾਸਲ ਕਰ ਲੈਂਦੇ ਹਨ, ਸੰਸਾਰ ਵਿਚ ਤੇ ਪਰਲੋਕ ਵਿਚ ਅਨੰਦ ਮਾਣਦੇ ਹਨ।

ਰਿਗ ਵੇਦ, ਯਜੁਰ ਵੇਦ, ਸਾਮ ਵੇਦ ਵਿਚ ਜਿਹੜੇ ਪੰਡਤ ਅਗਨੀ ਦੀ ਰੀਤਿ ਪੂਜਾ ਕਰਦੇ ਹਨ ਉਨ੍ਹਾਂ ਨੂੰ 'ਹੋਤਾ (Hota), ਉਦਗਾਤਾ (Udgata) ਤੇ ਅਧਵਾਰਯੂ' (Adduaryu) ਕਿਹਾ ਜਾਂਦਾ ਹੈ। ਇਸ ਸਮੇਂ ਜਿਹੜਾ ਪੰਡਤ ਅਥਰਵੇਦ ਨੂੰ ਚੰਗੀ ਤਰ੍ਹਾਂ ਜਾਣਦਾ ਹੋਵੇ ਉਸ ਦਾ ਹੋਣਾ ਬਹੁਤ ਅਵਸ਼ਕ ਹੈ, ਉਹ ਉਸ ਪੂਜਾ ਦੇ ਸਮੇਂ ਉਥੇ ਹੀ ਰਹਿੰਦਾ ਹੈ।

ਅਥਰਵੇਦ ਵਿਚ ਕੋਈ ਵੀ ਅਗਨੀ ਪੂਜਾ ਜਾਂ ਅਗਨੀਹੋਤਰ ਦੇ ਨਿਯਮ ਨਹੀਂ ਦਿਤੇ ਗਏ ਹਨ, ਸਤਿ ਤੇ ਤਰੇਤਾ ਯੁੱਗ ਜਿਹੜੇ ਕਿ ਵਿਸ਼ਵ ਦੇ ਦੋ ਪਹਿਲੇ ਚੱਕਰ ਮੰਨੇ ਜਾਂਦੇ ਹਨ ਜਗਿਆਸੂ ਕੇਵਲ ਤਪ ਹੀ ਕਰਦੇ ਸੀ। ਮੈਡੀਟੇਸ਼ਨ ਕਰਦੇ ਸੀ, ਧਿਆਨ ਲਗਾਉਂਦੇ ਸੀ। ਜਦੋਂ ਸੰਸਾਰ ਦੀ ਸਿਰਜਨਾ ਹੋਈ ਸੀ, ਮਨੁੱਖਾਂ ਨੂੰ ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਦੀ ਕੋਈ ਲੋੜ ਹੀ ਨਹੀਂ ਸੀ। ਉਸ ਸਮੇਂ ਸਾਰੇ ਪ੍ਰਾਣੀ ਸਮਾਧੀ ਸਥਿਤ ਹੀ ਰਹਿੰਦੇ ਸੀ। ਵਾਸਤਵ ਵਿਚ ਕਰਮਕਾਂਡ ਤਾਂ ਦੁਆਪਰ ਯੁੱਗ ਵਿਚ ਹੀ ਅਰੰਭ ਹੋਇਆ ਹੈ।

ਇਹ ਸਾਰੇ ਰੀਤਿ ਰਿਵਾਜ ਵੇਦਾਂ ਵਿਚ ਦਿਤੇ ਗਏ ਆਦੇਸ਼ ਤੇ ਨਿਯਮਾਂ ਅਨੁਸਾਰ ਜਦੋਂ ਕੀਤੇ ਜਾਂਦੇ ਹਨ ਤਾਂ ਇਨ੍ਹਾਂ ਦੇ ਫਲ ਵੀ ਵੇਦਾਂ ਵਿਚ ਦਿਤੇ ਗਏ, ਆਦੇਸ਼ਾਂ ਅਨੁਸਾਰ ਹੀ ਮਿਲਦੇ ਹਨ। ਵਾਸਤਵ ਵਿਚ ਇਨ੍ਹਾਂ ਰੀਤਿ

ਰਿਵਾਜਾਂ ਦੀ ਵਿਆਖਿਆ ਯੋਗ ਅਨੁਸਾਰ ਹੀ ਹੈ। ਪੰਜ ਤੱਤ ਹਨ, ਪੰਜ ਸੂਖਮ ਇੰਦਰੀਆਂ ਹਨ, ਪੰਜ ਬਾਹਰ ਦੀਆਂ ਇੰਦ੍ਰੀਆਂ ਹਨ, ਦੋ ਪ੍ਰਾਣ (ਸਾਹ ਅੰਦਰ ਲੈਣਾ ਤੇ ਬਾਹਰ ਕੱਢਣਾ) 'ਪ੍ਰਾਣ ਅਪਾਨ' ਉਚ ਬੁੱਧੀ ਜਾਂ ਸ਼ੁਧ ਬੁੱਧੀ ਗਿਆਨ ਜਿਸ ਦਾ ਗੁਰੂ ਜੀਵ ਆਤਮਾ ਹੈ, ਇਹ ਬਿਲਕੁਲ ਉਸ ਤਰ੍ਹਾਂ ਹੀ ਹਨ ਜਿਵੇਂ ਅਠਾਰ੍ਹਾਂ ਰਿਸ਼ੀ ਤੇ ਇਹ ਅਠਾਰ੍ਹਾਂ ਰਿਸ਼ੀ ਜਿਵੇਂ ਯੱਗ ਕਰ ਰਹੇ ਹੋਣ, ਜੀਵਨ ਯੱਗ ਹੋ ਰਿਹਾ ਹੋਵੇ।

ਜੀਵਨ ਦੀ ਅਗਨੀ ਵਿਚ ਅਹੂਤੀਆਂ ਲਗਾਤਾਰ ਪਾਈਆਂ ਜਾਂਦੀਆਂ ਹਨ ਤੇ ਇਹ ਹੀ ਅਗਨੀਹੋਤਰ ਦਾ ਵਾਸਤਵ ਭਾਵ ਹੈ। ਇਥੇ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਅਗਨੀ ਸ਼ਬਦ ਦੇ ਅਰਥ 300 ਤੋਂ ਵੱਧ ਹਨ, ਪਰ ਇਨ੍ਹਾਂ ਵਿਚੋਂ ਚਾਲੀ ਅਰਥ ਵਧੇਰੇ ਮਹੱਤਵਪੂਰਨ ਹਨ।

ਅਗਨੀ ਦਾ ਅਰਥ ਹੈ, ਬ੍ਰਾਹਮਣ, ਗਿਆਨੀ, ਵਿਦਵਾਨ, ਅਗਨੀ ਦਾ ਅਰਥ ਹੈ ਅੱਗ, ਅਗਨੀ ਦਾ ਅਰਥ ਹੈ ਜੀਵਨ, ਅਗਨੀ ਦੇ ਅਰਥ ਹਨ ਪ੍ਰਾਣ, ਅਗਨੀ ਤੋਂ ਭਾਵ ਹੈ ਗਰਮੀ। ਅਗਨੀ ਦੇ ਅਰਥ ਆਗੂ ਲੀਡਰ ਵੀ ਹਨ। ਅਸਲੀ, ਸਹੀ ਅਰਥ ਤਾਂ ਹੀ ਪਤਾ ਲਗਦੇ ਹਨ, ਜਦੋਂ ਇਹ ਪਤਾ ਹੋਵੇ ਕਿ ਸ਼ਬਦ ਕਿਥੇ, ਕਾਹਦੇ ਲਈ ਕਿਸ ਵਿਸ਼ੇ ਲਈ ਵਰਤਿਆ ਜਾ ਰਿਹਾ ਹੈ। ਸਤਿਜੁਗ ਦੇ ਸਿਆਣਪ ਭਰਪੂਰ ਸਮੇਂ ਵਿਚ ਰਿਸ਼ੀ-ਮੁਨੀਆਂ ਵਿਚ ਸਾਰੇ ਗੁਣ ਸੀ ਤੇ ਉਹ ਪੂਰਨ ਅਰੋਗਤਾ ਸਿਹਤ ਨੂੰ ਹਰ ਪੱਖ ਤੋਂ ਜਾਣਦੇ ਹੀ ਨਹੀਂ ਸੀ, ਪੂਰੀ ਤਰ੍ਹਾਂ ਨਾਲ ਹਰ ਪੱਧਰ ਤੇ ਬਣਾ ਕੇ ਵੀ ਰਖਦੇ ਸੀ। ਸਰੀਰਕ ਪੱਧਰ ਤੇ, ਆਤਮਕ ਪੱਧਰ ਤੇ ਪੂਰਾ-ਪੂਰਾ ਧਿਆਨ ਰਖਦੇ ਸੀ। ਜਿਹੜਾ ਵੀ ਜਗ ਕੀਤਾ ਜਾਂਦਾ ਸੀ ਉਸ ਦਾ ਸਬੰਧ ਕਿਸੇ ਨਾ ਕਿਸੇ ਤਰ੍ਹਾਂ ਜੀਵਨ ਨਾਲ ਹੀ ਹੁੰਦਾ ਸੀ।

ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਜੀਵ ਨੂੰ ਆਪਣੇ ਕਰਮ ਸੁਚੱਜੀ ਤਰ੍ਹਾਂ ਕਰਨੇ ਚਾਹੀਦੇ ਹਨ, ਅੱਜ ਦੇ ਸਮੇਂ ਇਸ ਤੋਂ ਭਾਵ ਹੈ ਕਿ ਜੋ ਵੀ ਕਰਮ ਸੁਚੱਜੀ ਤਰ੍ਹਾਂ ਕੀਤੇ ਜਾਣਗੇ, ਉਨ੍ਹਾਂ ਦੇ ਫਲ ਇੱਛਾ ਅਨੁਸਾਰ ਮਿਲਣਗੇ ਹੀ। ਇਥੇ ਜਗਿਆਸੂ ਆਪਣਾ ਪਸ਼ੂ ਰੂਪੀ ਸੁਭਾਅ, ਆਪਣਾ ਅਗਿਆਨ ਤੇ ਅਵਿਦਿਆ ਗਿਆਨ ਦੀ ਅਗਨੀ ਵਿਚ ਅਰਪਣ ਕਰਦਾ ਹੈ।

ਇਹ ਬਿਲਕੁਲ ਸੱਚ ਹੈ ਕਿ ਮਨੁੱਖ ਤਿੰਨਾਂ ਗੁਣਾਂ ਦਾ ਮਿਸ਼ਰਨ ਹੈ। ਪਸ਼ੂ ਸੁਭਾਅ, ਮਨੁੱਖ ਦਾ ਸੁਭਾਅ ਤੇ ਆਤਮਕ ਅਧਿਆਤਮ ਪਾਸਾ, ਦੈਵੀ ਪਾਸਾ ਜੋ ਵੀ ਕਹਿ ਲਵੋ। ਭਗਵਤ ਗੀਤਾ ਵਿਚ ਇਨ੍ਹਾਂ ਤਿੰਨਾਂ ਪੱਖਾਂ ਨੂੰ, ਤਮੋ ਗੁਣ, ਰਜੋ ਗੁਣ ਤੇ ਸਾਤਵਕ ਗੁਣ ਦੱਸਿਆ ਗਿਆ ਹੈ। ਜਦੋਂ

ਮਨੁੱਖਾਂ ਅੰਦਰ ਦੇ ਪਸ਼ੂ ਨੂੰ ਸਿਖਾਉਣ ਲਗਦਾ ਹੈ, ਉਸ ਨੂੰ ਸਿਰਜਣਾਤਮਕ ਬਣਾਉਣ ਲਗਦਾ ਹੈ। ਮਨੁੱਖੀ ਯੋਗਤਾ ਨੂੰ ਮਾਨਸਿਕ ਗੁਣਾਂ ਨੂੰ ਆਪਣੇ ਕਰਮਾਂ ਵਿਚ, ਕੰਮ ਕਾਜ ਕਰਨ ਵਿਚ ਲਿਆਉਣ ਲਗਦਾ ਹੈ, ਆਪਣੀ ਬੋਲੀ ਵਿਚ ਕਰਨੀ ਵਿਚ ਉਤਾਰਨ ਲਗਦਾ ਹੈ ਉਹ ਪੂਰੀ ਤਰ੍ਹਾਂ ਨਾਲ ਸਭਿਅ ਹੋ ਜਾਂਦਾ ਹੈ ਤੇ ਆਤਮਕ ਪ੍ਰਾਪਤੀ ਕਰ ਲੈਂਦਾ ਹੈ, ਰੂਹਾਨੀਅਤ ਪ੍ਰਾਪਤੀਆਂ ਕਰ ਲੈਂਦਾ ਹੈ। ਜਦੋਂ ਤਕ ਮਨੁੱਖ ਦੇ ਅੰਦਰ ਪਸ਼ੂ ਸੁਭਾਅ ਦਾ ਜ਼ੋਰ ਰਹੇਗਾ ਰੂਹਾਨੀ ਗੁਣ ਛੁਪੇ ਰਹਿਣਗੇ।

ਤਮੋ, ਰਜੋ ਤੇ ਸਤੋ ਗੁਣਾਂ ਦੀ ਧਾਰਨਾ ਨੂੰ ਤਿੰਨ ਗੁਣ ਵੀ ਕਿਹਾ ਗਿਆ ਹੈ, ਉਹ ਤਿੰਨ ਗੁਣ ਜਿਹੜੇ ਮਿਲ ਕੇ ਇਕ ਸਚਾਈ ਇਕ ਵਾਸਤਵਿਕਤਾ ਬਣਦੀ ਹੈ। ਤਮੋ ਗੁਣ, ਇਕ ਬਹੁਤ ਜਟਿਲ ਤੇ ਗੁਝਾ ਗੁਣ ਹੈ, ਇਹ ਅਗਿਆਨ ਅੰਧੇਰੇ, ਸ਼ੱਕ, ਜੜ੍ਹਤਾ, ਅਕ੍ਰਿਆਸ਼ੀਲ ਨਾਲ ਜੁੜਿਆ ਹੋਇਆ ਹੈ, ਤਮੋ ਗੁਣ ਭਾਰਾ ਹੈ, ਹੌਲੀ ਚਲਣ ਵਾਲਾ ਹੈ, ਬਹੁਤ ਗਾੜਾ ਹੈ, ਸੰਘਣਾ ਹੈ ਤੇ ਇਸ ਵਿਚ ਸਭ ਤੋਂ ਵੱਧ, ਵਾਸਤਵਿਕ ਗੁਣ ਹਨ, ਇਹ ਸਥਾਈ ਹੈ, ਸਭ ਤੋਂ ਵੱਧ ਤਾਮਸਿਕ ਵਸਤੂ ਮਨੁਖ ਦਾ ਸਰੀਰ ਹੈ।

ਰਜੋ ਗੁਣ ਸ਼ਕਤੀ ਦੇਣ ਦਾ ਗੁਣ ਹੈ, ਇਸ ਦਾ ਸਬੰਧ ਹਿਲਜੁਲ ਨਾਲ ਹੈ, ਇਛਾ ਨਾਲ ਹੈ ਤੇ ਕਰਮ ਕਰਨ ਨਾਲ ਹੈ। ਇਹ ਤਮੋ ਗੁਣ ਨਾਲੋਂ ਵਧੇਰੇ ਗਤਿਸ਼ੀਲ ਹੈ। ਪਰ ਇਸ ਨੂੰ ਛਿੱਥੇਪਣ ਤੇ ਬੇਚੈਨੀ ਨਾਲ ਵੀ ਜੋੜਿਆ ਜਾਂਦਾ ਹੈ। ਇਸ ਦਾ ਸਭ ਤੋਂ ਵੱਡਾ ਗੁਣ ਹੈ ਸ਼ਕਤੀ ਨੂੰ ਦਿਸ਼ਾ ਦੇਣੀ ਇਕ ਖਾਸ ਰੂਪ ਦੇਣਾ। ਮਨੁੱਖ ਦੇ ਸਾਰੇ ਕਰਮ ਇਸ ਗੁਣ ਨਾਲ ਹੀ ਸਬੰਧ ਰਖਦੇ ਹਨ, ਖਾਸ ਕਰਕੇ ਸਿਰਜਨਾਤਮਕ ਕ੍ਰਿਆਵਾਂ। ਇਸ ਗੁਣ ਨਾਲ ਤੁਸੀਂ ਕਮਾਉਂਦੇ ਹੋ, ਤੁਹਾਡੇ ਕੋਲ ਕੁਝ ਆਂਦਾ ਹੈ ਤੇ ਤੁਸੀਂ ਸੰਸਾਰ ਵਿਚ ਖੁਸ਼ੀਆਂ ਮਾਣਦੇ ਹੋ। ਜਿਨ੍ਹਾਂ ਵਿਚ ਇਹ ਗੁਣ ਪ੍ਰਧਾਨ ਹੁੰਦਾ ਹੈ, ਉਹ ਬਾਹਰੀ ਸੰਸਾਰ ਵਿਚ ਵਧੇਰੇ ਸੁਚੇਤ ਰਹਿੰਦੇ ਹਨ, ਮਨੁੱਖ ਸਭ ਤੋਂ ਵੱਡਾ ਰਾਜਸਿਕ ਗੁਣ ਹੈ।

ਸਤੋ ਗੁਣ ਦਾ ਸਬੰਧ, ਗੁਣ ਅਨੁਸਾਰ ਉਸ ਸ਼ਕਤੀ ਨਾਲ ਹੈ ਜਿਹੜੀ ਹਰ ਤਰ੍ਹਾਂ ਦਾ ਸੰਤੁਲਨ ਰਖਦੀ ਹੈ, ਸ਼ਾਂਤੀ ਅਚੰਚਲਤਾ ਤੇ ਇਕਸਾਰਤਾ ਰਖਦਾ ਹੈ, ਸਤੋ ਗੁਣ ਨੂੰ ਸਪਸ਼ਟਤਾ ਸ਼ੁਧਤਾ, ਪ੍ਰਕਾਸ਼, ਨਿਰਮਲਤਾ ਤੇ ਗਿਆਨ ਨਾਲ ਜੋੜਿਆ ਜਾਂਦਾ ਹੈ। ਮਨੁੱਖ ਦਾ ਸਾਤਵਿਕ ਪੱਖ ਉਸ ਦੀ ਆਤਮਾ ਹੈ, ਅੰਦਰ ਵਸਦੀ ਰੂਪ, ਚਿੱਤ।

ਮਨੁੱਖ ਦੇ ਪੱਧਰ ਤੇ ਜਗਿਆਸੂ ਨੂੰ ਲੋੜ ਹੈ ਕਿ ਉਹ ਤਿੰਨਾਂ ਗੁਣਾਂ

ਵਿਚ ਸੰਤੁਲਨ ਲਿਆਵੇ, ਇਨ੍ਹਾਂ ਤਿੰਨਾਂ ਗੁਣਾਂ ਦੇ ਅਰਥ ਸਮਝੇ ਇਨ੍ਹਾਂ ਦੀਆਂ ਰੁਚੀਆਂ, ਪਰਵ੍ਰਿਤੀਆਂ ਸਮਝੇ, ਫੇਰ ਸੁਚੱਜੀ ਤਰ੍ਹਾਂ ਨਾਲ ਤਾਮਸਿਕ ਤੇ ਰਾਜਸਿਕ ਗੁਣਾਂ ਨੂੰ, ਇਨ੍ਹਾਂ ਪ੍ਰਵਿਰਤੀਆਂ ਨੂੰ ਸਾਧ ਕੇ ਸਾਤਵਿਕ ਪਾਸੇ ਲਾਇਆ ਜਾਵੇ ਤੇ ਸਾਤਵਿਕ ਪ੍ਰਵਿਰਤੀਆਂ ਨੂੰ ਹੀ ਵਾਧਾ ਦੇਣਾ ਚਾਹੀਦਾ ਹੈ। ਇਕ ਵਾਰੀ ਜਦੋਂ ਸਾਤਵਿਕ ਪ੍ਰਵਿਤੀ ਹੀ ਅੰਦਰ ਘਰ ਕਰ ਜਾਂਦੀਆਂ ਹਨ ਤਾਂ ਜਗਿਆਸੂ ਲਈ ਹਰ ਚੀਜ਼ ਨੂੰ ਸਹੀ ਤਰੀਕੇ ਨਾਲ ਦੇਖਣਾ ਸੌਖਾ ਹੋ ਜਾਂਦਾ ਹੈ। ਮਨ ਇਕ ਬਿੰਦੂ ਤੇ ਟਿਕ ਜਾਂਦਾ ਹੈ, ਸ਼ਾਂਤ ਹੋ ਜਾਂਦਾ ਹੈ ਤੇ ਜੀਵਨ ਦੇ ਉਤਾਰ ਚੜ੍ਹਾਅ ਨਾਲ ਮਨ ਦੁਖੀ ਨਹੀਂ ਹੁੰਦਾ।

ਜਗਿਆਸੂ ਲਈ ਸਾਤਵਿਕ ਹੋਣਾ ਬਹੁਤ ਹੀ ਅਵੱਸ਼ਕ ਹੈ, ਏਨਾ ਹੀ ਨਹੀਂ ਉਸ ਨੂੰ ਹਰ ਪੱਧਰ ਤੇ ਸਾਤਵਿਕ ਹੋਣਾ ਪੈਂਦਾ ਹੈ। ਮਿਸਾਲ ਵਜੋਂ ਖਾਣ ਪੀਣ ਵਿਚ ਸਾਤਵਿਕ ਭੋਜਨ ਖਾਣਾ, ਉਹ ਸਭ ਕੁਝ ਤੋਂ ਪਰਹੇਜ਼ ਕਰਨਾ, ਜਿਹੜਾ ਸੁਸਤੀ ਪੈਦਾ ਕਰੇ, ਸਰੀਰ ਨੂੰ ਅਕ੍ਰਿਆਸ਼ੀਲ ਬਣਾਵੇ ਜਾਂ ਸਰੀਰ ਨੂੰ ਵਧੇਰੇ ਉਤੇਜਿਤ ਕਰੇ, ਕਾਮ ਪ੍ਰਵਿਰਤੀਆਂ ਨੂੰ ਵਧੇਰੇ ਉਤੇਜਿਤ ਕਰੇ। ਇਹੋ ਜਿਹਾ ਭੋਜਨ ਸਰੀਰ ਲਈ, ਦਿਮਾਗ ਲਈ ਦੋਨਾਂ ਲਈ ਹੀ ਹਾਨੀਕਾਰਕ ਹੈ। ਇਕ ਨਾੜੀ ਯੰਤਰ ਨੂੰ Nervous system ਨੂੰ ਨੁਕਸਾਨ ਪਹੁੰਚਾਉਂਦੀ ਹੈ ਤੇ ਅੰਤ ਵਿਚ ਦਿਮਾਗ ਵੀ ਕਮਜ਼ੋਰ ਪੈ ਜਾਂਦਾ ਹੈ। ਸੰਵੇਗਕ ਅਧੋਗਤੀ, ਗਿਰਾਵਟ ਵੀ ਆ ਜਾਂਦੀ ਹੈ।

ਜੀਵਨ ਵਿਚ ਕਾਮ ਬਿਰਤੀ ਨੂੰ ਕਰਮਬੱਧ ਕਰਨਾ, ਪਰਿਵਾਰਕ ਜੀਵਨ ਲਈ ਅਤਿ ਅਵਸ਼ਕ ਹੈ। ਕਰਮਬੱਧ ਕਰਨ ਨਾਲ ਇਸ ਰੁਚੀ ਤੋਂ ਮਨ ਸ਼ਾਂਤ ਰਹੇਗਾ, ਇਸ ਤਰ੍ਹਾਂ ਕਰਨ ਨਾਲ ਮਨ ਨਿਰੰਤਰ ਕਾਮ ਵਾਸਨਾ ਵਲ ਨਹੀਂ ਜਾਏਗਾ। ਜਗਿਆਸੂ ਲਈ ਇਹ ਬਹੁਤ ਜ਼ਰੂਰੀ ਹੈ ਉਹ ਕਿਸੇ ਵੀ ਚੀਜ਼ ਲਈ ਅਤਿਵਾਦ ਨਾ ਕਰੇ ਤੇ ਨਾਲ ਹੀ ਆਪਣੇ ਆਪ ਤੇ ਕਿਸੇ ਤਰ੍ਹਾਂ ਦਾ ਕਾਬੂ ਬਾਹਰੋਂ ਨਾ ਥੋਪੇ, ਹਰ ਕਿਸਮ ਦਾ ਸੰਜਮ ਅੰਦਰੋਂ ਹੀ ਆਉਣਾ ਚਾਹੀਦਾ ਹੈ। ਕਿਸੇ ਵੀ ਪ੍ਰਵਿਰਤੀ ਨੂੰ ਬਾਹਰ ਦੇ ਦਬਾਓ ਨਾਲ ਦਬਾਣ ਨਾਲ ਅੰਦਰ ਕਿਸੇ ਕਿਸਮ ਦਾ ਡਰ ਬੈਠ ਸਕਦਾ ਹੈ, ਕੋਈ ਹੋਰ ਮਾਨਸਿਕ ਨੁਕਸ ਪੈ ਸਕਦਾ ਹੈ, ਮਨੁੱਖ ਵਿਚ ਅਕਰਮਕਤਾ ਆ ਸਕਦੀ ਹੈ। ਇਨ੍ਹਾਂ ਕਾਰਨਾਂ ਕਰਕੇ ਆਪਣੇ ਆਪ ਤੇ ਸੰਜਮ ਲਾਗੂ ਕਰਨਾ, ਆਪਣੇ ਆਪ ਤੇ ਕੰਟਰੋਲ ਕਰਨਾ ਅਤਿ ਅਵਸ਼ਕ ਹੈ, ਚਾਰ ਪ੍ਰਾਰੰਭਕ ਜੀਵਨ ਸਰੋਤਾ ਤੇ ਕਾਬੂ ਪਾਉਣਾ ਅਤਿ ਲੋੜੀਂਦਾ ਹੈ ਇਹ ਚਾਰ ਹਨ ਖਾਣਾ ਪੀਣਾ, ਕਾਮ ਵਿਰਤੀ, ਸੌਣਾ ਤੇ ਸਵੈ ਸੰਭਾਲ।

ਜੇ ਤੁਹਾਡਾ ਖਾਣਾ ਪੀਣਾ ਠੀਕ ਨਹੀਂ ਤਾਂ ਜਾਂ ਤਾਂ ਤੁਸੀਂ ਵਧੇਰੇ

ਸੋਵੋਂਗੇ ਜਾਂ ਨੀਂਦ ਬਹੁਤ ਘੱਟ ਆਵੇਗੀ ਤੇ ਨਾਲ ਹੀ ਡਰਾਵਣੇ ਸੁਪਨੇ ਆ ਸਕਦੇ ਹਨ। ਜਿਹੜੇ ਕਿ ਬਹੁਤ ਦੁਖਦਾਈ ਹੁੰਦੇ ਹਨ ਤੇ ਸਹਿਤ ਨੂੰ ਵੀ ਹਾਨੀ ਪਹੁੰਚਾ ਸਕਦੇ ਹਨ। ਜੇ ਤੁਸੀਂ ਬਾਰ-ਬਾਰ ਵਧੇਰੇ ਸੌਂਵੋਂਗੇ ਤੇ ਨਾ ਕੇਵਲ ਤੁਹਾਡੀ ਵਧੇਰੇ ਸੌਣ ਦੀ ਆਦਤ ਬਣ ਜਾਏਗੀ ਤੁਸੀਂ ਅਕ੍ਰਿਆਸ਼ੀਲ ਵੀ ਹੋ ਜਾਵੋਗੇ। ਇਕ ਵਾਰੀ ਜੇ ਇਹ ਆਦਤ ਬਣ ਜਾਏ ਇਸ ਤੋਂ ਛੁਟਕਾਰਾ ਪਾਉਣਾ ਔਖਾ ਹੋ ਜਾਵੇਗਾ। ਮਨੁੱਖੀ ਵਿਅਕਤੀਤ੍ਵ ਸਾਡੀਆਂ ਆਦਤਾਂ ਦਾ ਹੀ ਸੰਗ੍ਰਹਿ ਹੁੰਦਾ ਹੈ। ਇਸ ਕਾਰਨ ਕਰਕੇ ਜਗਿਆਸੂ ਨੂੰ ਚਾਹੀਦਾ ਹੈ ਕਿ ਆਪਣੀਆਂ ਪ੍ਰਵਿਰਤੀਆਂ ਨੂੰ ਕਰਮਬੱਧ ਕਰੇ, ਖਾਸ ਤੌਰ ਤੇ ਜਿਹੜੀਆਂ ਚਾਰ ਉਤੇ ਦਿਤੀਆਂ ਗਈਆਂ ਹਨ ਤੇ ਆਪਣੇ ਆਚਾਰ ਨੂੰ ਬਹੁਤ ਹੀ ਧਿਆਨ ਨਾਲ ਦੇਖੇ, ਉਸ ਦਾ ਨਰੀਖਣ ਕਰੇ ਤੇ ਆਪਣੀ ਸਮਰੱਥਾ ਵੀ ਦੇਖੇ।

ਸਾਤਵਿਕ ਬਣਨ ਤੋਂ ਭਾਵ ਹੈ ਕਿ ਹਰ ਸਮੇਂ ਜੀਵਨ ਵਿਚ ਸੰਤੁਲਨ ਪੈਦਾ ਕਰੋ, ਸੰਤੁਲਨ ਲਿਆਓ, ਨਾ ਕਿ ਅਧਿਕਤਾ ਦਾ ਆਚਰਣ ਰੱਖੋ। ਜਦੋਂ ਜਗਿਆਸੂ ਇਕ ਜਗ੍ਹਾ ਟਿਕ ਕੇ ਬੈਠਦਾ ਹੈ ਤੇ ਅਚੰਚਲਤਾ ਪੈਦਾ ਕਰਦਾ ਹੈ, ਆਪਣੇ ਸ੍ਵਾਸ ਦੇਖਦਾ ਹੈ, ਫੇਰ ਉਸ ਨੂੰ ਆਪਣੇ ਮਨ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਜੇ ਉਸ ਨੇ ਕਿਸੇ ਵੀ ਪਰਵਿਰਤੀ ਦੀ ਵਰਤੋਂ ਅਧਿਕਤਾ ਵਿਚ ਕੀਤੀ ਹੈ ਤਾਂ ਮਨ ਬਾਰ-ਬਾਰ ਉਥੇ ਹੀ ਜਾਏਗਾ ਤੇ ਮਨ ਨੂੰ ਅਸ਼ਾਂਤ ਕਰੇਗਾ ਤੇ ਜਗਿਆਸੂ ਧਿਆਨ ਨਹੀਂ ਲਗਾ ਸਕੇਗਾ। ਸਾਡਾ ਖਾਣਾ ਪੀਣਾ, ਸਾਡਾ ਵਿਵਹਾਰ ਜੋ ਅਸੀਂ ਸੰਸਾਰ ਵਿਚ ਕਰਦੇ ਹਾਂ, ਇਹ ਸਾਡੇ ਮਨ ਤੇ ਪ੍ਰਭਾਵ ਪਾਉਂਦੇ ਹਨ, ਇਸੇ ਤਰ੍ਹਾਂ ਸਾਡੇ ਵਿਚਾਰ ਸਾਡੇ ਮਨ ਵਿਚ ਖਿਚੋਤਾਣ ਪੈਦਾ ਕਰਦੇ ਹਨ ਤੇ ਨਾਲ ਹੀ ਸਾਡੇ ਵਿਵਹਾਰ ਵਿਚ ਵੀ। ਮਨ ਤੇ ਵਿਵਹਾਰ ਦੋਨੋਂ ਹੀ ਇਕ ਦੂਸਰੇ ਤੇ ਪ੍ਰਭਾਵ ਪਾਉਂਦੇ ਹਨ, ਪਰ ਸਾਤਵਿਕ ਮਨ ਵਿਚ, ਸਦਾ ਹੀ ਨਿਰਮਲਤਾ, ਸਪਸ਼ਟਤਾ, ਨਿਸਚਿਤਤਾ ਹੋਵੇਗੀ ਤੇ ਬੁਧੀ ਸਦਾ ਹੀ ਬੜੇ ਹੀ ਠੀਕ ਢੰਗ ਨਾਲ ਕੰਮ ਕਰੇਗੀ।

ਤਿਆਗੀ ਕਦੇ ਵੀ ਆਪਣਾ ਸਮਾਂ, ਖਾਣ ਪੀਣ, ਕਾਮ ਬਿਰਤੀ ਤੇ ਸ੍ਵੈ ਸੰਭਾਲ ਵਿਚ ਨਹੀਂ ਗਵਾਉਂਦੇ ਕਿਉਂਕਿ ਉਨ੍ਹਾਂ ਜਾਂ ਤਾਂ ਇਨ੍ਹਾਂ ਪ੍ਰਵਿਰਤੀਆਂ ਤੇ ਕਾਬੂ ਪਾਉਣ ਦਾ ਰਾਹ ਲੱਭ ਲਿਆ ਹੈ ਜਾਂ ਇਨ੍ਹਾਂ ਦਾ ਉਨਤੀਕਰਣ ਕਰ ਲਿਆ ਹੈ। ਯੋਗ ਵਿਚ ਕੁਝ ਕ੍ਰਿਆਵਾਂ ਇਹੋ ਜਿਹੀਆਂ ਹਨ ਜਿਨ੍ਹਾਂ ਦੀ ਵਰਤੋਂ ਨਾਲ ਇਨ੍ਹਾਂ ਤੇ ਕਾਬੂ ਪਾਇਆ ਜਾਂਦਾ ਹੈ।

ਗ੍ਰਹਿਸਤੀਆਂ ਲਈ ਇਹ ਵਧੇਰੇ ਚੰਗਾ ਹੋਵੇਗਾ ਜੇ ਉਹ ਆਪਣੀਆਂ ਸ਼ਕਤੀਆਂ, ਸੰਤੁਲਨ ਭੋਜਨ ਖਾ ਕੇ, ਸੰਤੁਲਨ ਵਿਚ ਲਿਆ ਕੇ, ਉਨ੍ਹਾਂ ਦੀ

ਵਰਤੋਂ ਕਰਨ। ਸਹਿੰਦਾ ਸਹਿੰਦਾ ਖਾਣ, ਸਹਿੰਦਾ ਹੀ ਸੌਣਾ ਤੇ ਸਹਿੰਦੀ ਹੀ ਕਾਮ ਪ੍ਰਵਿਰਤੀ ਰੱਖਣ, ਕਿਸੇ ਤਰ੍ਹਾਂ ਦਾ ਡਰ ਭੈ ਆਪਣੇ ਮਨ ਵਿਚ ਨਾ ਰੱਖਣ, ਜਿਸ ਨਾਲ ਉਨ੍ਹਾਂ ਦੇ ਅੰਤਰ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚੇ। ਜੀਵਨ ਵਿਚ ਸਫਲਤਾ ਪ੍ਰਾਪਤ ਕਰਨ ਲਈ, ਤਾਮਸਿਕ ਪ੍ਰਵਿਰਤੀਆਂ ਤੇ ਕਾਬੂ ਪਾਉਣਾ ਬਹੁਤ ਜ਼ਰੂਰੀ ਹੈ। ਕਿਉਂ ਜੋ ਤਾਮਸਿਕ ਪ੍ਰਵਿਰਤੀਆਂ ਹੀ ਤੁਹਾਨੂੰ ਹਿੰਸਕ ਬਣਾਉਂਦੀਆਂ ਹਨ, ਭਾਵਹੀਣ ਬਣਾਉਂਦੀਆਂ ਹਨ ਤੇ ਨਿਆਏਹੀਣ ਬਣਾਉਂਦੀਆਂ ਹਨ।

ਬੇਅਰਥ ਦੇ ਕੰਮ ਨੂੰ ਘਟਾ ਕੇ ਪੂਰੀ ਤਰ੍ਹਾਂ ਨਾਲ ਛੱਡ ਕੇ ਤੁਸੀਂ ਸਾਤਵਿਕ ਬਣਦੇ ਹੋ। ਜਿਵੇਂ-ਜਿਵੇਂ ਬੇਅਰਥ ਕ੍ਰਿਆ ਘਟਾਓਗੇ, ਪਵਿਤਰਤਾ ਵਧੇਗੀ ਤੇ ਸਾਤਵਿਕਤਾ ਆਏਗੀ। ਚਰਿੱਤਰ ਹੀ ਸਾਤਵਿਕ ਹੁੰਦਾ ਚਲਾ ਜਾਏਗਾ। ਤੁਹਾਨੂੰ ਨਕਾਰਾਤਮਕ ਵਿਚਾਰ ਵੀ ਛੱਡਣੇ ਚਾਹੀਦੇ ਹਨ, ਇਨ੍ਹਾਂ ਨਾਲ ਮਨ ਦੀ ਨਿਰਮਲਤਾ, ਸਪਸ਼ਟਤਾ ਜਾਂਦੀ ਰਹਿੰਦੀ ਹੈ ਤੇ ਨਾਲ ਹੀ ਖੁਸ਼ੀ ਵੀ ਅਲੋਪ ਹੋ ਜਾਂਦੀ ਹੈ। ਉਹ ਹੀ ਸਿਆਣੇ ਹਨ ਜਿਹੜੇ ਆਪਣੇ ਆਪ ਨੂੰ ਘੋਖਦੇ ਹਨ, ਆਪਣਾ ਨਰੀਖਣ ਕਰਦੇ ਹਨ ਤੇ ਆਪਣੇ ਉਤੇ ਕਾਬੂ ਪਾਉਂਦੇ ਹਨ, ਆਪਣੀਆਂ ਅੰਦਰ ਦੀਆਂ ਪ੍ਰਵਿਰਤੀਆਂ ਤੇ, ਆਪਣੀਆਂ ਰੁਚੀਆਂ ਤੇ, ਤੇ ਇਛਾਵਾਂ ਤੇ ਕਾਬੂ ਪਾਉਂਦੇ ਹਨ ਤੇ ਆਪਣੇ ਮਨ ਨੂੰ ਕਿਸ ਤਰ੍ਹਾਂ ਦੀ ਝਰੀ ਵਿਚ ਫਸਣ ਨਹੀਂ ਦਿੰਦੇ ਤਾਂ ਜੋ ਮਨ ਨੂੰ ਕਿਸੇ ਕਿਸਮ ਦੀ ਚੋਟ ਨਾ ਪਹੁੰਚੇ।

ਤੁਸੀਂ ਥੋੜ੍ਹੀ ਦੇਰ ਲਈ ਚੁੱਪ ਕਰਕੇ ਬੈਠੋ ਤੇ ਆਪਣੇ ਵਿਵਹਾਰ ਨੂੰ ਚੰਗੀ ਤਰ੍ਹਾਂ ਪੜਚੋਲੋ। ਆਪਣੇ ਸੋਚਣ ਦੇ ਤਰੀਕੇ ਨੂੰ ਵੇਖੋ। ਜੇ ਤੁਸੀਂ ਮਨ ਵਿਚ ਗਲਤ ਵਿਚਾਰ ਨਾ ਆਉਣ ਦਿਓ, ਬਲਕਿ ਚੰਗੇ ਵਿਚਾਰ ਆਪਣੇ ਮਨ ਵਿਚ ਪੈਦਾ ਕਰੋ। ਦੂਸਰਿਆਂ ਦੀ ਸਹਾਇਤਾ ਕਰਨ ਦੇ ਵਿਚਾਰ, ਲਾਭ ਪਹੁੰਚਾਣ ਦੇ ਵਿਚਾਰ, ਮਨ ਉਸ ਤਰ੍ਹਾਂ ਦੇ ਹੀ ਵਿਚਾਰ ਪੈਦਾ ਕਰਨ ਲਗ ਪੈਂਦਾ ਹੈ। ਅੰਤ ਇਕ ਸਮਾਂ ਇਹੋ ਜਿਹਾ ਆਉਂਦਾ ਹੈ ਜਦੋਂ ਤਾਮਸਿਕ ਵਿਚਾਰ ਮਨ ਵਿਚ ਆਉਂਦੇ ਹੀ ਨਹੀਂ, ਰਾਜਸਿਕ ਵਿਚਾਰ ਵੀ ਬੜੇ ਸੀਮਤ ਤਰੀਕੇ ਦੇ ਹੀ ਆਉਂਦੇ ਹਨ ਤੇ ਸਾਤਵਿਕ ਵਿਚਾਰ ਸਦਾ ਲਈ ਬਣ ਜਾਂਦੇ ਹਨ। ਜਦੋਂ ਮਨ ਵਿਚ ਸਾਤਵਿਕ ਵਿਚਾਰ ਘਰ ਕਰ ਜਾਂਦੇ ਹਨ ਉਹ ਮਨ ਮੈਡੀਟੇਸ਼ਨ ਲਈ ਤਿਆਰ ਹੋ ਜਾਂਦਾ ਹੈ, ਧਿਆਨ ਲਗਾਉਣ ਲਈ ਤਿਆਰ ਹੋ ਜਾਂਦਾ ਹੈ ਤੇ ਤੁਸੀਂ ਚੰਗੀ ਤਰ੍ਹਾਂ ਭਗਤੀ ਕਰ ਸਕਦੇ ਹੋ।

ਇਸ ਸ਼ਲੋਕ ਵਿਚ ਇਹ ਦੱਸਿਆ ਗਿਆ ਹੈ ਕਿ ਗ੍ਰਹਿਸਤ ਜੀਵਨ, ਜੀਵਨ ਦੀ ਦੂਸਰੀ ਪੌੜੀ ਹੈ। ਇਹ ਉਹ ਪੌੜੀ ਹੈ ਜਿਥੇ ਅੱਗੇ ਪੌੜੀਆਂ

ਚੜ੍ਹਨ ਦੀ ਤਿਆਰੀ ਹੋ ਸਕਦੀ ਹੈ। ਆਤਮ ਪੜਚੋਲ ਦਾ, ਰਵੱਈਆ ਬਣਾ ਕੇ, ਰੁਚੀ ਬਣਾ ਕੇ, ਆਤਮ ਸੰਜਮ, ਆਤਮ ਅਨੁਸ਼ਾਸਨ ਅਪਣਾਅ ਕੇ, ਇਹ ਕੋਈ ਔਖਾ ਨਹੀਂ ਹੈ, ਸ਼ਰਤ ਇਹ ਹੈ ਅਨੁਸਾਸ਼ਨ ਬਾਹਰੋਂ ਨਹੀਂ ਅੰਦਰੋਂ ਪੈਦਾ ਹੋਣਾ ਚਾਹੀਦਾ ਹੈ। ਬਾਹਰ ਦੀਆਂ ਕੀਮਤਾਂ ਕਦਰਾਂ ਕਰਕੇ, ਬਾਹਰੋਂ ਨਹੀਂ ਥੋਪਿਆ ਜਾਣਾ ਚਾਹੀਦਾ।

ਪਿਛਲੇ ਭਾਗ ਵਿਚ ਅਸੀਂ ਦੇਖਿਆ ਸੀ ਕਿ ਅੰਗੀਰਸ ਨੇ ਸ਼ੌਨਕ ਨੂੰ ਸੰਸਾਰਕ ਗਿਆਨ ਤੇ ਬ੍ਰਹਮ ਗਿਆਨ ਦੋਨੋਂ ਹੀ ਦਿਤੇ ਸੀ। ਸੰਸਾਰਕ ਗਿਆਨ ਨਾਲ ਤੁਸੀਂ ਸੰਸਾਰ ਵਿਚ ਵਧਦੇ-ਫੁਲਦੇ ਹੋ, ਨਾਮ ਪ੍ਰਾਪਤ ਕਰਦੇ ਹੋ, ਬ੍ਰਹਮ ਗਿਆਨ ਰਾਹੀਂ ਤੁਸੀਂ ਮੋਕਸ਼ ਪ੍ਰਾਪਤ ਕਰਦੇ ਹੋ।

ਸ਼ੌਨਕ ਨੂੰ ਪਰਾ ਵਿਦਿਆ ਦਾ ਗਿਆਨ ਦੇਣ ਤੋਂ ਭਾਵ ਹੈ ਕਿ ਗ੍ਰਹਿਸਤੀਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਹੈ ਤਾਂ ਪਹਿਲੀ ਪੌੜੀ ਹੀ ਪਰ ਹੈ ਬਹੁਤ ਹੀ ਮਹੱਤਵਪੂਰਨ, ਇਸ ਉਤੇ ਚੜ੍ਹੇ ਬਿਨਾਂ ਉਪਰਲੇ ਡੰਡਿਆਂ ਉਤੇ ਨਹੀਂ ਚੜ੍ਹਿਆ ਜਾ ਸਕਦਾ। ਇਹ ਪੜ੍ਹ ਕੇ ਗ੍ਰਹਿਸਤੀਆਂ ਨੂੰ ਢਾਰਸ ਮਿਲਦੀ ਹੈ, ਉਹ ਇਹ ਸਮਝ ਜਾਂਦੇ ਹਨ ਕਿ ਜੋ ਕੁਝ ਵੀ ਉਹ ਜੀਵਨ ਵਿਚ ਕਰਦੇ ਹਨ, ਜਿਹੜੀ ਕਿਰਿਆਂ ਕਰਦੇ ਹਨ ਜੋ ਕਰਮ ਕਰਦੇ ਹਨ ਉਹ ਅਵੱਸ਼ਕ ਹਨ, ਇਹ ਸਭ ਕੁਝ ਕਰਨ ਨਾਲ ਬਹੁਤ ਸਾਰੀਆਂ ਰੁਕਾਵਟਾਂ ਜੋ ਇਸ ਮਾਰਗ ਤੇ ਆਉਂਦੀਆਂ ਹਨ ਉਹ ਦੂਰ ਹੋ ਜਾਂਦੀਆਂ ਹਨ। ਬਹੁਤ ਸਾਰੇ ਗ੍ਰਹਿਸਤੀ ਇਹ ਸੋਚਦੇ ਹਨ ਕਿ ਉਹ ਤਾਂ ਕੇਵਲ ਇਕ ਗ੍ਰਹਿਸਤੀ ਹੀ ਹਨ, ਉਹ ਸਤਿ ਦੀ ਪ੍ਰਾਪਤੀ ਕਿਵੇਂ ਕਰ ਸਕਦੇ ਹਨ, ਸਤਿ ਦੀ ਪ੍ਰਾਪਤੀ ਤਾਂ ਕੇਵਲ ਤਿਆਗੀ ਹੀ ਕਰ ਸਕਦੇ ਹਨ, ਇਹ ਗੱਲ ਬਿਲਕੁਲ ਗਲਤ ਹੈ।

ਕਠ ਉਪਨਿਸ਼ਦ ਵਿਚ ਲਿਖਿਆ ਹੈ, ਜਾਗੋ, ਗਿਆਨ ਪ੍ਰਾਪਤ ਕਰੋ, ਸਤਿ ਦੀ ਪ੍ਰਾਪਤੀ ਕਰੋ, ਸਤਿ ਦੀ ਪ੍ਰਾਪਤੀ ਹਰ ਇਕ ਮਨੁੱਖ ਦਾ ਅਧਿਕਾਰ ਹੈ। ਜੋ ਕੁਝ ਵੀ ਉਪਨਿਸ਼ਦ ਵਿਚ ਲਿਖਿਆ ਹੈ ਉਹ ਤਿਆਗੀ ਦੇ ਮਾਰਗ ਤੇ ਚੱਲਣ ਵਾਲਿਆਂ ਲਈ ਤਾਂ ਸੱਚ ਹੈ ਹੀ ਪਰ ਨਾਲ ਹੀ ਨਿਰ-ਸੁਆਰਥ ਕਰਮ ਕਰਨ ਵਾਲਿਆਂ ਲਈ ਵੀ ਸੱਚ ਹੈ।

ਸੰਸਾਰ ਸ਼ਬਦ ਦੇ ਅਰਥ ਹਨ ਜਿਸ ਦਾ ਨਾਂ ਕੋਈ ਆਦਿ ਹੈ ਨਾ ਕੋਈ ਅੰਤ। ਕ੍ਰਿਆ, ਸਾਧਨ, ਫਲ ਇਹ ਤਿੰਨ ਇਸ ਸੰਸਾਰ ਦੀਆਂ ਵਿਸ਼ੇਸ਼ਤਾਵਾਂ ਹਨ ਜਿਹੜੇ ਲੋਕ, ਪਦਾਰਥ ਨਾਲ ਖੁਸ਼ੀਆਂ ਨਾਲ ਜੁੜ ਜਾਂਦੇ ਹਨ, ਉਹ ਦੁਖੀ ਰਹਿੰਦੇ ਹਨ ਕਿਉਂ ਜੋ ਇਹ ਪਦਾਰਥ ਤਾਂ ਛਿਨਭੰਗਰ ਹਨ।

ਜਿਹੜੇ ਜੰਮਣ ਮਰਨ ਦੇ ਬੰਧਨ ਤੋਂ ਛੁਟਕਾਰਾ ਪਾ ਜਾਂਦੇ ਹਨ ਉਹ ਮੁਕਤ ਹੋ ਜਾਂਦੇ ਹਨ। ਆਤਮ ਸਿਧੀ, ਆਤਮ ਸਾਧਨਾ, ਪ੍ਰਾਪਤ ਕਰਨ ਲਈ ਹਰ ਪੱਧਰ ਤੇ ਮੁਕਤ ਹੋਣਾ ਪੈਂਦਾ ਹੈ।

ਇਸ ਭਾਗ ਵਿਚ ਤਾਂ ਸੰਸਾਰਕ ਗਿਆਨ ਬਾਰੇ ਹੀ ਦੱਸਿਆ ਗਿਆ ਹੈ, ਕਿਵੇਂ ਗੁਣਵਾਨ ਕਰਮ ਕੀਤੇ ਜਾਣ, ਚੰਗੇ ਕੰਮ ਕੀਤੇ ਜਾਣ, ਕਿਵੇਂ ਉਨ੍ਹਾਂ ਦੇ ਫਲ ਦੀ ਪ੍ਰਾਪਤੀ ਕਰਕੇ ਉਨ੍ਹਾਂ ਦਾ ਅਨੰਦ ਮਾਣਿਆ ਜਾਵੇ। ਜਦੋਂ ਜਗਿਆਸੂ ਨੂੰ ਚੰਗੇ ਕਰਮਾਂ ਦਾ ਫਲ ਪ੍ਰਾਪਤ ਹੁੰਦਾ ਹੈ ਜਗਿਆਸੂ ਚੰਗੇ ਤੇ ਉਚੇ ਤੇ ਚੰਗੇ ਕਰਮ ਕਰਨ ਦੀ ਮਹੱਤਤਾ ਨੂੰ ਸਮਝ ਲੈਂਦਾ ਹੈ ਇਸ ਤਰ੍ਹਾਂ ਕਰਕੇ ਉਹ ਅੰਤਮ ਮੁਕਤੀ ਤੇ ਪਹੁੰਚ ਜਾਂਦਾ ਹੈ

## ਭਾਗ ਦੂਸਰਾ

ਜਦੋਂ ਅਗਨੀ ਪੂਰੀ ਤਰ੍ਹਾਂ ਨਾਲ ਉਤੇਜਿਤ ਹੋਵੇ, ਜਗਿਆਸੂ ਨੂੰ ਚਾਹੀਦਾ ਹੈ ਉਸ ਸਮੇਂ ਅਹੂਤੀ ਪਾਵੇ, ਉਸ ਸਮੇਂ ਵਿਧੀ ਅਨੁਸਾਰ ਅਰਪਣ ਕਰੇ, ਇਹ ਬਹੁਤ ਅਵਸ਼ਕ ਹੈ ਕਿ ਅਰਪਣਾ ਵਿਧੀ ਪੂਰਵਕ ਦਸੇ ਹੋਏ ਤਰੀਕੇ ਅਨੁਸਾਰ ਹੀ ਹੋਣੀ ਚਾਹੀਦੀ ਹੈ, ਇਕ ਇਕ ਕਰਕੇ ਹੀ ਹੋਣੀ ਚਾਹੀਦੀ ਹੈ।

ਇਸ ਦੂਸਰੇ ਮੰਤਰ ਦੇ ਬੜੇ ਹੀ ਡੂੰਘੇ ਅਰਥ ਹਨ। ਇਹ ਬਿਲਕੁਲ ਸਚ ਹੈ ਕਿ ਸਾਰੇ ਰੀਤੀ ਰਿਵਾਜ, ਸਾਰੇ ਕਰਮ ਕ੍ਰਿਆਵਾਂ, ਸਾਰੇ ਕਾਰਜ, ਦਸਤਾਵੇਜ ਇਹ ਸਭ ਕੁਝ ਜੋ ਜੀਵਨ ਦਾ ਹੈ ਇਹਨਾਂ ਵਾਸਤੇ ਜੀਵਨ ਦੀ ਅਗਨੀ ਪਰਜਵਲਤ ਕਰਨੀ ਜ਼ਰੂਰੀ ਹੈ। ਵੇਦਾਂ ਵਿਚ ਇਸ ਤਰ੍ਹਾਂ ਹੀ ਲਿਖਿਆ ਹੈ, ਅਗਨੀ ਬਾਰੇ ਤੇ ਅਗਨੀ ਦੀ ਰਸਮ ਬਾਰੇ, ਇਹ ਅਗਨੀ ਸ਼ਕਤੀ ਦਾ ਸੰਬੰਧ ਜੀਵਨ ਸ਼ਕਤੀ ਦੇ ਬਹੁਤ ਨੇੜੇ ਹੈ ਤੇ ਇਹ ਪ੍ਰਥਮ ਰੀਤੀ ਹੈ, ਇਸ ਤੋਂ ਬਿਨਾ ਕੁਝ ਵੀ ਨਹੀਂ ਕੀਤਾ ਜਾ ਸਕਦਾ। ਇਸ ਮੰਤਰ ਵਿਚ ਅਗਨੀ ਪਰਜਵਲਤ ਕਰਨ ਬਾਰੇ ਲਿਖਿਆ ਹੈ ਉਹ ਅਗਨੀ ਜਿਹੜੀ ਲਪਟਾ ਮਾਰੇ, ਚੰਗਿਆਰੀਆਂ ਛੱਡੇ, ਚਮਕਾਂ ਮਾਰੇ ਉਸ ਵਿਚ ਫੇਰ ਮੱਖਨ ਦੀ ਅਹੂਤੀ ਪਾਈ ਜਾਵੇ ਵਿਸ਼ੇਸ਼ ਤੌਰ ਤੇ ਜਦੋਂ ਅਗਨੀ ਦੀਆਂ ਲਪਟਾ ਉਠਣ, ਜਿਹੜੀ ਜਗ੍ਹਾਂ ਉਨ੍ਹਾਂ ਲਪਟਾਂ ਦੇ ਵਿਚ ਬਣੇ ਉਥੇ ਮੱਖਨ ਪਾਇਆ ਜਾਵੇ।

ਇਸ ਉਪਰੰਤ ਮੰਤਰ ਦੀ ਵਿਆਖਿਆ ਹੈ। ਉਸ ਨੂੰ ਵਿਸਤਾਰ ਨਾਲ ਦਸਿਆ ਗਿਆ ਹੈ, ਵਿਸਥਾਰ ਤੇ ਵਿਆਖਿਆ ਤੰਤਰ ਸਾਸ਼ਤਰ ਅਨੁਸਾਰ ਕੀਤੀ ਗਈ ਹੈ। 'ਤੰਤਰ' ਸ਼ਬਦ ਦੇ ਅਰਥ ਹਨ 'ਤਰੀਕਾ' ਵਿਧੀ ਤੰਤਰ ਦੇ ਤਿੰਨ ਸੰਪਰਦਾਵਾਂ ਹਨ। 1. ਕੋਲ 2. ਮਿਸ਼ਰ 3. ਸਾਮਿਆ। ਇਕ ਗੰਭੀਰ

ਜਗਿਆਸੂ ਲਈ ਇਹ ਜਾਣ ਲੈਣਾ ਵੀ ਅਵਸ਼ਕ ਹੈ ਕਿ ਬਹੁਤ ਸਾਰੇ ਸਹਾਇਕ ਗ੍ਰੰਥ ਵੀ ਹਨ, ਉਪਨਿਸ਼ਦ ਤਾਂ ਹਨ ਹੀ, ਉਪਨਿਸ਼ਦ ਤਾਂ ਮੂਲ ਗ੍ਰੰਥ ਹਨ। ਸਹਾਇਕ ਗ੍ਰੰਥਾਂ ਨੂੰ ਸਹਿਯੋਗ ਸਾਸ਼ਤਰ ਕਿਹਾ ਗਿਆ ਹੈ। ਉਪਨਿਸ਼ਦ ਸਭ ਤੋਂ ਵਧ ਮਹੱਤਵਪੂਰਨ ਸਾਸ਼ਤਰ ਹਨ, ਇਨ੍ਹਾਂ ਵਿਚ ਸਭ ਕੁਝ ਬੜੀ ਵਿਧੀ ਅਨੁਸਾਰ ਤੇ ਸੰਖੇਪ ਵਿਚ ਦਿਤਾ ਗਿਆ ਹੈ। ਉਪਨਿਸ਼ਦ ਬਿਲਕੁਲ ਉਸ ਤਰ੍ਹਾਂ ਹੀ ਹਨ ਜਿਵੇਂ ਕਿ ਪਾਰਕਰਮ ਅਧਿਆਪਕ ਲਈ ਹੋਵੇ, ਜਿਸ ਅਨੁਸਾਰ ਉਹ ਬੱਚਿਆਂ ਨੂੰ ਪੂਰੀ ਤਰ੍ਹਾਂ ਵਿਸਥਾਰ ਨਾਲ ਸਮਝਾ ਸਕੇ, ਜਗਿਆਸੂ ਨੂੰ ਹਰ ਪੱਧਰ ਤੇ ਆਪ ਵੀ ਕੋਸ਼ਿਸ਼ ਕਰਕੇ ਸਿੱਖਣ ਦੀ ਲੋੜ ਹੈ, ਜਗਿਆਸੂ ਨੂੰ ਸਰੀਰਕ ਰਚਨਾ ਵਿਗਿਆਨ ਜਾਨਣ ਦੀ ਲੋੜ ਹੈ। ਸਰੀਰ ਵਿਗਿਆਨ (physiology) ਜਾਨਣ ਦੀ ਲੋੜ ਹੈ, ਖਾਣ ਪੀਣ ਭੋਜਨ ਬਾਰੇ ਤੇ ਪੋਸ਼ਟਕ ਭੋਜਨ ਬਾਰੇ ਜਾਨਣ ਦੀ ਲੋੜ ਹੈ। ਸਭ ਤੋਂ ਵਧ ਲੋੜ ਹੈ ਸੁਆਸ ਵਿਗਿਆਨ ਨੂੰ ਸਮਝਣ ਦੀ ਤੇ ਜਾਨਣ ਦੀ। ਸੁਆਸਾਂ ਰਾਹੀਂ ਹੀ ਪਰਾਣਾ ਦੀ ਉਤਪਤੀ ਹੈ, ਸੁਆਸਾਂ ਦੇ ਗੇੜ ਨਾਲ ਹੀ ਸਰੀਰ ਦੇ ਵੱਖ ਵੱਖ ਹਿੱਸੇ ਵਿਚ ਪ੍ਰਾਣ ਪਹੁੰਚਦੇ ਹਨ, ਗਿਆਨ ਇੰਦ੍ਰੀਆਂ ਨੂੰ, ਸਰੀਰ ਨੂੰ, ਇਨ੍ਹਾਂ ਨੂੰ ਗਤੀ ਦੇਣੀ ਪ੍ਰਾਣਾ ਦਾ ਹੀ ਕੰਮ ਹੈ। ਸਮੁਚੇ ਸਰੀਰ ਨੂੰ ਤੇ ਸੂਖਮ ਸਰੀਰ ਨੂੰ ਤੇ ਵੱਖ ਵੱਖ ਸ਼ੰਸ਼ੋਧਨਾ ਨੂੰ। ਜਗਿਆਸੂ ਨੂੰ ਆਤਮਾ ਨੂੰ ਸਮਝਣਾ ਚਾਹੀਦਾ ਹੈ, ਜਾਨਣਾ ਚਾਹੀਦਾ ਹੈ, ਆਤਮਾ ਦਾ ਸਰੀਰ ਨਾਲ ਕੀ ਸੰਬੰਧ ਹੈ, ਇਹ ਜਾਣਨਾ ਜ਼ਰੂਰੀ ਹੈ। ਆਤਮਾ ਦਾ ਸੰਬੰਧ ਇੰਦ੍ਰੀਆਂ ਨਾਲ ਤੇ ਮਨ ਨਾਲ ਇਹ ਸਭ ਕੁਝ ਜਾਨਣਾ, ਸਮਝਣਾ ਬੜਾ ਹੀ ਜਰੂਰੀ ਹੈ।

ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਆਪਣੇ ਮਨ ਦੀਆਂ ਵੱਖ ਵੱਖ ਬਿਰਤੀਆਂ ਨੂੰ ਜਾਣ ਲੈਣ। ਇਸ ਪੱਧਰ ਤੇ ਹਾਲੇ ਆਤਮਾ ਜੋ ਕਿ ਜੀਵਨ ਦਾ ਸੋਮਾ ਹੈ ਅਧਾਰ ਹੈ ਉਹ ਹਾਲੇ ਤਾਂ ਛੁਪੀ ਹੀ ਰਹਿੰਦੀ ਹੈ। ਪਹਿਲੇ ਪਹਿਲ ਤਾਂ ਜਗਿਆਸੂ ਨੂੰ ਪਤਾ ਹੀ ਨਹੀਂ ਲਗਦਾ। ਹੋਲੀ ਹੋਲੀ ਜਗਿਆਸੂ ਨੂੰ ਸਮਝ ਪੈਂਦੀ ਹੈ ਕਿ ਉਹ ਕੇਵਲ ਸਰੀਰ ਹੀ ਨਹੀਂ, ਹਾਂ ਸਰੀਰ ਇਹ ਸਮੁੱਚਾ ਕਾਰਕ ਹੈ। ਸਰੀਰ ਦੀ ਸੰਭਾਲ ਬਹੁਤ ਹੀ ਅਵਸ਼ਕ ਹੈ, ਪਰ ਜੇ ਕੋਈ ਕੇਵਲ ਸਰੀਰ ਦੀ ਸੰਭਾਲ ਹੀ ਕਰਦਾ ਰਹੇ, ਜੀਵਨ ਦੀਆਂ ਡੂੰਘੀਆਂ ਦਿਸ਼ਾਵਾਂ ਨੂੰ ਜਾਣਿਆ ਹੀ ਨਹੀਂ, ਸਮਝਿਆ ਹੀ ਨਹੀਂ, ਜਿਵੇਂ ਕਿ ਸੁਆਸ, ਚੇਤਨਾ, ਅਚੇਤਨਾ। ਇਹ ਜਰੂਰੀ ਹੈ ਕਿ ਜਗਿਆਸੂ ਕਿਤੇ ਨਾ ਕਿਤੇ ਜਾਕੇ ਔਕੜਾ ਵਿਚ ਫਸੇਗਾ। ਜਗਿਆਸੂ ਦੀ ਅਗਿਆਨਤਾ, ਸੂਖਮ ਤੇ ਬਰੀਕ ਦਿਸ਼ਾਂਵਾ (dimensions) ਨੂੰ ਪਛਾਨਣ ਨਾਲ ਉਸ ਨੂੰ ਬਹੁਤ ਦੁਖ ਸੰਤਾਪ ਲਗ ਸਕਦਾ ਹੈ ਬਹੁਤ ਔਕੜਾ ਵੀ ਆ ਸਕਦੀਆਂ ਹਨ। ਜਿੰਨਾਂ ਵੱਧ ਤੁਸੀਂ ਆਪਣੇ ਆਪ ਨੂੰ ਜਾਣੋਗੇ ਪਛਾਣੋਗੇ ਸਮਝੋਗੇ ਉਨਾ ਹੀ ਵਧ ਤੁਹਾਨੂੰ

ਜੀਵਨ ਦੀ ਕੀਮਤ ਦਾ ਪਤਾ ਲਗੇਗਾ।

ਤੰਤਰ ਸ਼ਾਸਤਰ ਯੋਗ ਦੇ ਬਹੁਤ ਸਾਰੇ ਅਭਿਆਸ ਸਮਝਣ ਲਈ ਸਹਾਇਕ ਹੁੰਦੇ ਹਨ। ਤੰਤਰ ਨੂੰ ਠੀਕ ਤਰੀਕੇ ਨਾਲ ਸਮਝਣਾ ਚਾਹੀਦਾ ਹੈ ਉਸ ਦਾ ਅਰਥ ਭਾਵ ਕੇਵਲ ਕਾਮ ਪਰਵਿਰਤੀ ਨਾਲ ਨਹੀਂ ਲੈਣਾ ਚਾਹੀਦਾ, ਪੱਛਮ ਵਿਚ ਆਮ ਲੋਕੀ ਇਸ ਨੂੰ ਗਲਤ ਹੀ ਸਮਝਦੇ ਹਨ। ਯੋਗ ਵਿਗਿਆਨ ਤੋਂ ਭਾਵ ਹੈ, ਸੁੱਤੀ ਸ਼ਕਤੀ ਨੂੰ ਜਗਾਉਣਾ, ਜਿਸ ਨੂੰ ਕੁੰਡਲਨੀ ਕਿਹਾ ਜਾਂਦਾ ਹੈ, ਕੁੰਡਲਨੀ ਨੂੰ ਜਗਾ ਕੇ ਸੁਖਮਨਾ ਨੂੰ ਸਥਾਪਤ ਕਰਨਾ, ਇਸ ਪ੍ਰਕਾਰ ਅਨੰਦ ਸਥਿਤੀ ਨੂੰ ਚਾਲੂ ਕਰਨਾ, ਇਸ ਤਰ੍ਹਾਂ ਕਰਨ ਨਾਲ ਮਨ ਅੰਤਰ ਧਿਆਨ ਹੋ ਜਾਂਦਾ ਹੈ ਤੇ ਸਦਾ ਹੀ ਅਨੰਦ ਵਿਚ ਸਥਿਰ ਹੋ ਜਾਂਦਾ ਹੈ।

ਇਸ ਲਈ ਸਤੋਂ ਚੱਕਰਾਂ ਦਾ ਗਿਆਨ ਹੋਣਾ ਜਰੂਰੀ ਹੈ, ਚੱਕਰ ਦਾ ਅਰਥ ਹੈ ਪਹੀਆ, ਭਾਗਾਂ ਦਾ ਚੱਕਰ ਮਨੁੱਖ ਦੇ ਸੂਖਮ ਸਰੀਰ ਵਿਚ, ਜੋ ਕਿ ਅਚੇਤ ਮਨ ਵਿਚ ਵਸਦਾ ਹੈ ਉਸ ਦੇ ਸੱਤ ਚੱਕਰ ਹਨ, ਕੇਂਦਰ ਬਿੰਦੂ ਹਨ। ਜਿਨ੍ਹਾ ਉਤੇ ਧਿਆਨ ਲਗਾ ਕੇ ਮੈਡੀਟੇਸ਼ਨ ਕੀਤੀ ਜਾਂਦੀ ਹੈ।

ਮੂਲਾਧਾਰ ਚੱਕਰ ਗੀੜ ਦੀ ਹੱਡੀ ਦੇ ਥੱਲੇ ਹੈ, ਜਿਥੋਂ ਕਿ ਗੀੜ ਦੀ ਹੱਡੀ ਸ਼ੁਰੂ ਹੁੰਦੀ ਹੈ, ਸਹੰਸਰ ਚੱਕਰ ਬਿਲਕੁਲ ਉਪਰ ਸਿਰ ਦੇ ਵਿਚਕਾਰ ਹੈ, ਤੇ ਅਨਾਹਤ ਚੱਕਰ ਸਰੀਰ ਦੇ ਉਪਰ ਦੇ ਹਿੱਸੇ ਨੂੰ ਤੇ ਨੀਚੇ ਦੇ ਹਿੱਸੇ ਨੂੰ ਦੋ ਭਾਗਾਂ ਵਿਚ ਵੰਡਦਾ ਹੈ, ਉਪਰ ਵਾਲੇ ਭਾਗ ਵਿਚ ਵਿਸ਼ੁਧ ਚੱਕਰ ਜਿਸ ਨੂੰ ਅਜਨਾ ਵੀ ਕਹਿੰਦੇ ਹਨ ਤੇ ਨਾਲ ਹੈ ਸਹੰਸਰਦਲ ਚੱਕਰ ਥੱਲੇ ਵਾਲੇ ਭਾਗ ਵਿਚ ਹੈ ਮੂਲਧਾਰ ਚੱਕਰ, ਸਵਾਧਿਸ਼ਠਾਨ ਚੱਕਰ ਤੇ ਮਣੀਪੂਰਕ ਚੱਕਰ, ਕਿਉਂਕਿ ਅਨਾਹਤ ਚੱਕਰ ਨੂੰ ਇਕ ਕੇਂਦਰ ਬਿੰਦੂ ਚੱਕਰ ਮਨ ਲਿਆ ਹੈ ਇਸ ਦੇ ਉਪਰ ਦਾ ਭਾਗ ਤੇ ਇਸ ਤੋਂ ਥੱਲੇ ਦਾ ਭਾਗ, ਜਗਿਆਸੂ ਇਸ ਉਤੇ ਧਿਆਨ ਲਗਾਕੇ ਆਪਣੇ ਜੀਵਨ ਦੀਆਂ ਭਾਵਨਾਵਾਂ ਵਿਚ ਸਮਾਚਿੱਤਤਾ ਲਿਆਉਂਦਾ ਹੈ, ਇਹ ਸਿਰਫ ਇਸ ਕਰਕੇ ਹੀ ਕਿ ਇਹ ਚੱਕਰ ਮੱਧ ਵਿਚ ਹੈ।

ਤੰਤਰ ਦੀ ਕੌਲ ਪ੍ਰਣਾਲੀ ਅਨੁਸਾਰ ਮੂਲਧਾਰ ਚੱਕਰ ਹੀ ਪੂਰੀ ਗੀਤੀ ਦਾ ਕੇਂਦਰ ਹੈ ਇਸ ਨੂੰ ਸ਼ਿਵ ਤੇ ਸ਼ਕਤੀ ਦਾ ਮੇਲ ਕਿਹਾ ਜਾਂਦਾ ਹੈ, ਇਹ ਪੂਜਾ ਸ਼ਿਵ ਤੇ ਸ਼ਕਤੀ ਦੇ ਮੇਲ ਨਾਲ ਕੀਤੀ ਜਾਂਦੀ ਹੈ। ਇਹ ਧਿਆਨ ਮੈਡੀਟੇਸ਼ਨ ਹੋਰ ਡੂੰਘਾ ਲੈ ਕੇ ਜਾਣ ਲਈ ਕੀਤਾ ਜਾਂਦਾ ਹੈ, ਇਹ ਅਗਨੀ ਨੂੰ ਸਾਕਸ਼ੀ ਲੈ ਕੇ ਉਸ ਵਿਚ ਅਹੂਤੀ ਵੀ ਪਾਈ ਜਾਂਦੀ ਹੈ। ਇਹ ਸਭ ਕੁਝ ਬੜੀ ਹੀ ਵਿਧੀ ਪੂਰਵਕ ਕਰਨ ਦੀ ਲੋੜ ਹੈ ਨਹੀਂ ਤਾਂ ਇਸ ਨਾਲ ਹਾਨੀ ਵੀ ਹੋ ਸਕਦੀ ਹੈ।

ਹਰ ਪ੍ਰਵਿਰਤੀ ਦੀ ਤਰ੍ਹਾਂ ਕਾਮ ਪਰਵਿਰਤੀ ਦੀ ਵਰਤੋਂ ਵੀ ਗ੍ਰਹਿਸਤੀਆਂ ਨੂੰ ਠੀਕ ਤਰੀਕੇ ਨਾਲ ਕਰਨੀ ਚਾਹੀਦੀ ਹੈ। ਇਸ ਪਰਵਿਰਤੀ ਨੂੰ ਆਤਮਾਵਾਂ ਦੇ ਮੇਲ ਮੰਨ ਕੇ ਚਲਣਾ ਚਾਹੀਦਾ ਹੈ।

ਤੰਤਰ ਦੀ ਮਿਸ਼ਰਾ ਪ੍ਰਣਾਲੀ ਅਨਾਹਤ ਚੱਕਰ ਨੂੰ ਕੇਂਦਰ ਮੰਨ ਕੇ ਉਸ ਤੇ ਧਿਆਨ ਕੇਂਦਰਤ ਕਰਦੇ ਹਨ। ਅਸੀਂ ਉਪਰ ਦੇਖਿਆ ਹੈ ਇਹ ਉਹ ਕੇਂਦਰ ਹੈ ਜਿਸ ਨੂੰ ਕੇਂਦਰ ਮੰਨ ਕੇ ਤੇ ਸਰੀਰ ਨੂੰ ਉਪਰ ਦੇ ਭਾਗ ਤੇ ਥੱਲੇ ਦੇ ਭਾਗ ਵਿਚ ਵੰਡਿਆ ਜਾਂਦਾ ਹੈ। ਇਸ ਪ੍ਰਣਾਲੀ ਨੂੰ ਮੰਨਣ ਵਾਲੇ ਮਾਨਸਿਕ ਪੂਜਾ ਹੀ ਕਰਦੇ ਹਨ ਸਾਰੀ ਰੀਤੀ ਮਾਨਸਿਕ ਹੀ ਕਰਦੇ ਹਨ ਜਿਵੇਂ ਕਿ ਪੰਚੋਪਚਾਰਾ (Panchopachara) ਪੂਜਾ ਕੀਤੀ ਜਾਂਦੀ ਹੈ ਜਾਂ ਸ਼ੋਦਸ਼ੋਪਚਾਰਾ (Shodashopachara) ਪੂਜਾ। ਇਸ ਪ੍ਰਣਾਲੀ ਨੂੰ ਮਿਸ਼ਰ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਇਸ ਗੱਲ ਵਿਚ ਵਿਸ਼ਵਾਸ ਰਖਦੇ ਹਨ ਕਿ ਪੂਜਾ ਕੇਵਲ ਬਾਹਰ ਦੀ ਹੀ ਨਹੀਂ, ਪੂਜਾ ਦਾ ਮਹੱਤਵ ਤਾਂ ਅੰਦਰ ਦਾ ਹੈ। ਮਿਸ਼ਰ ਪ੍ਰਣਾਲੀ ਅਨਾਹਤ ਚੱਕਰ ਨੂੰ ਕੇਂਦਰ ਮੰਨ ਕੇ ਪੂਜਾ ਕਰਦੇ ਹਨ, ਅਨਾਹਤ ਚੱਕਰ ਨੂੰ ਭਾਵਨਾਵਾਂ ਦਾ ਸੰਵੇਗਾਂ ਦਾ ਕੇਂਦਰ ਮੰਨਿਆ ਜਾਂਦਾ ਹੈ, ਇਸ ਨੂੰ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ, ਇਸ ਅਨੁਭਵ ਨੂੰ ਉਤਲੇ ਤੇ ਉਚੇਰੇ ਪੱਧਰ ਨਾਲ ਜੋੜਨ ਦੀ ਲੋੜ ਹੈ, ਤੇ ਉਸ ਨਾਲ ਸਮਵਰਗ ਕਰਨ ਦੀ ਲੋੜ ਹੈ ਤਾਂ ਜੋ ਵਿਸਮਾਦ ਮਾਣਿਆ ਜਾ ਸਕੇ। ਇਹ ਬਿਲਕੁਲ ਸੱਚ ਹੈ ਕਿ ਵਿਸਮਾਦ ਨਾਲ ਜਗਿਆਸੂ ਸੌਖਾ ਹੀ ਗਿਆਨ ਪ੍ਰਾਪਤ ਕਰ ਲੈਂਦਾ ਹੈ।

ਤੰਤਰ ਦੀ ਤੀਸਰੀ ਪ੍ਰਣਾਲੀ ਹੈ ਸਾਮਾਇ। ਤੰਤਰ ਦਾ ਇਹ ਮਾਰਗ ਸਭ ਤੋਂ ਉਚਾ ਮਾਰਗ ਹੈ ਤੇ ਪੂਰੀ ਤਰ੍ਹਾਂ ਨਾਲ ਯੋਗ ਦਾ ਮਾਰਗ ਹੈ, ਇਸ ਦੀ ਪੂਜਾ ਕੇਵਲ ਅੰਤਰ ਮੁਖੀ ਹੀ ਕੀਤੀ ਜਾਂਦੀ ਹੈ, ਸਹੰਸਰਾਰ ਚੱਕਰ ਤੇ ਕੀਤੀ ਜਾਂਦੀ ਹੈ। ਇਸ ਪ੍ਰਣਨਾਲੀ ਦੇ ਜਗਿਆਸੂ ਕੋਈ ਵੀ ਰੀਤੀ ਬਾਹਰ ਨਹੀਂ ਕਰਦੇ, ਇਹ ਜਗਿਆਸੂ ਸਾਰੀ ਰੀਤੀ ਪੂਰੀ ਤਰ੍ਹਾਂ ਨਾਲ ਮਾਨਸਿਕ ਤਰੀਕੇ ਨਾਲ ਕਰਦੇ ਹਨ ਤੇ ਯੋਗਿਕ ਵਿਧੀ ਨਾਲ ਕਰਦੇ ਹਨ। ਇਸ ਕਰਕੇ ਹੀ ਇਸ ਸਾਰੀ ਵਿਧੀ ਨੂੰ ਅੰਤਰ ਪੂਜਾ ਕਿਹਾ ਜਾਂਦਾ ਹੈ, ਇਸ ਵਿਚ ਪ੍ਰਾਣਾਯਾਮ, ਮੈਡੀਟੇਸ਼ਨ ਤੇ ਧਿਆਨ ਰਾਹੀਂ ਹੀ ਸਭ ਕੁਝ ਕੀਤਾ ਜਾਂਦਾ ਹੈ। ਸਭ ਤੋਂ ਪਹਿਲਾਂ ਮੁਢਲੀ ਸ਼ੋਧੀ ਕਿਰਿਆ ਕਰਕੇ ਬਹੁਤ ਪਹੁੰਚੇ ਹੋਏ ਉਸਤਾਦ ਨਿਪੁੰਨ ਯੋਗੀ ਹੀ ਸ਼ਿਵ ਸ਼ਕਤੀ ਦਾ ਮਿਲਾਪ ਸਹੰਸਰਾਰ ਚੱਕਰ ਤੇ ਕਰਦੇ ਹਨ ਉਨ੍ਹਾਂ ਦਾ ਮੇਲ ਇਸ ਚੱਕਰ ਤੇ ਕਰਦੇ ਹਨ। ਇਸ ਵਿਚ ਬਾਹਰੀ ਰੂਪ ਵਿਚ ਕੁਝ ਵੀ ਨਹੀਂ ਕੀਤਾ ਜਾਂਦਾ, ਇਸ ਤਰ੍ਹਾਂ ਕਰਨ ਨਾਲ ਜਗਿਆਸੂ

ਸਹਿਜ ਸਮਾਧ ਵਿਚ ਪਹੁੰਚ ਜਾਂਦਾ ਹੈ, ਜਿਸ ਨੂੰ ਜੀਵਨ ਮੁਕਤ ਸਟੇਜ ਵੀ ਕਿਹਾ ਗਿਆ ਹੈ, ਸਭ ਤੋਂ ਉਚ ਪ੍ਰਣਾਲੀ ਕਹੀ ਜਾਂਦੀ ਹੈ, ਇਸ ਦਾ ਅਭਿਆਸ ਯੋਗੀ ਤੇ ਤਿਆਗੀ ਹੀ ਕਰਦੇ ਹਨ 'ਸਮਾਇ' ਤੰਤਰ ਦੀ ਸਭ ਤੋਂ ਸੂਖਮ ਪ੍ਰਣਾਲੀ ਹੈ। ਕੋਈ ਵਿਰਲਾ ਹੀ ਇਸ ਮਾਰਗ ਤੇ ਚਲਦਾ ਹੈ।

ਏਥੇ ਇਹ ਦਸ ਦੇਣਾ ਅਤਿ ਆਵਸ਼ਕ ਹੈ ਕਿ ਪੱਛਮ ਵਿਚ ਤੰਤਰ ਦਾ ਮਾਰਗ ਕੇਵਲ ਲਿੰਗੀ ਕਾਮ ਮਾਰਗ ਹੀ ਬਣ ਗਿਆ ਹੈ। ਇਸ ਗੱਲ ਤੇ ਬੜਾ ਖੇਦ ਹੈ ਕਿ ਤੰਤਰ ਮਾਰਗ ਨੂੰ ਕੇਵਲ ਏਥੇ ਤੱਕ ਹੀ ਸੀਮਤ ਕਰ ਦਿੱਤਾ ਗਿਆ ਹੈ। ਇਹ ਇਕ ਬਹੁਤ ਹੀ ਵੱਡਾ ਭੁਲੇਖਾ ਹੈ ਭਰਮ ਹੈ। ਉਪਰ ਦਿਤੀ ਗਈ ਵਿਆਖਿਆ ਬਿਲਕੁਲ ਠੀਕ ਹਨ, ਸੱਚ ਹੈ। ਪਰ ਗ੍ਰਿਹਸਤੀਆਂ ਲਈ 'ਅਗਨੀਹੋਤਰ' ਦੀ ਰੀਤਿ ਹੀ ਦੱਸੀ ਜਾਂਦੀ ਹੈ। ਇਸ ਨੂੰ 'ਬਹੀਰੰਗ ਉਪਾਸਨਾ' (bahiranga upasana) ਕਿਹਾ ਜਾਂਦਾ ਹੈ। ਇਹ ਸਾਰੀਆਂ ਖੋਜਾਂ ਰੀਤਿ ਵੇਦਾ ਵਿਚ ਦਿਤੇ ਗਏ ਨਿਯਮ ਤੇ ਹੁਕਮ ਅਨੁਸਾਰ ਹੀ ਕੀਤੀਆਂ ਜਾਂਦੀਆਂ ਹੈ। ਕਰਮ ਕਾਂਡ ਅਨੁਸਾਰ ਕੀਤੀ ਗਈ ਪੂਜਾ ਗ੍ਰਿਹਸਥੀਆਂ ਲਈ ਅਤਿ ਫਲਦਾਇਕ ਹੁੰਦੀ ਹੈ ਤੇ ਜਦੋਂ ਇਹ ਵਿਧੀ ਪੂਰਵਕ ਕੀਤੀਆਂ ਜਾਣ, ਇਨ੍ਹਾਂ ਦਾ ਫਲ ਚੰਗਾ ਹੀ ਮਿਲਦਾ ਹੈ।

## ਸਲੋਕ ਤੀਸਰਾ

"ਜੇ ਜਗਿਆਸੂ ਦੀ ਅਗਨੀਹੋਤਰ ਰੀਤੀ ਭਾਵ ਅਗਨੀ ਵਿਚ ਆਹੂਤੀ ਪਾਉਣਾ ਠੀਕ ਪ੍ਰਕਾਰ ਵਿਧੀ ਪੂਰਵਕ ਨਾ ਕੀਤਾ ਜਾਵੇ। ਜੇ ਇਹ ਨਾ ਦੇਖਿਆ ਜਾਵੇ ਕਿ ਪੂਰਨਮਾਸੀ ਕਦੋਂ ਹੈ ਪੂਰਾ ਚੰਦਰਮਾ ਕਦੋਂ ਹੈ, ਨਵਾਂ ਚੰਦ ਕਦੋਂ ਸ਼ੁਰੂ ਹੁੰਦਾ ਹੈ, ਗਰਮੀਆਂ ਦੇ ਚਾਰ ਮਹੀਨੇ, ਬਰਸਾਤ ਦੇ ਚਾਰ ਮਹੀਨੇ, ਗਰਮੀਆਂ ਦਾ ਅਇਣ (solistic) (ਸੂਰਜ ਦੀ ਭੂ-ਮੱਧ ਰੇਖਾ ਤੋਂ ਦੂਰੀ ਵਧ ਤੋਂ ਵੱਧ ਦੂਰੀ ਦਾ ਸਮਾਂ) ਅਤਿਥੀਆਂ ਦੀ ਮੌਜੂਦਗੀ ਸਾਰੇ ਮਹਾਂਪੁਰਖ ਦੇਵੀ ਦੇਵਤਿਆਂ ਦਾ ਇਕ ਸੰਗਠਨ ਉਨ੍ਹਾਂ ਦੀ ਧਾਰਮਿਕ ਰੀਤੀ ਨਾਲ ਠੀਕ ਤਰ੍ਹਾਂ ਨਾਲ ਨਾ ਕੀਤਾ ਜਾਵੇ, ਨਿਯਮਾਂ ਅਨੁਸਾਰ ਨਾ ਕੀਤਾ ਜਾਵੇ ਤਾਂ ਸਾਰੀ ਮਿਹਨਤ ਸਾਰੀ ਰੀਤੀ ਤਬਾਹ ਹੋ ਜਾਂਦੀ ਹੈ, ਇਹ ਹੀ ਨਹੀਂ ਇਸ ਤਰ੍ਹਾਂ ਨਾਲ ਸਾਰੇ ਸੱਤਾਂ ਚੱਕਰਾਂ ਦੀ ਸ਼ਕਤੀ ਵੀ ਨਸ਼ਟ ਹੋ ਜਾਂਦੀ ਹੈ।"

ਤੀਸਰੇ ਸਲੋਕ ਵਿਚ ਸਾਰੇ ਠੀਕ ਉਨ੍ਹਾਂ ਸਹੀ ਹਾਲਾਤਾਂ ਦੀ ਮਹੱਤਤਾ ਦਸੀ ਗਈ ਹੈ, ਜਿਨ੍ਹਾਂ ਹਾਲਾਤਾਂ ਵਿਚ ਪੂਰੇ ਕਰਮਕਾਂਡ ਨਾਲ ਪੂਜਾ ਕੀਤੀ ਜਾਣੀ ਚਾਹੀਦੀ ਹੈ। ਇਹ ਰੀਤੀ ਪੂਰੇ ਚੰਦ ਭਾਵ ਪੂਰਨਮਾਸ਼ੀ ਵਾਲੇ ਦਿਨ ਕੀਤੀ ਜਾਂਦੀ ਹੈ। ਬਰਸਾਤ ਦੇ ਚਾਰ ਮਹੀਨੇ ਜਿਸ ਨੂੰ ਚੁਮਾਸਾ ਕਿਹਾ ਜਾਂਦਾ

ਹੈ ਉਹ ਇਸ ਪੂਜਾ ਲਈ ਖਾਸ ਤੌਰ ਤੇ ਚੁਣੇ ਜਾਂਦੇ ਹਨ ਤੇ ਉਨ੍ਹਾਂ ਵਿਚ ਹੀ ਇਹ ਪੂਜਾ ਕੀਤੀ ਜਾਂਦੀ ਹੈ। ਸ਼ਲੋਕ ਵਿਚ ਦਸਿਆ ਗਿਆ ਹੈ ਕਿ ਜੇ ਪੂਜਾ ਕਰਨ ਵਾਲਾ, ਬਾਹਰ ਦੀਆਂ ਸ਼ਕਤੀਆਂ ਨਾਲ ਗਿਆਨ ਸੰਚਾਰ ਕਰਨਾ ਨਹੀਂ ਸਿਖਦਾ ਤੇ ਜੇ ਰੀਤੀ ਰਸਮ ਠੀਕ ਸਮੇਂ ਤੇ ਨਹੀਂ ਕੀਤੀ ਜਾਂਦੀ ਜਾਂ ਜਿਹੜੇ ਅਤਿਥੀ ਆਏ ਉਨ੍ਹਾਂ ਦੀ ਆਓ ਭਗਤ ਠੀਕ ਤਰੀਕੇ ਨਾਲ ਨਹੀਂ ਕੀਤੀ ਜਾਂਦੀ, ਤਾਂ ਇਹ ਪੂਜਾ ਪੂਰੇ ਸੱਤਾਂ ਚੱਕਰਾਂ ਦੀ ਸ਼ਕਤੀ ਨੂੰ ਅਸ਼ਾਂਤ ਕਰ ਦਿੰਦੀ ਹੈ। ਭਾਵ ਕਿ ਸੱਤਾਂ ਚੱਕਰਾਂ ਦੀ ਡੂੰਘੀ ਸ਼ਕਤੀ ਨੂੰ ਅਸ਼ਾਂਤ ਕਰ ਦਿੰਦੀ ਹੈ।

ਵੱਖ ਵੱਖ ਤਿਆਗ, ਬਲੀਦਾਨ ਜਾਂ ਕਰਮ ਕਾਂਡ ਰੀਤੀ ਜੋ ਇਸ ਸ਼ਲੋਕ ਵਿਚ ਦੱਸੇ ਗਏ ਹਨ ਉਹ ਕੇਵਲ ਸਹਾਇਕ ਹਨ, ਪ੍ਰਮੁਖ ਰੀਤੀ ਦੇ ਸਹਾਇਕ ਪ੍ਰਮੁੱਖ ਰੀਤੀ ਤਾਂ ਅਗਨੀ ਰੀਤੀ ਹੈ। ਗ੍ਰਿਹਸਤ ਜਿਹੜੇ ਅਪਰਾ ਵਿਦਿਆ ਦੇ ਮਾਰਗ ਤੇ ਚਲਦੇ ਭਾਵ ਜਿਹੜੇ ਸੰਸਾਰਕ ਗਿਆਨ ਨੂੰ ਮਹੱਤਵ ਦਿੰਦੇ ਹਨ ਉਹ ਇਹ ਰੀਤੀ ਨੂੰ ਕਰਦੇ ਹਨ, ਉਹ ਇਹ ਰੀਤੀ ਮੂਲ ਰੂਪ ਵਿਚ ਕਰਦੇ ਹਨ, ਸੰਸਾਰ ਵਿਚ ਕਰਦੇ ਹਨ।

ਨੋਟ : ਗੁਰਮਤਿ ਵਿਚ ਕਰਮ ਕਾਂਡੀ ਰੀਤੀ ਰਿਵਾਜਾਂ ਦਾ ਕੋਈ ਮਹੱਤਵ ਨਹੀਂ। ਮਹਾਰਾਜ ਦਾ ਫੁਰਮਾਨ ਹੈ : –

***ਕਰਮ ਧਰਮ ਪਾਖੰਡ ਜੋ ਦੀਸਹਿ***
***ਤਿਨ ਜਮੁ ਜਾਗਾਤੀ ਲੂਟੈ॥***
***ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ***
***ਨਿਮਖ ਸਿਮਰਤ ਜਿਤੁ ਛੂਟੈ॥ ਅੰਗ – 747***

## ਸ਼ਲੋਕ ਚੌਥਾ

ਇਹ ਸਤ ਨਾਮ ਹਨ ਅਗਨੀ ਦੇ : ਕਾਲੀ, ਕਰਾਲੀ, ਮੋਨਜਵਾ ਸੁਨੰਹਿਤ, ਸੁਧਮਰਵਰਨਾ, ਸਫਲਿੰਲੰਗਨੀ ਤੇ ਵਿਸ਼ਵਰੁਸੀ। ਇਹ ਸੱਤ ਲਪਟਾਂ ਅਗਨੀ ਦੀਆਂ ਸੱਤ ਜੀਭਾਂ ਹਨ।

ਇਹ ਇਕ ਬੜੀ ਵਚਿੱਤਰ ਗੱਲ ਹੈ ਕਿ ਵੈਦਕ ਰਿਸ਼ੀਆਂ ਨੇ ਕੇਵਲ ਸੱਤ ਰੰਗ ਦੇਖੇ ਹੀ ਨਹੀਂ, ਉਨ੍ਹਾਂ ਨੂੰ ਸੱਤਾਂ ਰੰਗਾਂ ਦਾ ਪੂਰਨ ਗਿਆਨ ਤੇ ਨਾਲ ਹੀ ਮੂਲ ਸੁਰਾਂ ਦਾ ਵੀ ਗਿਆਨ ਸੀ ਜਿਹੜੇ ਸੰਗੀਤ ਵਿਚ ਵਰਤੇ ਜਾਂਦੇ ਹਨ, ਇਹ ਮੂਲ ਸੁਰ ਕੇਵਲ ਭਾਰਤ ਵਿਚ ਹੀ ਨਹੀਂ ਸਾਰੇ ਸੰਸਾਰ ਵਿਚ ਵਰਤੇ ਜਾਂਦੇ ਹਨ। ਸਤ ਰੰਗ ਵੀ ਮੂਲ ਰੰਗ ਹਨ ਇਨ੍ਹਾਂ ਨੂੰ ਇਕ ਦੂਸਰੇ ਵਿਚ ਮਿਲਾ ਕੇ ਹੋਰ ਰੰਗ ਬਣਾਏ ਜਾਂਦੇ ਹਨ, ਬਹੁਤ ਸਾਰੇ ਰੰਗ

ਇਕ ਦੂਸਰੇ ਰੰਗ ਨੂੰ ਮਿਲਾ ਕੇ ਬਣਾਏ ਜਾਂਦੇ ਹਨ। ਉਪਰ ਦਿਤੇ ਸ਼ਲੋਕ ਵਿਚ ਸੱਤਾਂ ਰੰਗਾਂ ਦੇ ਨਾਮ ਦਿਤੇ ਗਏ ਹਨ, ਤੇ ਨਾਲ ਸੱਤਾਂ ਜੋਤਾਂ ਦੇ ਨਾਮ ਹਨ ਸੱਤ ਲਾਟਾਂ ਦੇ ਨਾਮ ਹਨ, ਉਹ ਜੋਤਾਂ ਉਹ ਲਾਟਾਂ ਜਿਹੜੀਆਂ ਕਿ ਗੀਤਿ ਕਰਦਿਆਂ ਉਠਦੀਆਂ ਹਨ, ਇਹ ਉਹ ਲਾਟਾਂ ਹੁੰਦੀਆਂ ਹਨ ਜਿਹੜੀਆਂ ਉਦੋਂ ਉਠਦੀਆਂ ਹਨ ਜਦੋਂ ਅਗਨੀ ਭੇਂਟ ਕੀਤੀ ਜਾਂਦੀ ਹੈ।

ਯੋਗੀ ਕਹਿੰਦੇ ਹਨ ਜਦੋਂ ਮਨੁੱਖ ਦੀ ਮੁਢਲੀ ਅਗਨੀ ਜਿਸ ਨੂੰ ਕੁੰਡਲਨੀ ਕਹਿੰਦੇ ਹਨ ਜਦੋਂ ਉਹ ਜਾਗਰਣ ਹੁੰਦੀ ਹੈ ਉਹ ਇਕ ਸਰੱਪ ਅਗਨੀ ਦੀ ਤਰ੍ਹਾਂ ਹੈ, ਉਸ ਦੇ ਜਾਗਰਣ ਹੋਣ ਨਾਲ ਤੁਸੀਂ ਸੱਤ ਲਾਟਾਂ ਦੇਖ ਸਕਦੇ ਹੋ। ਸ਼ਲੋਕ ਵਿਚ ਦਸਿਆ ਗਿਆ ਹੈ ਕਿ ਲਾਟਾਂ ਬਿਲਕੁਲ ਸਾਫ ਹੋਣੀਆਂ ਚਾਹੀਦੀਆਂ ਹਨ, ਅਗਨੀ ਵਿਚ ਕਿਸੇ ਪ੍ਰਕਾਰ ਦਾ ਧੂੰਆਂ ਨਹੀਂ ਹੋਣਾ ਚਾਹੀਦਾ। ਜਦੋਂ ਤਕ ਕੁੰਡਲਨੀ ਪੂਰੀ ਤਰ੍ਹਾਂ ਜਾਗਰਣ ਨਾ ਹੋ ਜਾਵੇ ਕੋਈ ਵੀ ਪੂਜਾ ਨਹੀਂ ਕਰਨੀ ਚਾਹੀਦੀ। ਸਾਡੀ ਰੀੜ ਦੀ ਹੱਡੀ ਦੇ ਥੱਲੇ ਇਕ ਛੇਕ ਹੈ ਜਿਸ ਨੂੰ ਕੁੰਡਾ ਕਹਿੰਦੇ ਹਨ ਇਸ ਕੁੰਡੇ ਦੇ ਅੰਦਰ ਹੀ ਕੁੰਡਲਨੀ ਦਾ ਵਾਸ ਹੈ।

ਸਾਧਾਰਨ ਤੌਰ ਤੇ ਕੁੰਡਲਨੀ ਸੁਤੀ ਹੁੰਦੀ ਹੈ, ਮੰਤਰ ਉਚਾਰਣ ਨਾਲ ਅਗਨੀ ਦੇ ਉਪਰੋਂ ਸੁਆਹ ਉਡ ਜਾਂਦੀ ਹੈ ਤੇ ਅਗਨੀ ਜਲ ਪੈਂਦੀ ਹੈ। ਜਿਹੜੇ ਅੰਤਰਮੁਖੀ ਹੋ ਕੇ ਪੂਜਾ ਕਰਦੇ ਹਨ, ਜਿਹੜੇ ਸੱਤ ਜੀਭਾਂ ਦੇਖ ਸਕਦੇ ਹਨ, ਉਨ੍ਹਾਂ ਦਾ ਅਨੁਭਵ ਕਰ ਸਕਦੇ ਹਨ। ਇਸ ਅਨੁਭਵ ਤੋਂ ਬਾਅਦ ਉਹ ਅਨੁਭਵ ਨਾਲ ਉਹ ਮਨੁੱਖੀ ਮੁਢਲੀ ਅਗਨੀ ਨੂੰ ਜਾਗਰਣ ਕਰ ਸਕਦੇ ਹਨ ਭਾਵ ਉਨ੍ਹਾਂ ਦੀ ਕੁੰਡਲਨੀ ਜਾਗਰਣ ਹੋ ਜਾਂਦੀ ਹੈ। ਇਹ ਸਤ ਜੀਭਾਂ ਅਹੂਤੀਆਂ ਨੂੰ ਪਰਵਾਨ ਕਰਦੀਆਂ ਹਨ ਭਾਵ ਜੋ ਵੀ ਅਗਨੀ ਭੇਟਾ ਕੀਤੀ ਜਾਂਦੀ ਹੈ ਉਹ ਇਹ ਸਤ ਜੀਭਾ ਪ੍ਰਵਾਨ ਕਰਦੀਆਂ ਹਨ। ਇਸ ਤੋਂ ਭਾਵ ਹੈ ਕਿ ਸਾਰੇ ਅਵਗੁਣ ਸਾਰੇ ਸੰਸਕਾਰ ਅਗਨੀ ਵਿਚ ਸੜ ਕੇ ਸੁਆਹ ਹੋ ਜਾਂਦੇ ਹਨ, ਉਸ ਅਗਨੀ ਵਿਚ ਜੇਹੜੀ ਕੁੰਡਲਨੀ ਵਿਚੋਂ ਉਠਦੀ ਹੈ, ਜਦੋਂ ਕੁੰਡਲਨੀ ਜਾਗਰਣ ਹੋ ਜਾਂਦੀ ਹੈ।

**ਸ਼ਲੋਕ ਪੰਜਵਾਂ**

ਸੂਰਜ ਦੀਆਂ ਕਿਰਨਾਂ ਦੀ ਰੋਸ਼ਨੀ ਜਗਿਆਸੂ ਦਾ ਮਾਰਗ ਦਰਸ਼ਨ ਕਰਦੀ ਹੈ, ਉਸ ਜਗਿਆਸੂ ਦਾ ਜਿਹੜਾ ਠੀਕ ਸਮੇਂ ਅਗਨੀ ਭੇਟਾ ਕਰਦਾ ਹੈ, ਠੀਕ ਸਮੇਂ ਵਿਧੀ ਅਨੁਸਾਰ ਕੀਤੀ ਗਈ ਭੇਟਾ ਜਗਿਆਸੂ ਨੂੰ ਉਚਤਮ, ਇਕ ਸਮਰੱਥ ਪੁਰਖ ਬਣਾ ਦਿੰਦੀ ਹੈ.

ਇਹ ਸ਼ਲੋਕ, ਅਗਨੀ ਦੀ ਰਸਮ ਕਰਨ ਲਈ ਇਕ ਮਾਰਗ ਦਰਸ਼ਕ ਹੈ, ਵਿਸ਼ੇਸ਼ ਕਰਕੇ ਗ੍ਰਹਿਸਤੀਆਂ ਲਈ ਜਿਹੜੇ ਤਿਆਗੀ ਨਹੀਂ ਹਨ, ਇਹ ਅੰਤਰ ਮੁਖੀ ਯੋਗੀ ਪੂਜਾ, ਅਭਿਆਸ ਨੂੰ ਨਹੀਂ ਸਮਝਦੇ ਉਸ ਦੀ ਮਹੱਤਤਾ ਨਹੀਂ ਜਾਣਦੇ। ਅਗਨੀ ਦੀ ਰਸਮ ਬੜੀ ਹੀ ਵਿਧੀ ਪੂਰਵਕ ਕਰਨੀ ਚਾਹੀਦੀ ਹੈ, ਪੂਰੇ ਤਰੀਕੇ ਨਾਲ ਜਿਸ ਤਰ੍ਹਾਂ ਦੇ ਨੀਯਮ ਨਾਲ ਵੇਦਾਂ ਵਿਚ ਦਿਤੀ ਗਈ ਹੈ ਉਸੇ ਤਰ੍ਹਾਂ ਹੀ ਕਰਨੀ ਚਾਹੀਦੀ ਹੈ, ਅਹੂਤੀਆਂ, ਭੇਟਾ, ਜੋ ਵੀ ਅਰਪਤ ਕਰਨਾ ਹੋਵੇ, ਉਹ ਉਦੋਂ ਹੀ ਕਰਨਾ ਚਾਹੀਦਾ ਹੈ ਜਦੋਂ ਲਾਟਾਂ ਪੂਰੀਆਂ ਜੋਬਨ ਤੇ ਹੋਣ। ਅਗਨੀ ਦੀ ਪੂਜਾ ਇਸ ਪ੍ਰਕਾਰ ਜਦੋਂ ਕੀਤੀ ਜਾਂਦੀ ਹੈ, ਇਸ ਤੋਂ ਭਾਵ ਹੁੰਦਾ ਹੈ 'ਅਗਨੀ ਦੇ ਮਾਰਗ ਤੇ ਤੁਰਨਾ।"

ਘਿਓ ਦੀ ਅਹੂਤੀ ਪਾਈ ਜਾਂਦੀ ਹੈ ਜਿਸ ਤੋਂ ਭਾਵ ਹੈ ਕਿ ਅਗਨੀ ਨੂੰ ਪ੍ਰਜ੍ਵਲਤ ਕਰਕੇ ਪੂਰੀ ਤਰ੍ਹਾਂ ਲਾਟਾਂ ਬਾਲ ਕੇ ਤਿਆਰ ਕੀਤਾ ਜਾਵੇ ਤੇ ਜਗਿਆਸੂ ਨੂੰ ਆਪਣਾ ਜੀਵਨ ਵੀ ਬਿਲਕੁਲ ਇਸ ਤਰ੍ਹਾਂ ਹੀ ਜੀਣਾ ਚਾਹੀਦਾ ਹੈ ਤੇ ਮਰਦੇ ਦਮ ਤਕ ਭਰਪੂਰ ਤਰੀਕੇ ਨਾਲ ਪੂਰੀ ਦਗਦੀ ਅਗਨੀ ਦੀ ਤਰ੍ਹਾਂ ਹੀ ਰਹਿਣਾ ਚਾਹੀਦਾ ਹੈ। ਅਸੀਂ ਜਾਣੂ ਹਾਂ ਕਿ ਘਿਓ ਬਨਾਣ ਦਾ ਕੀ ਤਰੀਕਾ ਹੈ ਕਿਵੇਂ ਦਹੀਂ ਨੂੰ ਰਿੜਕਿਆ ਜਾਂਦਾ ਹੈ ਤੇ ਫੇਰ ਮੱਖਣ ਨੂੰ ਅੱਗ ਉਤੇ ਤਾਇਆ ਜਾਂਦਾ ਹੈ। ਦੁੱਧ ਨੂੰ ਮੱਖਣ ਤੇ ਫੇਰ ਘਿਓ ਬਨਣ ਲਈ ਕਿਨ੍ਹਾਂ ਅਵਸਥਾ ਤੋਂ ਲੰਘਣਾ ਪੈਂਦਾ ਹੈ। ਬਿਲਕੁਲ ਇਸ ਤਰ੍ਹਾਂ ਹੀ ਜਦੋਂ ਮਨੁੱਖ ਆਪਾ ਚੀਨਦਾ ਹੈ, ਇਕ ਮਨ ਇਕ ਬਿੰਦੂ ਤੇ ਕੇਂਦਰਤ ਹੋ ਕੇ ਉਹ ਬ੍ਰਹਮ ਦੀ ਪ੍ਰਾਪਤੀ ਕਰ ਲੈਂਦਾ ਹੈ। ਮੱਖਣ ਪ੍ਰਤੀਕ ਹੈ ਇਕ ਬਿੰਦੂ ਤੇ ਕੇਂਦਰਤ ਹੋਣ ਦਾ, ਨਿਰਧਾਰਤ ਹੋਣਾ ਦਾ, ਦ੍ਰਿੜ੍ਹ ਹੋਣ ਦਾ।

ਏਥੇ ਇਕ ਹੋਰ ਗੱਲ ਧਿਆਨ ਯੋਗ ਹੈ ਜਦੋਂ ਤਕ ਧੂਆਂ ਹੈ ਅਗਨੀ ਪੂਰੀ ਤਰ੍ਹਾਂ ਲਾਟਾਂ ਨਹੀਂ ਦੇ ਸਕਦੀ, ਅਹੂਤੀਆਂ, ਭੇਟਾਵਾਂ ਨਹੀਂ ਪਾਈਆਂ ਜਾ ਸਕਦੀਆਂ। ਇਸ ਤੋਂ ਭਾਵ ਹੈ ਕਿ ਜਗਿਆਸੂ ਨੂੰ ਇਹੋ ਜਿਹਾ ਜੀਵਨ ਜੀਣਾ ਚਾਹੀਦਾ ਹੈ ਜਿਹੜਾ ਚਾਨਣ ਮੁਨਾਰਾ ਬਣੇ, ਜਗਿਆਸੂ ਦਾ ਜੀਵਨ ਧੂੰਏ ਵਾਲਾ ਨਹੀਂ, ਪ੍ਰਕਾਸ਼ਮਈ ਜੀਵਨ ਹੋਣਾ ਚਾਹੀਦਾ ਹੈ।

ਵਾਸਤਵ ਵਿਚ ਦੋ ਹੀ ਮਾਰਗ ਹਨ, ਸ਼ੁਭ ਮਾਰਗ ਚੰਗਿਆਈ ਦਾ ਮਾਰਗ, ਬਦੀ ਦਾ, ਬੁਰਾਈ ਦਾ ਮਾਰਗ। ਚਾਨਣ ਦਾ ਮਾਰਗ ਭਾਵ ਗਿਆਨ ਮਾਰਗ ਹਨ੍ਹੇਰੇ ਦਾ ਮਾਰਗ ਭਾਵ ਅਗਿਆਨ ਦਾ ਮਾਰਗ। ਜਿਹੜੇ ਚੰਗਿਆਈ ਦੇ ਮਾਰਗ ਤੇ ਚਲਦੇ ਹਨ ਭਾਵ ਗਿਆਨ ਦੇ ਮਾਰਗ ਤੇ ਚਲਦੇ ਹਨ, ਉਹ ਸੰਸਾਰ ਦੇ ਪੱਖੋਂ ਵਸਤੂ ਵਿਸ਼ੇ ਵਿਚ ਕਾਮਯਾਬ ਹੁੰਦੇ ਹਨ, ਜਿਹੜੇ ਹਨ੍ਹੇਰੇ ਦੇ ਮਾਰਗ ਤੇ ਚਲਦੇ ਹਨ ਉਹ ਆਪਣੇ ਹੀ ਅਗਿਆਨ ਦੇ ਸ਼ਿਕਾਰ

ਬਣਦੇ ਹਨ ਉਹ ਦੁਖੀ ਰਹਿੰਦੇ ਹਨ। ਇਸ ਸ਼ਲੋਕ ਵਿਚ ਸਾਨੂੰ ਇਹ ਵੀ ਦੱਸਿਆ ਹੈ ਕਿ ਸੰਸਾਰ ਵਿਚ ਰਹਿੰਦਿਆਂ ਸਾਨੂੰ ਵਿਵੇਕ ਸਿੱਖਣ ਦੀ ਲੋੜ ਹੈ, ਸਾਨੂੰ ਜਾਨਣ ਦੀ ਲੋੜ ਹੈ ਕਿ ਖੁਸ਼ੀ ਦੇ ਮਾਰਗ ਤੇ ਚੰਗੇ ਮਾਰਗ ਵਿਚ ਕੀ ਭੇਦ ਹੈ, ਜਿਹੜਾ ਸੋਹਣਾ ਮਾਰਗ ਹੈ, ਸੁਹਾਵਣਾ ਹੈ ਇਹ ਜ਼ਰੂਰੀ ਨਹੀਂ ਕਿ ਉਹ ਚੰਗਾ ਵੀ ਹੋਵੇ। ਜਿਹੜਾ ਚੰਗਾ ਹੋਵੇ ਇਹ ਜ਼ਰੂਰੀ ਨਹੀਂ ਕਿ ਉਹ ਸੁਹਾਵਣਾ ਵੀ ਹੋਵੇ। ਜਦੋਂ ਜਗਿਆਸੂ ਆਪਣੇ ਨਿਸ਼ਾਨੇ ਤੋਂ ਚੰਗੀ ਤਰ੍ਹਾਂ ਜਾਣੂ ਹੋਵੇ ਸੁਚੇਤ ਹੋਵੇ, ਉਹ ਸਦਾ ਚੰਗਿਆਈ ਦਾ ਮਾਰਗ ਹੀ ਚੁਣੇਗਾ, ਚੰਗਿਆਈ ਦੇ ਮਾਰਗ ਦੀ ਚੋਣ, ਅਧਿਆਤਮਕ ਮਾਰਗ ਦੀ ਪੌੜੀ ਤੇ ਪਹਿਲਾ ਡੰਡਾ ਹੈ। ਇਸ ਡੰਡੇ ਤੇ ਚੜ੍ਹ ਕੇ ਜਗਿਆਸੂ ਅੱਗੇ ਤੁਰਨ ਲਈ ਤਿਆਰ ਹੋ ਜਾਂਦਾ ਹੈ। ਉਸਨੂੰ ਅਗਲੀਆਂ ਵਿਮਾਵਾਂ ਦਾ ਪਤਾ ਲਗ ਜਾਂਦਾ ਹੈ।

ਸ਼ਲੋਕ ਵਿਚ ਦਸਿਆ ਹੈ ਕਿ ਅਛਾਈ ਦੇ ਰਾਹ ਤੇ ਚਲਕੇ ਜਗਿਆਸੂ ਸੂਰਜ ਦੀ ਅਗਨੀ ਤਕ ਪਹੁੰਚ ਜਾਂਦਾ ਹੈ। ਸਾਡੀ ਸੂਰਜ ਪ੍ਰਣਾਲੀ ਵਿਚ ਇਕ ਹੀ ਸੂਰਜ ਹੈ, ਉਸ ਤਰ੍ਹਾਂ ਤਾਂ ਵਿਸ਼ਵ ਵਿਚ ਹਜ਼ਾਰਾਂ ਸੂਰਜ ਹਨ, ਚਮਕਦਾ ਸੂਰਜ ਸਾਡੇ ਲਈ ਇਕ ਉਦਾਹਰਣ ਹੈ, ਸਾਨੂੰ ਇਸ ਉਦਾਹਰਣ ਤੋਂ ਸਿਖਣਾ ਚਾਹੀਦਾ ਹੈ, ਸੂਰਜ ਚਮਕਦਾ ਹੈ ਪਰ ਵਖਰਾ ਰਹਿੰਦਾ ਹੈ ਉਪਰ ਹੈ ਪਰੇ ਹੈ। ਜਗਿਆਸੂ ਨੂੰ ਚੰਗਾ ਹੀ ਕਰਨਾ ਚਾਹੀਦਾ ਹੈ, ਸੁਆਰਥਹੀਣ ਕਰਮ ਕਰਨੇ ਚਾਹੀਦੇ ਹਨ ਸੰਸਾਰ ਵਿਚ ਮੋਹ ਰਹਿਤ ਹੋ ਕੇ ਰਹਿਣਾ ਚਾਹੀਦਾ ਹੈ, ਤੇ ਕਿਸੇ ਕੋਲੋਂ ਪ੍ਰਭਾਵਿਤ ਵੀ ਨਹੀਂ ਹੋਣਾ ਚਾਹੀਦਾ, ਇਸ ਤਰ੍ਹਾਂ ਕਰਨ ਨਾਲ ਉਹ ਸੁਤੰਤਰ ਹੋ ਜਾਵੇਗਾ ਤੇ ਕਰਮਾਂ ਦੇ ਬੰਧਨ ਤੋਂ ਛੁਟ ਜਾਵੇਗਾ।

ਈਸ਼ ਉਪਨਿਸ਼ਟ ਦਾ ਅਠਾਰਵਾਂ ਮੰਤਰ ਇਸ ਦੀ ਵਿਆਖਿਆ ਕਰਦਾ ਹੈ ਉਸ ਵਿਚ ਇਸ ਤਰ੍ਹਾਂ ਲਿਖਿਆ ਹੈ, ਹੇ ਅਗਨੀ ਮੈਨੂੰ ਚੰਗੇ ਮਾਰਗ ਤੇ ਪਾ ਤੇ ਮੈਨੂੰ ਮੇਰੇ ਕਰਮਾਂ ਦੇ ਚੰਗੇ ਫਲ ਦੇ।”

## ਸ਼ਲੋਕ ਛੇਵਾਂ

ਤੇਜਮਈ, ਪ੍ਰਕਾਸ਼ਵਾਨ, ਅਹੁਤੀਆਂ, ਜਗਿਆਸੂ ਨੂੰ ਯੱਗ ਕਰਨ ਵਾਲੇ ਨੂੰ ਕਹਿੰਦੀਆਂ ਹਨ, “ਆ ਤੂੰ ਆ, ਐਥੇ ਆ, ਹੋਰ ਉਚੇ ਚਲ, ਹੋਰ ਉਚੇ ਚਲ” ਇਸ ਤਰ੍ਹਾਂ ਨਾਲ ਉਹ ਸੂਰਜ ਦੀਆਂ ਕਿਰਨਾਂ ਵਿਚ ਲੈ ਜਾਂਦੇ ਹਨ, ਉਸ ਦਾ ਸਤਿਕਾਰ ਕਰਦੀਆਂ ਹਨ, ਉਸ ਨੂੰ ਪ੍ਰਣਾਮ ਕਰਦੀਆਂ ਹਨ ਬੜੀ ਪ੍ਰਸੰਨਤਾ ਤੇ ਸੁਖਾਵੀ ਤਰ੍ਹਾਂ ਨਾਲ ਉਸ ਨੂੰ ਲੈ ਜਾਂਦੀਆਂ ਹਨ। ਇਹ ਬ੍ਰਹਮਾ ਦਾ ਪਵਿੱਤਰ ਪਾਵਨ ਸਵਰਗ ਹੈ। ਇਹ ਤੁਸੀਂ ਆਪਣੇ ਗੁਣਾਂ ਸਦਕਾ ਪ੍ਰਾਪਤ

ਕੀਤਾ ਹੈ।

ਸਾਰੇ ਚੰਗੇ ਕਰਮ ਤੇਜਮਈ ਪ੍ਰਕਾਸ਼ਵਾਨ ਹੀ ਹੁੰਦੇ ਹਨ, ਮਾੜੇ ਕਰਮ ਸਾਰੇ ਹੀ ਹਨ੍ਹੇਰੇ ਭਰੇ ਹੁੰਦੇ ਹਨ। ਅਗਨੀ ਦੀ ਰੀਤਿ ਜਦੋਂ ਵਿਧੀ ਪੂਰਵਕ ਕੀਤੀ ਜਾਂਦੀ ਹੈ, ਇਹ ਸਭ ਤੋਂ ਉਚਤਮ ਹੁੰਦੀ ਹੈ, ਉਨ੍ਹਾਂ ਸਭ ਤੋਂ ਉਚਤਮ ਹੈ ਜਿਹੜੀ ਰੀਤੀਆਂ ਕੇਵਲ ਆਪਣੇ ਸੁਆਰਥ ਲਈ ਹੀ ਕੀਤੀਆਂ ਜਾਂਦੀਆਂ ਹਨ। ਆਪਣੇ ਸੁਆਰਥ ਲਈ ਕੀਤੇ ਕਰਮਕਾਂਡ ਹੋਰ ਵਧੇਰੇ ਹਨ੍ਹੇਰੇ ਵਿਚ ਧੱਕ ਦਿੰਦੇ ਹਨ, ਅਣਜਾਣ ਬਹੁਤ ਵਾਰੀ ਇਹ ਨਹੀਂ ਜਾਣਦੇ।

ਇਸ ਸਲੋਕ ਵਿਚ, "ਤੇਜਮਈ, ਪ੍ਰਕਾਸ਼ਵਾਨ, ਅਹੂਤੀਆਂ ਤੋਂ ਭਾਵ ਹੈ, ਕਿ ਯੱਗ ਕਰਦੇ ਸਮੇਂ ਸ਼ੁਭ ਵਿਚਾਰ, ਭਾਵਨਾਵਾਂ ਤੇ ਕਰਮ, ਸ਼ਾਂਤ ਹੋਣ ਤੇ ਅਨੰਦਮਈ ਹੋਣ। ਜਦੋਂ ਤੁਸੀਂ ਅੰਤਰਮਈ ਪ੍ਰਸੰਨ ਚਿੱਤ ਹੁੰਦੇ ਹੋ, ਤੁਸੀਂ ਆਤਮ ਮਾਰਗ ਦੀਆਂ ਉਚੀਆਂ ਉਡਾਰੀਆਂ ਮਾਰਨ ਲਈ ਪ੍ਰੇਰਤ ਹੁੰਦੇ ਹੋ ਤੇ ਅਧਿਆਤਵਾਦ ਦੀਆਂ ਅਗਲੀਆਂ ਪੌੜੀਆਂ ਚੜ੍ਹਦੇ ਹੋ।

ਜੀਵ-ਆਤਮਾ, ਜੋ ਕਿ ਮਨੁੱਖ ਦੀ ਆਤਮਾ ਹੈ, ਉਹ ਇਕ ਸੂਰਜ ਦੀ ਤਰ੍ਹਾਂ ਹੈ ਜੀਵਨ ਦਾ ਸੂਰਜ ਹੈ। ਇਹੋ ਜਿਹਾ ਮਨੁੱਖ ਜਿਸ ਵਿਚ ਅੰਤਰ ਵਿਚਾਰ, ਭਾਵਨਾਵਾਂ ਤੇ ਕਰਮ ਅੰਦਰ ਚਲਦੇ ਰਹਿੰਦੇ ਹਨ ਉਹ ਜਗਿਆਸੂ ਦੇਵ ਤੋਂ ਪ੍ਰੇਰਤ ਹੁੰਦਾ ਹੈ।

ਚੰਗੇ ਕਰਮ ਮਨੁੱਖ ਨੂੰ ਸਵਰਗ ਰੂਪੀ ਅਨੰਦ ਦੇਂਦੇ ਹਨ, ਸਭ ਤੋਂ ਉਤਮ ਸਵਰਗ ਹੈ ਬ੍ਰਹਮ ਲੋਕ ਭਾਵ ਬ੍ਰਹਮਾ ਦਾ ਸਵਰਗ, ਇਹ ਸਵਰਗ ਵਧੇਰੇ ਸਮੇਂ ਲਈ ਰਹਿੰਦਾ ਹੈ ਇਸ ਦਾ ਸਮਾਂ ਦੂਸਰੇ ਸਵਰਗ ਨਾਲੋਂ ਵੱਧ ਹੈ।

ਚੰਗੇ ਕਰਮ ਜਗਿਆਸੂ ਨੂੰ ਬ੍ਰਹਮ ਲੋਕ ਤਕ ਪਹੁੰਚਾ ਦਿੰਦੇ ਹਨ, ਜਿਹੜਾ ਕਿ ਉਤਮ ਸਵਰਗ ਹੈ, ਪਰ ਬ੍ਰਹਮ ਲੋਕ ਕੋਲ ਕੋਈ ਇਹੋ ਜਿਹੀ ਸ਼ਕਤੀ ਨਹੀਂ ਹੈ ਕਿ ਉਹ ਮੁਕਤੀ ਦਾ ਪ੍ਰਸਾਦ ਦੇ ਸਕੇ। ਸਵਰਗ ਤੋਂ ਇਹ ਭਾਵ ਬਿਲਕੁਲ ਨਹੀਂ ਹੈ ਕਿਮਨੁੱਖ ਦੀ ਆਤਮਾ ਦਾ ਮੇਲ ਜੀਵ ਆਤਮਾ ਦਾ ਮੇਲ, ਪ੍ਰਮਾਤਮਾ ਨਾਲ ਹੋ ਜਾਵੇ ਬ੍ਰਹਮਾ ਨਾਲ ਹੋ ਜਾਵੇ।

ਸਭ ਤੋਂ ਵੱਡਾ ਫਲ, ਇਨਾਮ ਜਿਹੜਾ ਪੂਜਾ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ, ਵਿਸ਼ੇਸ਼ ਕਰਕੇ ਅਗਿਆਨੀ ਲੋਕ ਉਹ ਏਥੇ ਦਸਿਆ ਗਿਆ ਹੈ। ਵਾਸਤਵ ਵਿਚ ਏਹੋ ਜਿਹੀ ਪੂਜਾ ਦਾ ਕਾਰਣ ਅਵਿਦਿਆ ਹੈ ਜਾਂ ਕਹਿ ਲਓ ਕਿ ਅਗਿਆਨ ਹੈ। ਅਸਲੀ ਗਿਆਨ ਤੋਂ ਵਾਂਝੇ ਰਹਿ ਕੇ ਜਗਿਆਸੂ ਸੰਸਾਰਕ ਪ੍ਰਾਪਤੀਆਂ ਵਿਚ ਪੈ ਜਾਂਦਾ ਹੈ। ਇਸ ਨਾਲ ਜਗਿਆਸੂ ਆਵਾਗੌਣ

ਦੇ ਚੱਕਰ ਵਿਚ ਹੀ ਫਸਿਆ ਰਹਿੰਦਾ ਹੈ ਤੇ ਜਨਮ ਮਰਣ ਦੇ ਚੱਕਰ ਤੋਂ ਛੁਟਕਾਰਾ ਨਹੀਂ ਪਾ ਸਕਦਾ।

ਸੰਸਾਰਕ ਪਦਾਰਥਾਂ ਦੀ ਇੱਛਾ, ਇੱਛਾ ਪੂਰਤੀ ਨਾਲ ਖੁਸ਼ੀ ਪ੍ਰਾਪਤ ਕਰਨੀ, ਇਛਾਵਾਂ ਰੱਖਣੀਆਂ ਇਹ ਸਭ ਕੁਝ ਨਾਲ ਜਗਿਆਸੂ, ਮੁੜ ਮੁੜ ਕੇ ਜੰਮਦਾ ਤੇ ਮਰਦਾ ਰਹਿੰਦਾ ਹੈ। ਇਸ ਕਰਕੇ, ਚੰਗੇ ਕਰਮ ਵੀ ਨਖਿਦ ਹਨ ਕਿਉਂਕਿ ਇਹ ਤੁਹਾਨੂੰ ਫਲ ਪ੍ਰਾਪਤੀ ਦੇ ਬੰਧਨ ਵਿਚ ਪਾਉਂਦੇ ਹਨ ਤੇ ਸ਼ੁਧ ਚਾਨਣ ਤੇ ਆਨੰਦ ਜਿਹੜਾ ਅਧਿਆਤਮ ਗਿਆਨ, ਬ੍ਰਹਮ ਗਿਆਨ ਨਾਲ ਪ੍ਰਾਪਤ ਹੁੰਦਾ ਹੈ ਉਹ ਹੀ ਸਭ ਤੋਂ ਉਤਮ ਹੈ। ਬ੍ਰਹਮਗਿਆਨ ਹੀ ਤੁਹਾਨੂੰ ਚਾਨਣ ਤੇ ਅਨੰਦ ਪਰਦਾਨ ਕਰ ਸਕਦਾ ਹੈ।

## ਸਲੋਕ ਸੱਤਵਾਂ

ਅਠਾਰ੍ਹਾਂ ਤੱਤਾਂ ਦਾ ਸੰਘਟਕ ਇਹ ਜੀਵਨ ਦਾ ਬੇੜਾ। (ਪੰਜ ਤੱਤ, ਦੱਸ ਇੰਦ੍ਰੀਆਂ, ਮਨ, ਚਿਤ ਤੇ ਬੁਧੀ) ਇਹ ਅਹੂਤੀਆਂ ਦਾ ਬਲੀਦਾਨ ਕਰਨ ਦਾ ਸਾਧਨ ਹੈ, ਇਹ ਸਰੀਰ ਕੋਈ ਬਹੁਤ ਸੁਰਖਿਅਤ ਤਰੀਕੇ ਨਾਲ ਕਿਸੇ ਸਹਾਰੇ ਨਾਲ ਕਿਸੇ ਲੰਗਰ ਨਾਲ ਬੰਨ੍ਹਿਆ ਨਹੀਂ ਹੋਇਆ ਜਿਸ ਕਾਰਣ ਇਹ ਡਾਵਾਂਡੋਲ ਹੀ ਰਹਿੰਦਾ ਹੈ।

ਮਨੁੱਖ ਦਾ ਸਰੀਰ ਇਕ ਬੇੜੇ ਦੀ ਭਾਂਤੀ ਹੈ, ਦੋ ਪ੍ਰਾਣ ਇਸ ਦੇ ਚਪੂ ਹਨ ਮਨ ਇਕ ਸਹਾਰਾ ਹੈ, ਬੰਨ੍ਹ ਕੇ ਰੱਖਣ ਵਾਲਾ ਹੈ। ਜੇ ਇਹ ਸਾਰੇ ਹੀ ਠੀਕ ਹੋਣ ਸਵਸਥ ਹੋਣ ਤਾਂ ਸਰੀਰ ਰੂਪੀ ਬੇੜੀ ਇਕ ਕੰਡੇ ਤੋਂ ਤੈਰ ਕੇ ਦੂਸਰੇ ਸੰਸਕਾਰਾਂ ਦੇ ਕੰਢੇ ਪਹੁੰਚ ਜਾਂਦੀ ਹੈ। ਅਗਨੀ ਹੋਤਰੀ ਕਰਨ ਵਾਲਿਆਂ ਦੀ ਤੁਲਨਾ ਅਠਾਹਰਾਂ ਪੁਜਾਰੀਆਂ ਨਾਲ ਕੀਤੀ ਗਈ ਹੈ। ਇਹ ਯੱਗ ਜੀਵਨ ਨਗਰੀ ਵਿਚ ਕੀਤਾ ਜਾਂਦਾ ਹੈ ਇਸ ਨੂੰ ਕਰਨ ਵਿਚ ਆਤਮਾ ਤੇ ਜੀਵਨ ਅਰਧਾਂਗਨੀ ਸ਼ਰੀਕ ਹੁੰਦੇ ਹਨ ਜੋ ਕਿ ਉਚ ਬੁੱਧੀ ਦਾ ਪ੍ਰਤੀਕ ਹੈ।

ਸਾਰੇ ਅਠਾਹਰਾਂ ਅੰਗ, ਸਾਰੇ ਮੈਂਬਰ, ਸਦਸਿਆ ਇਸ ਸ਼ਲੋਕ ਵਿਚ ਦੱਸੇ ਗਏ ਹਨ। ਇਹ ਸਾਰੇ ਇਸ ਰੀਤੀ ਨੂੰ ਕਰਨ ਦੇ ਯੋਗ ਨਹੀਂ ਹਨ, ਜਿਹੜੀ ਜਗਿਆਸੂ ਨੂੰ ਉਸ ਦੇ ਗੋਲ ਤਕ ਪਹੁੰਚਾ ਦੇਵੇ, ਸਤਿ ਤੱਕ ਪਹੁੰਚਾ ਦੇਵੇ ਜਾਂ ਬ੍ਰਹਮਾ ਤਕ ਪਹੁੰਚਾ ਦੇਵੇ।

ਜਿਵੇਂ ਕਿ ਅਸੀਂ ਉਪਰ ਦੱਸ ਆਏ ਹਾਂ। ਅਠਾਹਰਾਂ (ਸੋਲਾਂ ਪੁਜਾਰੀ, ਯੱਗ ਕਰਨ ਵਾਲਾ ਪਤਨੀ) ਇਹ ਬਹੁਤ ਹੀ ਮਹੱਤਵਪੂਰਨ ਹਨ। ਇਹ ਸਾਰੇ

ਇਸ ਰੀਤੀ ਲਈ ਅਤਿ ਅਵਸ਼ਕ ਹਨ। ਇਸ ਦੇ ਵਿਪਰੀਤ ਇਹ ਰੀਤੀ ਨਖੇਦੀ ਜਾਂਦੀ ਹੈ ਕਿਉਂਕਿ ਇਹ ਬ੍ਰਹਮਗਿਆਨ ਤੋਂ ਬਿਨਾਂ ਕੀਤੀ ਜਾਂਦੀ ਹੈ, ਮੈਡੀਟੇਸ਼ਨ ਤੇ ਧਿਆਨ ਤੋਂ ਬਿਨਾਂ ਕੀਤੀ ਜਾਂਦੀ ਹੈ। ਵਾਸਤਵ ਵਿਚ ਇਹ ਸਾਰੇ ਸਦਸਿਆ ਪੂਰੀ ਰੀਤੀ ਨੂੰ ਬਰਬਾਦ ਕਰ ਦਿੰਦੇ ਹਨ ਕਿਉਂਕਿ ਇਹ ਤਾਂ, ਇਸ ਰੀਤੀ ਨੂੰ ਸੰਸਾਰਕ ਖੁਸ਼ੀਆਂ ਦੀ ਪ੍ਰਾਪਤੀ ਲਈ ਕਰਦੇ ਹਨ ਜਿਹੜੀ ਬਿਲਕੁਲ ਅਧਿਆਤਮਕ ਗਿਆਨ ਤੋਂ ਵਾਂਝੀ ਹੈ।

ਜਿਸ ਤਰ੍ਹਾਂ ਕਿ ਅੰਮ੍ਰਿਤ ਰੱਖਣ ਵਾਲਾ ਬਾਟਾ ਜੇ ਸਾਫ ਨਾ ਹੋਵੇ ਤਾਂ ਉਹ ਠੀਕ ਨਹੀਂ ਰਹਿੰਦਾ ਜਿਵੇਂ ਚਰਚ ਵਿਚ ਜਿਹੜਾ ਅੰਮ੍ਰਿਤ ਮਿਲਦਾ ਹੈ ਉਹ ਸਾਫ ਬਾਟੇ ਵਿਚ ਨਾ ਹੋਵੇ ਤਾਂ ਉਹ ਵਰਤਾਇਆ ਨਹੀਂ ਜਾ ਸਕਦਾ ਇਸੇ ਤਰ੍ਹਾਂ ਜੋ ਛਿਨ ਭੰਗਰ ਹੈ, ਜਿਸ ਨੂੰ ਮੌਤ ਨੇ ਖਤਮ ਕਰ ਦੇਣਾ ਹੈ ਉਸ ਦੇ ਅੰਦਰ ਅਜਰ ਅਮਰ ਆਤਮਾ ਨਹੀਂ ਰਹਿ ਸਕਦੀ। ਜਦੋਂ ਤਕ ਸਰੀਰ ਮਨ ਚਿਤ ਸਾਫ ਨਾ ਹੋਵੇ।

ਗਿਆਨ ਤੋਂ ਹੀਣਾ ਮਨੁੱਖ ਹਨ੍ਹੇਰੇ ਵਿਚ ਰਹਿ ਜਾਂਦਾ ਹੈ, ਭਾਵੇਂ ਮਨੁੱਖ ਇਕ ਸੀਮਤ ਭਾਂਡਾ ਹੈ, ਪਰ ਉਸ ਦੇ ਅੰਦਰ ਅਸੀਮ ਆਤਮਾ ਹੈ, ਭਾਵੇਂ ਉਹ ਕਿਥੇ ਵੀ ਜਾਏ। ਮਨੁੱਖ ਆਪਣੇ ਅਗਿਆਨ ਕਾਰਣ ਆਪਣੇ ਆਪ ਨੂੰ ਸੀਮਾ ਨਾਲ ਜੋੜ ਲੈਂਦਾ ਹੈ ਤੇ ਦੁਖੀ ਹੁੰਦਾ ਹੈ।

ਸ਼ੰਕਰਾਚਾਰੀਆ ਜਿਹੜੇ ਕਿ ਬਹੁਤ ਵੱਡੇ ਪ੍ਰਸਿੱਧ ਫਿਲੋਸਫਰ ਹੋਏ ਹਨ ਉਹ ਕਹਿੰਦੇ ਹਨ ਕਾਰਣ ਤੇ ਪਰਿਣਾਮ ਵੱਖ ਨਹੀਂ ਕੀਤੇ ਜਾ ਸਕਦੇ। ਅਜਰ, ਅਮਰ, ਅਟਲ ਦੀ ਪ੍ਰਾਪਤੀ ਨਾਸ਼ਵਾਸ਼ ਰਾਹੀਂ ਹੋ ਸਕਦੀ ਜਿਵੇਂ ਕਿ ਅਗਨੀ ਰੀਤੀ ਲਈ ਕਿਹਾ ਜਾ ਸਕਦਾ ਹੈ। ਉਸ ਤਰ੍ਹਾਂ ਹੀ ਸੰਸਾਰਕ ਪੂਜਾ ਤੇ ਸੰਸਾਰ ਦੇ ਕਰਮਾਂ ਲਈ ਕਿਹਾ ਗਿਆ ਹੈ, ਸੰਸਾਰਕ ਕਰਮ ਨਾਸ਼ਵਾਨ ਰਾਹੀਂ ਹੀ ਕੀਤੇ ਜਾਂਦੇ ਹਨ। ਇਹ ਅਬਿਨਾਸ਼ੀ ਨਹੀਂ ਹੋ ਸਕਦੇ ਜੋ ਅਟੱਲ ਨਹੀਂ ਹੈ। ਉਹ ਅਟੱਲ ਨੂੰ ਪੈਦਾ ਨਹੀਂ ਕਰ ਸਕਦਾ, ਉਹ ਕੋਈ ਵੀ ਇਹੋ ਜਿਹੀ ਚੀਜ਼ ਜੋ ਪੂਰੀ ਤਰ੍ਹਾਂ ਨਾਲ ਸੁਤੰਤਰ ਹੋਵੇ ਉਸ ਨੂੰ ਤੇ ਕਿਸੇ ਵੀ ਉਤਮ ਵਸਤੂ ਦੀ ਸਿਰਜਨਾ ਨਹੀਂ ਕਰ ਸਕਦੇ।

ਇਸ ਸਲੋਕ ਵਿਚ ਅਵਿਦਿਆ, ਅਗਿਆਨ ਤੇ ਅਗਿਆਨ ਵਿਚ ਕੀਤੇ ਕਰਮ, ਬਾਹਰੀ ਕਰਮ ਅੰਤਰ ਕੀਤੇ ਕਰਮ ਸਾਰਿਆਂ ਨੂੰ ਨਖੇਦਿਆ ਗਿਆ ਹੈ। ਇਹ ਇਸ ਕਰਕੇ ਕੀਤਾ ਗਿਆ ਹੈ ਤਾਂ ਜੋ ਜਗਿਆਸੂ ਮਾਇਆ ਦੇ ਜਾਲ ਤੋਂ ਅੱਗੇ ਲੰਘ ਕੇ ਦੇਖੇ ਇੰਦ੍ਰੀਆਂ ਦੇ ਸੰਸਾਰ ਤੋਂ ਅੱਗੇ ਲੰਘ ਕੇ ਦੇਖੇ, ਮਨ ਤੋਂ ਪਾਰ ਹੋ ਕੇ ਇਛਾਵਾਂ ਤੋਂ ਉਪਰ ਹੋ ਕੇ, ਸੰਸਾਰ ਦਾ ਅਨੰਦ

ਮਾਨਣ ਤੋਂ ਪਰ੍ਹੇ ਹੋ ਕੇ ਦੇਖੇ।

## ਸਲੋਕ ਅੱਠਵਾਂ

"ਮਨਮੁਖ ਅਗਿਆਨ ਦੇ ਜਾਲ ਵਿਚ ਫਸ ਜਾਂਦੇ ਹਨ, ਪਰ ਫੇਰ ਵੀ ਆਪਣੇ ਆਪ ਨੂੰ ਸਿਆਣੇ ਤੇ ਗਿਆਨੀ ਸਮਝਦੇ ਰਹਿੰਦੇ ਹਨ। ਸੰਤਾਪ ਤੇ ਦੁੱਖ ਦੇ ਚੱਕਰ ਵਿਚ ਘਿਰੇ ਹੋਏ ਉਹ ਇਸ ਤਰ੍ਹਾਂ ਜੀਵਨ ਜੀਉਂਦੇ ਹਨ ਜਿਵੇਂ ਇਕ ਨੇਤਰਹੀਣ ਦੂਸਰੇ ਨੇਤਰ ਹੀਣ ਨੂੰ ਰਾਹ ਦਿਖਾ ਰਿਹਾ ਹੋਵੇ।"

ਅੱਠਵਾਂ ਸਲੋਕ ਜਗਿਆਸੂ ਨੂੰ ਸਾਧਨਾ ਦੀਆਂ ਡੂੰਘਾਈਆਂ ਵਿਚ ਲੈ ਜਾਂਦਾ ਹੈ, ਉਹ ਜਗਿਆਸੂ ਨੂੰ ਇਹ ਚੇਤਾਵਨੀ ਦੇ ਰਿਹਾ ਹੈ ਕਿ ਅਗਿਆਨੀ ਮਨਮੁਖ ਆਪਣੇ ਅਗਿਆਨ, ਵਿਚਾਰ, ਭਾਵਨਾਵਾਂ ਤੇ ਇਛਾਵਾਂ ਦੇ ਕਾਰਣ ਹੀ ਦੁਖ ਸੰਤਾਪ ਭੋਗਦੇ ਹਨ। ਜਿਹੜੇ ਸਿਆਣੇ ਸਮਝੇ ਜਾਂਦੇ ਹਨ, ਗਿਆਨੀ ਮੰਨੇ ਜਾਂਦੇ ਹਨ, ਪਰ ਅਹੰਕਾਰ ਨਾਲ ਭਰੇ ਪਏ ਹਨ, ਉਹ ਕੇਵਲ ਆਪਣੀ ਹੀ ਹਉਮੈ ਨੂੰ ਪੱਠੇ ਪਾਉਂਦੇ ਹਨ। ਇਹੋ ਜਿਹੇ ਗਿਆਨ ਦਾ ਕੋਈ ਲਾਭ ਨਹੀਂ ਹੋਇਆ ਕਰਦਾ। ਇਹੋ ਜਿਹੇ ਗਿਆਨੀ ਭਾਵੇਂ ਦੂਸਰਿਆਂ ਨੂੰ ਪਰਵਚਨ ਕਰਨ, ਭਾਵੇਂ ਸਿਖਿਆ ਦੇਣ ਪਰ ਆਪਣੇ ਆਪ ਵਿਚ ਉਹ ਅਗਿਆਨ ਅੰਧੇਰੇ ਵਿਚ ਹੀ ਰਹਿੰਦੇ ਹਨ। ਉਹ ਬਹੁਤ ਸਾਰੇ ਦੁਖ, ਮੁਸੀਬਤਾਂ ਨਾਲ ਘਿਰੇ ਰਹਿੰਦੇ ਹਨ, ਉਨ੍ਹਾਂ ਦਾ ਹਾਲ ਉਹ ਹੀ ਹੈ ਕਿ ਅੰਨਾ, ਅੰਨ੍ਹੇ ਨੂੰ ਰਾਹ ਦਿਖਾ ਰਿਹਾ ਹੈ, ਉਨ੍ਹਾਂ ਦੀ ਸਿਖਿਆ ਨਾਲ ਅਗਿਆਨ ਨਹੀਂ ਦੂਰ ਹੁੰਦਾ। ਜਦੋਂ ਤਕ ਤੁਸੀਂ ਅੱਖਾਂ ਤੇ ਅਗਿਆਨ ਦੀ ਪੱਟੀ ਬੰਨ੍ਹ ਕੇ ਰੱਖੋਗੇ ਤੇ ਕੋਈ ਸੱਚੀ ਸੁਚੀ ਕੋਸ਼ਿਸ਼ ਹੀ ਨਹੀਂ ਕਰੋਗੇ ਕੋਈ ਜਤਨ ਹੀ ਨਹੀਂ ਕਰੋਗੇ। ਕੋਈ ਵੀ ਸਿੱਧ ਪੁਰਸ ਨਹੀਂ ਬਣ ਸਕਦਾ। ਸਿੱਧ ਪੁਰਸ਼ ਬਣੇ ਬਿਨਾਂ ਸੰਸਾਰ ਨੂੰ ਸਮਝਿਆ ਹੀ ਨਹੀਂ ਜਾ ਸਕਦਾ ਕਿਉਂਕਿ ਸਿੱਧ ਪੁਰਸ਼ ਹੀ ਸੰਸਾਰ ਵਿਚ ਰਹਿੰਦਿਆਂ ਸੰਸਾਰ ਤੋਂ ਨਿਰਲਿਪਤ ਰਹਿ ਸਕਦਾ ਹੈ। ਇਸ ਅਨੇਕਤਾ ਦੇ ਆਕਾਰ ਦੀ ਡੂੰਘਾਈ ਵਿਚ ਸਤਿ ਦਾ ਵਾਸ ਹੈ। ਕੋਈ ਅਗਿਆਨੀ, ਹਨ੍ਹੇਰੇ ਵਿਚ ਫਟਕਣ ਵਾਲਾ ਦੂਸਰੇ ਨੂੰ ਮਾਰਗ ਤੇ ਨਹੀਂ ਪਾ ਸਕਦਾ, ਲੋਕਾਂ ਦਾ ਮਾਰਗ ਦਰਸ਼ਨ ਨਹੀਂ ਕਰ ਸਕਦਾ ਜੇ ਕਰਦਾ ਹੈ ਤਾਂ ਉਸ ਦਾ ਹਾਲ ਬਿਲਕੁਲ ਉਹ ਹੀ ਹੈ ਜਿਵੇਂ ਅੰਨ੍ਹਾ, ਅੰਨ੍ਹੇ ਨੂੰ ਰਾਹ ਦਿਖਾ ਰਿਹਾ ਹੋਵੇ।

ਇਸ ਸਲੋਕ ਵਿਚ ਬੜਾ ਸਪਸ਼ਟ ਕਰਕੇ ਦੱਸਿਆ ਹੈ ਕਿ ਅਗਿਆਨੀ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਰਾਹ ਨਹੀਂ ਦਿਖਾ ਸਕਦਾ। ਇਥੇ ਅਗਿਆਨੀ ਤੋਂ ਨੇਤਰਹੀਣ ਤੋਂ ਭਾਵ ਹੈ ਜਿਨ੍ਹਾਂ ਨੇ ਹਉਮੈ ਦੀ ਕੰਧ ਆਪਣੇ ਆਲੇ ਦੁਆਲੇ ਉਸਾਰੀ ਹੋਈ ਹੈ, ਜਿਸ ਦੇ ਕਾਰਣ ਉਹ ਉਸ ਤੋਂ ਪਰ੍ਹੇ ਹੋ

ਕੇ ਉਪਰ ਉਠ ਕੇ ਕੁਛ ਦੇਖ ਹੀ ਨਹੀਂ ਸਕਦੇ। ਹਉਮੈ ਨੂੰ ਮਾਰੇ ਬਿਨਾਂ ਉਹ ਖਾਲੀ ਹੀ ਰਹਿ ਜਾਂਦੇ ਹਨ। ਈਸਾਈਆਂ ਦੀ ਪੁਸਤਕ The book of ecclesiastes" ਵਿਚ ਲਿਖਿਆ ਹੈ, ਸਭ ਤੋਂ ਵੱਡੀ ਹੈ ਵਿਅਰਥਤਤਾ, ਸਾਰਹੀਣਤਾ, ਇਸੇ ਤਰ੍ਹਾਂ ਅਗਿਆਨ ਅੰਧੇਰਾ, ਸਭ ਅਗਿਆਨ ਸਭ ਅੰਧੇਰਾ।

ਇਹ ਸਲੋਕ ਪਿਛਲੇ ਸ਼ਲੋਕ ਨਾਲ ਸਬੰਧਤ ਹੈ। ਉਸ ਵਿਚ ਦਸਿਆ ਗਿਆ ਹੈ ਕਿ ਜਗਿਆਸੂ ਦੇ ਕੀਤੇ ਕਰਮ ਭਾਵੇਂ ਉਹ ਕਰਮਕਾਂਡ ਹੋਵੇ ਭਾਵੇਂ ਸੰਸਾਰਕ ਕੰਮ ਕਾਜ ਹੋਵੇ, ਇਹ ਸਾਰੇ ਉਸ ਨੂੰ ਗਿਆਨ ਪਰਾਪਤੀ ਲਈ ਸਹਾਇਕ ਹੋਣਗੇ, ਗਿਆਨ ਤੋਂ ਬਿਨਾਂ ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ।

## ਸਲੋਕ ਨੌਵਾਂ

"ਮੂਰਖ ਲੋਕ ਬੱਚਿਆਂ ਦੀ ਤਰ੍ਹਾਂ ਅਗਿਆਨਤਾ ਦੇ ਜਾਲ ਵਿਚ ਫਸੇ ਰਹਿੰਦੇ ਹਨ, ਪਰ ਇਹ ਸੋਚਦੇ ਰਹਿੰਦੇ ਹਨ ਕਿ ਉਨ੍ਹਾਂ ਦੇ ਜੀਵਨ ਦਾ ਉਤਮ ਗੋਲ ਹਾਸਲ ਕਰ ਲਿਆ ਹੈ। ਮੌਤ ਦੇ ਗ੍ਰਸੇ ਹੋਣ ਕਰਕੇ ਉਹ ਕਰਮਾਂ ਦਾ ਮੂਲ ਕਰਮਾਂ ਦਾ ਤੱਤ ਨਹੀਂ ਸਮਝ ਸਕਦੇ, ਇਸ ਕਰਕੇ ਜਦੋਂ ਉਨ੍ਹਾਂ ਦੇ ਪੁੰਨ ਕਰਮ ਖਤਮ ਹੋ ਜਾਂਦੇ ਹਨ, ਉਹ ਮੁੜ ਕੇ ਚੌਰਾਸੀ ਦੇ ਗੇੜ ਵਿਚ ਆ ਜਾਂਦੇ ਹਨ।"

ਇਸ ਸਲੋਕ ਵਿਚ ਦਸਿਆ ਹੈ ਕਿ ਕਰਮ ਕਾਂਡ ਕਰਨ ਵਾਲੇ, ਬਿਲਕੁਲ ਉਸ ਤਰ੍ਹਾਂ ਹੀ ਹਨ ਜਿਵੇਂ ਕਿ ਉਹ ਬੱਚੇ ਜਿਹੜੇ ਮੂਰਖਤਾ ਵਿਚ ਪ੍ਰਸੰਨ ਹਨ। ਜਿਵੇਂ ਬੱਚੇ ਆਪਣੇ ਖਡੌਣਿਆਂ ਨਾਲ ਖੇਡਦੇ ਹਨ। ਸੀਮਤ ਦੁਨੀਆਂ  ਵਿਚ ਰਹਿੰਦੇ ਹਨ। ਅੱਲੜ੍ਹਪਣੇ ਦੀ ਸੋਚ ਵਿਚ ਹੀ ਰੁਝੇ ਰਹਿੰਦੇ ਹਨ ਤੇ ਸਦਾ ਆਪਣੇ ਆਪ ਨੂੰ ਲੋਲੇਪੋਤੇ ਲਾਉਂਦੇ ਰਹਿੰਦੇ ਹਨ ਤੇ ਸੋਚਦੇ ਰਹਿੰਦੇ ਹਨ ਕਿ ਉਨ੍ਹਾਂ ਨੇ ਜੀਵਨ ਵਿਚ ਬਹੁਤ ਕੁਛ ਪ੍ਰਾਪਤ ਕਰ ਲਿਆ ਹੈ। ਇਸ ਤਰ੍ਹਾਂ ਇਸ ਕਰਕੇ ਹੈ ਕਿਉਂਕਿ ਉਹ ਸਤਿ ਨੂੰ ਜਾਣਦੇ ਹੀ ਨਹੀਂ ਉਹ ਤਾਂ ਮੋਹ ਨੇ ਅੰਨੇ ਕੀਤੇ ਪਏ ਹਨ। ਉਹ ਤਾਂ ਰੇਤ ਦਾ ਘਰ ਬਣਾ ਕੇ ਬੈਠਦੇ ਹਨ ਤੇ ਪਹਿਲੀ ਬਾਰਿਸ਼ ਨਾਲ ਹੀ ਉਹ ਢਹਿ ਢੇਰੀ ਹੋ ਜਾਂਦਾ ਹੈ ਜਿਵੇਂ ਕਿ ਗੱਤੇ ਦਾ ਬਣਿਆ ਡਿੱਗ ਪੈਂਦਾ ਹੈ। ਬੱਚੇ ਤੇ ਅਗਿਆਨੀ ਬਿਲਕੁਲ ਇਕੋ ਜਿਹੇ ਹੀ ਹੁੰਦੇ ਹਨ ਦੋਨੋਂ ਹੀ ਸੰਸਾਰ ਦੀ ਛਿਨਭੰਗਰਤਾ ਨਹੀਂ ਜਾਣਦੇ, ਵਸਤੂਆਂ ਦਾ ਆਰਜ਼ੀ ਮੂਲ ਨਹੀਂ ਜਾਣਦੇ, ਇਹ ਨਹੀਂ ਜਾਣਦੇ ਕਿ ਇਹ ਕੁਝ ਵੀ ਨਹੀਂ ਰਹਿਣਾ, ਉਹ ਤਾਂ ਇਨ੍ਹਾਂ ਰੇਤ ਦੇ ਘਰਾਂ ਵਿਚ ਖੁਸ਼ ਹਨ।

ਜੇ ਇਹ ਲੋਕ ਸਵਰਗ ਚਲੇ ਵੀ ਜਾਣ, ਉਹ ਮੁੜ ਕੇ ਧਰਤੀ ਤੇ ਆ

ਡਿਗਦੇ ਹਨ, ਦੁਖੀ ਹੁੰਦੇ ਹਨ, ਆਪਣੇ ਇੱਛਾ ਭੋਗ, ਇੰਦ੍ਰੀਆਂ ਦੇ ਭੋਗ ਦੇ ਨਤੀਜੇ ਭੋਗਦੇ ਹਨ। ਉਪਨਿਸ਼ਦਾਂ ਵਿਚ ਦਸਿਆ ਗਿਆ ਹੈ ਕਿ ਬਿਨਾਂ ਗਿਆਨ ਦੇ ਕਰਮਕਾਂਡ ਕਰਨਾ ਪੂਜਾ ਕਰਨੀ ਇਸ ਨਾਲ ਕਦੀ ਵੀ ਮੁਕਤੀ ਨਹੀਂ ਮਿਲਦੀ। ਇਹ ਵੀ ਦਸਿਆ ਗਿਆ ਹੈ ਕਿ ਸਵਰਗ ਦਾ ਅਨੰਦ ਉਸੇ ਨੂੰ ਹੀ ਪ੍ਰਾਪਤ ਹੁੰਦਾ ਹੈ ਜਿਹੜੇ ਚੰਗੇ ਕਰਮ ਕਰਕੇ ਹਨ, ਚੰਗੇ ਕੰਮ ਕਰਦੇ ਹਨ, ਚੰਗੀ ਕਰਨੀ ਕਰਦੇ ਹਨ ਤੇ ਕਰਮਕਾਂਡ ਵਿਧੀਪੂਰਵਕ ਕਰਦੇ ਹਨ।

ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸਵਰਗ ਦਾ ਅਨੰਦ ਵੀ ਸਥਾਈ ਨਹੀਂ ਹੈ। ਸਦਾ ਲਈ ਨਹੀਂ ਹੈ ਉਹ ਵੀ ਅਸਥਾਈ ਹੈ। ਘੜੀ ਪਲ ਦੀ ਖੁਸ਼ੀ ਕਦੀ ਵੀ ਜੀਵਨ ਦਾ ਟੀਚਾ, ਜੀਵਨ ਦਾ ਉਦੇਸ਼ ਨਹੀਂ ਹੋ ਸਕਦਾ। ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਆਪਣਾ ਜੀਵਨ ਬੇਅਰਥ ਨਾ ਗੁਆਵੇ, ਮਨੁੱਖੀ ਜੀਵਨ ਅਨਮੋਲ ਹੈ, ਇਸ ਨੂੰ ਸੁਆਰਥੀ ਕੰਮ ਵਿਚ, ਧੰਦਿਆਂ ਵਿਚ, ਇੰਦ੍ਰੀਆਂ ਦੇ ਭੋਗ ਬਿਲਾਸ ਵਿਚ ਨਾ ਲਾ ਕੇ ਸਤਿ ਦੀ ਖੋਜ ਕਰੇ ਜਿਸ ਕਰਕੇ ਇਹ ਮਨੁਖੀ ਜਨਮ ਮਿਲਿਆ ਹੈ।

ਉਪਨਿਸ਼ਦਾਂ ਦੇ ਮੰਤਰ ਜਗਿਆਸੂ ਨੂੰ ਬਾਰ-ਬਾਰ ਚੇਤਾਵਨੀ ਦਿੰਦੇ ਹਨ, ਕਿ ਸੰਸਾਰ ਦੇ ਮਨੋਹਰਤਾ ਲੋਭ, ਲਾਲਚ, ਆਕਰਸ਼ਣ ਇਹ ਸਭ ਛਿਨ ਭੰਗਰ ਨਾਲ ਇਨ੍ਹਾਂ ਦਾ ਕੋਈ ਅਸਤਿਤਵ ਹੀ ਨਹੀਂ ਹੈ, ਇਹ ਤਾਂ ਪਾਣੀ ਦੇ ਉਤੇ ਤਰਦੇ ਘਾਹ ਦੀ ਤਰ੍ਹਾਂ ਹਨ, ਜੀਵਨ ਦੀ ਉਪਰਲੀ ਸਤਾ ਤੇ ਜਿਵੇਂ ਪਾਣੀ ਵਿਚ ਘਾਹ, ਇਹ ਜਗਿਆਸੂ ਦੀ ਅੰਦਰ ਦੀ ਪਿਆਸ ਨਹੀਂ ਬੁਝਾ ਸਕਦੇ ਇਹ ਤਾਂ ਓਪਰੀਆਂ ਚੀਜ਼ਾਂ ਹਨ। ਇਹ ਪਲ ਭਰ ਦਾ ਅਨੰਦ ਦੇ ਸਕਦੀਆਂ ਹਨ, ਅੰਦਰ ਦੀ ਪਿਆਸ ਨਹੀਂ ਬੁਝਾ ਸਕਦੀਆਂ।

ਮਨੁੱਖ ਨੂੰ ਕਿਵੇਂ ਪਤਾ ਲੱਗੇ ਕਿ ਵਾਸਤਵਿਕ ਅਨੰਦ ਕੀ ਹੈ ਤੇ ਚੰਗੇ ਉਚੇ ਕਰਮ ਕੀ ਹਨ? ਦੋ ਤਰ੍ਹਾਂ ਦੇ ਅਨੰਦ ਹਨ ਜਿਹੜੇ ਮਨੁੱਖ ਲੈ ਸਕਦਾ ਹੈ। ਇਕ ਤਾਂ ਕਾਮ ਦਾ, ਜਿਹੜਾ ਆਮ ਲੋਕੀ ਲੈਂਦੇ ਹਨ, ਇਹ ਤਾਂ ਕੁਝ ਪਲਾਂ ਲਈ ਹੀ ਹੁੰਦਾ ਹੈ ਜਿਵੇਂ ਹੀ ਇਹ ਖਤਮ ਹੁੰਦਾ ਹੈ, ਅਗਿਆਨੀ ਫੇਰ ਇਸ ਵਲ ਜਾਂਦਾ ਹੈ। ਪਰ ਇਨ੍ਹਾਂ ਸਾਰੀਆਂ ਇਛਾਵਾਂ ਦੇ ਹੇਠਾਂ ਦੱਬੀ ਇਨ੍ਹਾਂ ਸਾਰੇ ਭੋਗਾਂ ਦੇ ਥੱਲੇ ਸਦਾ ਇਕ ਹੋਰ ਬਹੁਤ ਹੀ ਪ੍ਰਬਲ ਇੱਛਾ ਹੈ ਜਿਹੜੀ ਕਿ ਜਗਿਆਸੂ ਨੂੰ ਪ੍ਰੇਰਦੀ ਹੈ ਕਿ ਤੂੰ ਉਚੇਰੀ ਉਡਾਰੀ ਮਾਰ ਸਥਾਈ ਅਨੰਦ ਵਲ ਜਾਂ ਉਹ ਅਨੰਦ ਹੈ ਆਤਮਾ ਦਾ ਪ੍ਰਮਾਤਮਾ ਨਾਲ ਮੇਲ।

ਮੁਕਦੀ ਗੱਲ ਤਾਂ ਇਹ ਹੈ ਕਿ ਸੰਸਾਰਕ ਖੁਸ਼ੀਆਂ ਸੰਸਾਰਕ ਭੋਗ ਬੜੀ ਹੀ ਥੋੜ੍ਹੀ ਦੇਰ ਦੇ ਹਨ ਇਹ ਤਾਂ ਪਲ ਦੋ ਪਲ ਦੇ ਹਨ, ਇਨ੍ਹਾਂ ਦਾ ਅਨੁਭਵ

ਵੀ ਬਹੁਤ ਹੀ ਥੋੜ੍ਹੀ ਦੇਰ ਦਾ ਹੈ ਜਦੋਂ ਕਿ ਦੂਸਰੇ ਪਾਸੇ ਬ੍ਰਹਮਾ ਨਾਲ ਇਕ ਹੋ ਜਾਣ ਦਾ ਅਨੰਦ ਸਥਾਈ ਹੈ, ਸਦੈਵ ਹੈ ਇਕ ਵਾਰੀ ਪ੍ਰਾਪਤ ਹੋ ਜਾਵੇ ਮਨੁੱਖ ਸਦਾ ਲਈ ਹੀ ਰੰਗਿਆ ਜਾਂਦਾ ਹੈ ਇਸੇ ਕਰਕੇ ਕਿਹਾ ਗਿਆ ਹੈ, ਕਿ ਵਿਸ਼ੇ-ਅਨੰਦ ਨਹੀਂ ਪ੍ਰਮਾਤਮ ਅਨੰਦ ਹੀ ਮਨੁੱਖ ਦਾ ਉਦੇਸ਼ ਹੈ ਇਹ ਹੀ ਸਥਾਈ ਹੈ।

ਇਸ ਸਲੋਕ ਵਿਚ ਜੋ ਕਿਹਾ ਗਿਆ ਕਿ 'ਬੱਚੇ ਦੀ ਤਰ੍ਹਾਂ ਮੂਰਖ' ਉਸ ਤੋਂ ਭਾਵ ਹੈ ਕਿ ਉਹ ਲੋਕ ਜਿਹੜੇ ਸਿਆਣੇ ਨਹੀਂ ਹਨ ਜਿਹੜੇ ਅਣਜਾਣ ਹਨ ਜਿਹੜੇ ਸੂਝਵਾਨ ਨਹੀਂ ਹਨ। ਜੀਵਨ ਉਦੇਸ਼ ਨਹੀਂ ਜਾਣਦੇ। ਇਹ ਇਕ ਪ੍ਰਕਾਰ ਦੇ ਮੂਰਖ ਹਨ, ਇਕ ਹੋਰ ਤਰ੍ਹਾਂ ਦੇ ਮੂਰਖ ਵੀ ਹਨ ਜਿਹੜੇ ਮੋਹ ਵਿਚ ਲਿਪਤ ਹੋਣ ਕਰਕੇ, ਸੰਸਾਰਕ ਵਿਸ਼ੇ ਵਿਕਾਰਾਂ ਵਿਚ ਲੀਨ ਹੋਣ ਕਰਕੇ ਅਗਿਆਨੀ ਹਨ ਉਨ੍ਹਾਂ ਦੀ ਫਿਲੋਸਫੀ ਹੈ, ਖਾਓ ਪੀਓ ਮੌਜ ਕਰੋ, ਜੀਵਨ ਇਸੇ ਲਈ ਹੈ ਹੈ।

ਇਸ ਸਲੋਕ ਵਿਚ ਦਸਿਆ ਹੈ ਕਿ ਮੋਹ, ਲੋਭ ਨੂੰ ਤਿਆਗਣ ਤੋਂ ਬਿਨਾਂ, ਆਤਮ ਗਿਆਨ ਹੋ ਹੀ ਨਹੀਂ ਸਕਦਾ, ਵਿਸ਼ੇ ਵਿਕਾਰ, ਇੰਦ੍ਰੀਆਂ ਦਾ ਭੋਗ, ਇਛਾਵਾਂ ਦੀ ਤ੍ਰਿਪਤੀ ਜਿਸ ਵਿਚ ਮਨੁੱਖ ਖੁਸ਼ ਰਹਿੰਦਾ ਹੈ ਉਹ ਤਾਂ ਪਲ ਦੋ ਪਲ ਲਈ ਹਨ। ਜਦੋਂ ਇਨ੍ਹਾਂ ਨੂੰ ਮਨੁੱਖ ਭੋਗ ਲੈਂਦਾ ਹੈ ਪਿਛਲੇ ਕਰਮ ਖਤਮ ਹੋ ਜਾਂਦੇ ਹਨ, ਮਨੁੱਖ ਮੁੜ ਕੇ ਅਗਿਆਨ ਹਨ੍ਹੇਰੇ ਵਿਚ ਧੱਕਿਆ ਜਾਂਦਾ ਹੈ। ਅਵਿਦਿਆ ਦੇ ਹਨ੍ਹੇਰੇ ਵਿਚ ਫਸ ਜਾਂਦਾ ਹੈ।

## ਸ਼ਲੋਕ ਦਸਵਾਂ

ਮਜ਼ਹਬ ਦੀਆਂ ਗਤੀਵਿਧੀਆਂ ਜਨਤਾ ਦੀਆਂ ਉਪਕਾਰ ਕਰਨ ਦੀਆਂ ਯੋਜਨਾਵਾਂ ਅਤੇ ਆਮ ਅਗਿਆਨੀ ਲੋਕ ਉਨ੍ਹਾਂ ਵਿਚ ਹੀ ਰਹਿ ਜਾਂਦੇ ਹਨ। ਉਹ ਉਤਮ ਸਤਿ ਤਕ ਨਹੀਂ ਪਹੁੰਚਦੇ। ਚੰਗੇ ਕੰਮ ਦੇ ਫਲ ਭੋਗ ਕੇ ਉਹ ਸਵਰਗ ਵਿਚੋਂ ਫੇਰ ਧਰਤੀ ਤੇ ਨੀਵੀਂ ਪੱਧਰ ਦੀ ਹੋਂਦ ਦੇ ਜੀਵਨ ਵਿਚ ਆ ਜਾਂਦੇ ਹਨ।

ਇਸ ਸਲੋਕ ਦੀ ਆਰੰਭ 'ਇਸ਼ਤ ਪਰਤਾ' ਤੋਂ ਆਰੰਭ ਹੁੰਦੀ ਹੈ, ਇਸ਼ਤ ਪਰਤਾਂ ਤੋਂ ਭਾਵ ਹੈ ਸਾਰੇ ਕਰਮ (ਅਗਨੀ ਦੀ ਰਸਮ ਵਿਚ ਆਉਂਦੀ ਹੈ) ਜਿਹੜਾ ਇਕ ਸੰਸਾਰਕ ਮਨੁੱਖ ਕਰਦਾ ਹੈ। ਵੇਦ ਪੜ੍ਹਨੇ ਜਾਨਣੇ ਵੀ ਇਸ ਵਿਚ ਮੰਨੇ ਜਾਂਦੇ ਹਨ। 'ਪਰਤਾਂ' ਤੋਂ ਭਾਵ ਹੈ ਲੋਕ ਭਲਾਈ ਦੇ, ਜਨ ਭਲਾਈ ਦੇ ਕੰਮ, ਪਰ ਇਨ੍ਹਾਂ ਕੰਮਾਂ ਦਾ ਫਲ ਤਾਂ ਹੈ ਜੇ ਇਹ ਨਿਰ-ਸੁਆਰਥ ਹੋ ਕੇ ਕੀਤੇ ਜਾਣ ਤੇ ਲੋਕ ਭਲਾਈ ਲਈ ਹੋਣ। ਉਨ੍ਹਾਂ ਦੀ ਭਲਾਈ ਲਈ

ਜਿਨ੍ਹਾਂ ਨੂੰ ਲੋੜ ਹੈ ਉਨ੍ਹਾਂ ਦੀ ਸੇਵਾ ਕੀਤੀ ਜਾਵੇ।

ਜੇ ਇਹੋ ਜਿਹੇ ਪ੍ਰਸ਼ੰਸਾ ਯੋਗ ਕਰਮ, ਗੁਣਵਾਨ ਕਰਮ, ਨਿਰ-ਸੁਆਰਥ ਹੋ ਕੇ ਕੀਤੇ ਜਾਣ ਤਾਂ ਇਹ ਮਨੁੱਖ ਨੂੰ ਸਵਰਗੀ ਸੁੱਖ ਦਿੰਦੇ ਹਨ। ਸਵਰਗ ਦਾ ਅਨੰਦ ਦਿੰਦੇ ਹਨ ਪਰ ਇਥੇ ਇਹ ਦੱਸ ਦੇਣਾ ਅਵੱਸ਼ਕ ਹੈ ਕਿ ਸਾਰੇ ਸੰਸਾਰਕ ਸੁਖ ਅਨੰਦ ਤੇ ਸਾਰੇ ਸਵਰਗ ਦੇ ਸੁਖ ਅਨੰਦ ਕੇਵਲ ਛਿਨ ਭੰਗਰ ਹੀ ਹੁੰਦੇ ਹਨ। ਜਿਹੜੇ ਲੋਕ ਸਿਆਣੇ ਨਹੀਂ ਹਨ, ਅਗਿਆਨੀ ਹਨ ਜਿਨ੍ਹਾਂ ਨੇ ਛਿਨਭੰਗਰ ਨੂੰ ਤੇ ਸਥਾਈ ਸੁਖ ਅਨੰਦ ਦਾ ਵਿਸ਼ਲੇਸ਼ਨ ਨਹੀਂ ਕੀਤਾ ਉਹ ਸੋਚਦੇ ਹਨ ਕਿ ਇਹ ਲੋਕ ਭਲਾਈ ਦੇ ਕੰਮ ਉਨ੍ਹਾਂ ਨੂੰ ਅਗਿਆਨ ਤੋਂ ਛੁਟਕਾਰਾ ਦੁਆ ਦੇਣਗੇ।

ਮੂਰਖ ਤਾਂ ਅਗਿਆਨ ਦੇ ਛਲ ਵਿਚ ਲਿਪਟਿਆ, ਪਰਿਵਾਰ ਦੇ ਮੋਹ ਤੇ ਪਦਾਰਥਾਂ ਦੇ ਮੋਹ ਵਿਚ ਫਸਿਆ ਰਹਿੰਦਾ ਹੈ ਤੇ ਸੋਚਦਾ ਹੈ ਕਿ ਜਨ ਭਲਾਈ ਦੇ ਕੰਮ ਉਸ ਨੂੰ ਅਗਿਆਨ ਤੋਂ ਮੁਕਤ ਕਰ ਦੇਣਗੇ। ਜਿਨ੍ਹਾਂ ਨੇ ਆਪਣਾ ਉਦੇਸ਼ ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਰਖ ਲਿਆ ਹੈ।। ਉਹ ਵਾਸਤਵ ਸਤਿ ਨੂੰ ਨਹੀਂ ਜਾਣਦੇ। ਉਹ ਸਤਿ ਜਿਹੜਾ ਉਨ੍ਹਾਂ ਨੂੰ ਚਿਰ ਸਥਾਈ ਅਨੰਦ ਦੇ ਸਕਦਾ ਹੈ। ਉਤਮ ਤੇ ਅੰਤਮ ਅਨੰਦ ਕੇਵਲ ਆਤਮ ਗਿਆਨ ਵਿਚ ਹੈ। ਉਸ ਆਤਮ ਵਿਚ ਜਿਹੜਾ ਸਭ ਦਾ ਹੈ।

ਸੰਸਾਰ ਦਾ ਨਿਯਮ ਹੈ ਕਿ ਤੁਸੀਂ ਕਰਮ ਕੀਤੇ ਬਿਨਾਂ ਸੰਸਾਰ ਵਿਚ ਰਹਿ ਹੀ ਨਹੀਂ ਸਕਦੇ। ਮਨੁੱਖੀ ਕਰਮਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ - ਚੰਗੇ, ਭੈੜੇ ਤੇ ਦੋਨਾਂ ਦਾ ਮਿਸ਼ਰਨ। ਜੇ ਕੋਈ ਚੰਗੇ ਕਰਮ ਕਰਦਾ ਹੈ ਉਸ ਨੂੰ ਚੰਗੇ ਫਲ ਮਿਲਦੇ ਹਨ ਤੇ ਉਹ ਸੰਸਾਰ ਵਿਚ ਆਰਾਮ ਦੇਹ ਜੀਵਨ ਬਤੀਤ ਕਰਦਾ ਹੈ। ਜੇ ਬੁਰੇ ਕਰਮ ਵਧੇਰੇ ਹੁੰਦੇ ਹਨ ਤਾਂ ਤੁਸੀਂ ਉਦਾਸੀਨ ਰਹਿੰਦੇ ਹੋ, ਨਖੇਦੀ ਦੇ ਵਿਚਾਰਾਂ ਵਿਚ ਘਿਰੇ ਰਹਿੰਦੇ ਹੋ, ਦੁਖ ਸੰਤਾਪ ਵਿਚ ਘਿਰੇ ਰਹਿੰਦੇ ਹੋ, ਜਿਹੜੇ ਕਿ ਤੁਹਾਡੀਆਂ ਆਪਣੀਆਂ ਇਛਾਵਾਂ ਦੇ ਕਾਰਣ ਹੈ ਤੇ ਆਪਣੇ ਕਰਮਾਂ ਨਾਲ ਹੈ। ਸਾਰੇ ਕਾਰਜ, ਕਰਮ ਦੋਨੋਂ ਹੀ ਤਰ੍ਹਾਂ ਦੇ ਹੁੰਦੇ ਹਨ। ਉਨ੍ਹਾਂ ਕੋਲ ਇਹ ਅਵਸਰ ਹੁੰਦਾ ਹੈ ਕਿ ਉਹ ਅਧਿਆਤਮਕ ਪੱਖੋਂ ਜਾਣੂ ਹੋ ਸਕਣ।

ਗ੍ਰੰਥਾਂ ਵਿਚ ਦੱਸਿਆ ਹੈ ਕਿ ਮਾੜੇ ਕਰਮ ਕਰਕੇ ਅਸੀਂ ਪਸ਼ੂਆਂ ਦੀ ਜੂਨ ਵਿਚ ਜਾਂਦੇ ਹੋ। ਚੰਗੇ ਕਰਮ ਕਰਕੇ ਤੁਸੀਂ ਆਤਮ ਮਾਰਗ ਤੇ ਚਲਦੇ ਹੋ ਤੇ ਮਿਲੇ ਜੁਲੇ ਕਰਮ ਕਰਕੇ ਤੁਸੀਂ ਮਨੁੱਖੀ ਜੂਨ ਵਿਚ ਆਉਂਦੇ ਰਹਿੰਦੇ ਹਨ। ਅਗਿਆਨ ਦੇ ਅੰਦਰ ਕੀਤਾ ਪੂਜਾ ਪਾਠ ਅਯੋਗ ਮੰਨਿਆ ਗਿਆ ਹੈ। ਇਸੇ

ਤਰ੍ਹਾਂ ਹੀ ਮਨੁੱਖ ਭਲਾਈ ਲਈ ਕੀਤੇ ਸੁਆਰਥੀ ਕਾਰਜ ਵੀ ਨਖੇਦੇ ਜਾਂਦੇ ਹਨ, ਆਤਮ ਗਿਆਨ ਨੂੰ ਹੀ ਉਚਾ ਸੁੱਚਾ ਮੰਨਿਆ ਜਾਂਦਾ ਹੈ।

ਜਿਹੜੇ ਲੋਕੀ ਮਨੁੱਖ ਭਲਾਈ ਦੇ ਕੰਮ ਕਿਸੇ ਲਾਲਚ ਲਗ ਕੇ ਕਰਦੇ ਹਨ, ਆਪਣਾ ਨਾਮ ਉਚਾ ਕਰਨ ਲਈ ਆਪਣੀ ਪ੍ਰਭਤਾ ਲਈ ਕਰਦੇ ਹਨ, ਉਹ ਬਾਅਦ ਵਿਚ ਆਪਣੇ ਆਪ ਨੂੰ ਪਾਪੀ ਮਹਿਸੂਸ ਕਰਦੇ ਹਨ, ਉਤੋਂ ਭਾਵੇਂ ਉਹ ਜੋ ਮਰਜ਼ੀ ਕਹਿਣ ਪਰ ਮਨ ਅਸ਼ਾਂਤ ਹੀ ਹੁੰਦਾ ਹੈ, ਉਤੋਂ ਉਹ ਆਪਣੀਆਂ ਸਿਫਤਾਂ ਨਾਲ ਭਾਵੇਂ ਪ੍ਰਸੰਨ ਹੋਣ।

ਭਾਵੇਂ ਕਿੰਨੇ ਹੀ ਚੰਗੇ ਉਚੇ ਸੁੱਚੇ ਕਰਮ ਕੀਤੇ ਜਾਣ ਇਹ ਅੰਦਰ ਦਾ ਦਰਦ ਦੁਖ ਨਹੀਂ ਮਿਟਾ ਸਕਦੇ, ਅੰਦਰ ਪਈਆਂ ਦਰਾੜਾਂ ਨਹੀਂ ਭਰ ਸਕਦੇ, ਪਰ ਮਨੁੱਖ ਬਾਹਰ ਦੀ ਦੁਨੀਆਂ ਵਿਚ ਭਾਵੇਂ ਜਿਵੇਂ ਮਰਜ਼ੀ ਵਿਚਰੇ ਅੰਤਰ ਆਤਮਾ ਤਾਂ ਦੁਖੀ ਹੀ ਰਹਿੰਦੀ ਹੈ। ਦਵੰਦ ਦੇ ਵਿਚਾਰਾਂ ਨਾਲ ਕਰਮਾਂ ਨਾਲ ਕਦੀ ਵੀ ਮਨੁੱਖ ਆਰਾਮ ਵਿਚ ਨਹੀਂ ਰਹਿ ਸਕਦਾ। ਮਨੁੱਖ ਭਲਾਈ ਦੇ ਕੰਮ ਜਿਹੜੇ ਕੇਵਲ ਹਉਮੈ ਨੂੰ ਵਧਾ ਦੇਣ ਲਈ ਕੀਤੇ ਜਾਂਦੇ ਹਨ ਉਹ ਕਦੀ ਵੀ ਨਾ ਤਾਂ ਸ੍ਰੇਸ਼ਟ ਸਮਝੇ ਜਾਂਦੇ ਹਨ ਤੇ ਨਾ ਹੀ ਕਦੀ ਉਨ੍ਹਾਂ ਨੂੰ ਮਿਸਾਲ ਵਜੋਂ ਦੇਖਣਾ ਚਾਹੀਦਾ ਹੈ।

ਹਾਂ, ਜੇਕਰ ਮਨੁੱਖ ਭਲਾਈ ਦਾ ਕੰਮ ਹਉਮੈ ਨੂੰ ਸਾਧਣ ਲਈ ਕੀਤਾ ਜਾਵੇ ਹਉਮੈ ਦੀ ਸਮੱਸਿਆ ਦੇ ਸਮਾਧਾਨ ਲਈ ਕੀਤਾ ਜਾਵੇ, ਉਸ ਨਾਲ ਮਨੁੱਖ ਦੀ ਜਾਗ੍ਰਤੀ ਵਧਦੀ ਹੈ। ਪਰ ਕੋਈ ਵੀ ਕਰਮ ਐਸਾ ਨਹੀਂ ਹੈ ਜਿਹੜਾ ਮਨੁੱਖ ਨੂੰ ਮੁਕਤੀ ਤਕ ਲੈ ਜਾਵੇ। ਕਰਮ ਤੇ ਗਿਆਨ ਮਨੁੱਖੀ ਜੀਵਨ ਦੇ ਦੋ ਵਿਪਰੀਤ ਸਿਰੇ ਹਨ ਇਨ੍ਹਾਂ ਦੋ ਸਿਰਿਆਂ ਦੇ ਵਿਚ ਦੀ ਰੇਖਾ ਨੂੰ ਜੀਵਨ ਰੇਖਾ ਕਹਿੰਦੇ ਹਨ। ਕੇਵਲ ਗਿਆਨ ਹੀ ਮੁਕਤੀ ਦਾ ਸਾਧਨ ਹੈ।

ਨਿਸੁਆਰਥ ਸੇਵਾ ਕੇਵਲ ਉਹ ਹੀ ਕਰ ਸਕਦੇ ਹਨ ਜਿਹੜੇ ਜਾਗ੍ਰਿਤ ਹਨ ਜਿਨ੍ਹਾਂ ਦੇ ਅੰਦਰ ਗਿਆਨ ਪ੍ਰਕਾਸ਼ਤ ਹੋ ਚੁੱਕਾ ਹੈ ਜਿਹੜੇ ਸੰਸਾਰਕ ਜ਼ਿੰਮੇਵਾਰੀਆਂ ਪੂਰੀਆਂ ਕਰ ਚੁੱਕੇ ਹਨ ਜਿਹੜੇ ਜਾਗ੍ਰਿਤੀ ਦੇ ਮਾਰਗ ਤੇ ਚੱਲ ਰਹੇ ਹਨ, ਜਿਨ੍ਹਾਂ ਨੂੰ ਇਹ ਗਿਆਨ ਹੋ ਗਿਆ ਹੈ ਕਿ ਕੇਵਲ ਕਰਮ ਹੀ ਮੁਕਤੀ ਪ੍ਰਾਪਤੀ ਲਈ ਕਾਫੀ ਨਹੀਂ, ਮੁਕਤੀ ਦਾ ਰਾਹ ਕੇਵਲ ਗਿਆਨ ਹੀ ਹੈ। ਜਦੋਂ ਘੁਮਿਆਰ ਭਾਂਡਾ ਬਣਾ ਚੁਕਦਾ ਹੈ, ਚੱਕਾ ਤਾਂ ਵੀ ਥੋੜ੍ਹੀ ਦੇਰ ਚਲਦਾ ਰਹਿੰਦਾ ਹੈ, ਪਰ ਐਸਾ ਘੁਮਿਆਰ ਨਹੀਂ ਕਰ ਰਿਹਾ ਉਹ ਤਾਂ ਆਪੇ ਹੀ ਹੋ ਰਿਹਾ ਹੈ। ਘੁਮਿਆਰ ਨੂੰ ਉਸ ਨਾਲ ਕੋਈ ਮਤਲਬ ਨਹੀਂ, ਇਸੇ ਤਰ੍ਹਾਂ ਜੋ ਕਰਮ ਰਿਸ਼ੀ ਮੁਨੀ ਕਰਦੇ ਹਨ ਉਹ ਉਨ੍ਹਾਂ ਦੇ ਅਧਿਆਤਮਕ ਅਭਿਆਸ

ਤੇ ਕੋਈ ਪ੍ਰਭਾਵ ਨਹੀਂ ਪਾਉਂਦੇ। ਇਹ ਕਰਮ ਆਤਮ ਮਾਰਗ ਤੇ ਕੇਵਲ ਇਕ ਸਾਧਨ ਬਣ ਜਾਂਦੇ ਹਨ।

## ਸਲੋਕ ਗਿਆਰ੍ਹਾਂ

ਇਕਾਂਤ ਵਿਚ ਰਹਿ ਕੇ, ਜੋ ਕੁਝ ਵੀ ਖਾਣ ਨੂੰ ਮਿਲੇ ਉਸ ਵਿਚ ਸਬਰ ਕਰਕੇ, ਪੂਰੇ ਅਨੁਸਾਸ਼ਨ ਵਿਚ ਰਹਿ ਕੇ ਤਪ ਕਰਕੇ, ਪੂਰਾ ਭਰੋਸਾ ਰੱਖ ਕੇ, ਗਿਆਨੀ ਪੁਰਖ, ਸਥਿਰ ਰਹਿ ਕੇ, ਸਵੱਛ ਪਵਿੱਤਰ ਮਨ ਨਾਲ ਇਹ ਸੂਰਜ ਦੇ ਦਰ ਤੋਂ ਅੰਦਰ ਜਾਂਦੇ ਹਨ, ਉਥੇ ਜਿਥੇ ਅਜਰ, ਅਮਰ, ਅਟੱਲ ਨਿਰੰਕਾਰ ਦਾ ਵਾਸਾ ਹੈ, ਅਕਾਲ ਪੁਰਖ ਦਾ ਵਾਸਾ ਹੈ।

ਸਭ ਤੋਂ ਵੱਧ ਵਡਭਾਗੀ ਉਹ ਹਨ ਜਿਹੜੇ ਜੰਗਲਾਂ ਵਿਚ ਵਸਦੇ ਹਨ। ਆਤਮ ਮਾਰਗ ਤੇ ਚਲਦੇ ਹਨ ਪੂਰੀ ਮਰਿਆਦਾ ਵਿਚ ਅਨੁਸਾਸ਼ਨ ਵਿਚ ਰਹਿੰਦੇ ਹਨ, ਮਨ, ਕਥਨੀ ਕਰਨੀ ਤੇ ਪੂਰਾ ਅਨੁਸਾਸ਼ਨ ਹੈ, ਉਹ ਅਤਿ ਸ਼ਾਂਤ ਹਨ, ਉਹ ਆਪਣਾ ਸਮਾਂ ਮੈਡੀਟੇਸ਼ਨ ਭਜਨ ਸਿਮਰਨ ਵਿਚ ਹੀ ਲਗਾਉਂਦੇ ਹਨ, ਮੈਡੀਟੇਸ਼ਨ ਵਿਚ ਹੀ ਜੀਵਨ ਬਤੀਤ ਕਰਦੇ ਹਨ, ਬੜੀ ਵਿਧੀ ਪੂਰਵਕ ਮੈਡੀਟੇਸ਼ਨ ਕਰਦੇ ਹਨ ਅੰਤ ਵਿਚ ਸੂਰਜ ਦੇ ਦਰ ਤੋਂ ਨਿਰੰਕਾਰ ਕੋਲ ਪਹੁੰਚਦੇ ਹਨ ਜਿਥੇ ਅਬਿਨਾਸ਼ੀ ਦਾ ਵਾਸਾ ਹੈ।

ਇਹੋ ਜਿਹੇ ਮਹਾਂਪੁਰਖ ਹਰ ਪੱਖ ਤੋਂ ਮੁਕਤ ਹੁੰਦੇ ਹਨ ਉਨ੍ਹਾਂ ਦੀਆਂ ਸਾਰੀਆਂ ਔਕੜਾਂ ਖਤਮ ਹੋ ਜਾਂਦੀਆਂ ਹਨ ਤੇ ਉਹ ਚਾਨਣੇ ਰਾਹ ਤੇ ਤੁਰਦੇ ਹਨ ਤੇ ਉਹ ਆਪਣੇ ਚਰਨਾਂ ਦੇ ਚਿੰਨ ਦੂਸਰਿਆਂ ਲਈ ਛੱਡ ਦਿੰਦੇ ਹਨ ਤਾਂ ਜੋ ਜਗਿਆਸੂ ਲੋਕ ਉਨ੍ਹਾਂ ਚਿੰਨਾਂ ਤੇ ਚੱਲ ਸਕਣ। ਇਸ ਕਰਕੇ ਕਹਿੰਦੇ ਹਨ, Mahaiano yena galtah Sa pantha ਮਹਾਂਪੁਰਸ਼ਾਂ ਦਾ ਰਿਸ਼ੀਆਂ ਮੁਨੀਆਂ ਦੇ ਮਾਰਗ ਤੇ ਚਲੋ ਉਹ ਆਪਣੇ ਪੱਦ ਚਿੰਨ ਛੱਡ ਗਏ ਹਨ।

ਸੰਸਾਰਕ ਡਿਊਟੀਆਂ ਪੂਰੀਆਂ ਕਰਕੇ ਗਿਆਨੀ ਪੁਰਖ ਆਪਣਾ ਸਮਾਂ ਤੇ ਸਕਤੀ ਜੰਗਲਾਂ ਵਿਚ ਰਹਿ ਕੇ ਲਗਾਉਂਦੇ ਹਨ, ਉਸ ਨੂੰ ਬਾਨ ਪ੍ਰਸਤ ਕਿਹਾ ਜਾਂਦਾ ਹੈ। ਇਹ ਜੀਵਨ ਦੀ ਤੀਸਰੀ ਪੌੜੀ ਮੰਨੀ ਜਾਂਦੀ ਹੈ। ਇਸ ਸਮੇਂ ਸੁਆਰਥੀ ਕਰਮ ਛੱਡ ਦਿਤੇ ਜਾਂਦੇ ਹਨ, ਨਿਰ-ਸੁਆਰਥ ਹੋ ਕੇ ਕਰਮ ਕੀਤੇ ਜਾਂਦੇ ਹਨ। ਜਦੋਂ ਇੰਦ੍ਰੀਆਂ ਸ਼ਾਂਤ ਮਨ ਨੂੰ ਅਸ਼ਾਂਤ ਨਹੀਂ ਕਰਦੀਆਂ, ਉਸ ਸਮੇਂ ਅੰਤਰ ਸਥਿਰਤਾ ਦਾ ਅਭਾਸ ਹੁੰਦਾ ਹੈ।

ਵੇਦਾਂ ਤੇ ਉਪਨਿਸ਼ਦਾਂ ਵਿਚ ਬਹੁਤ ਸਾਰੇ ਨਿਯਮ ਤੇ ਸੂਤਰ ਦਿਤੇ ਹਨ ਜਿਹੜੇ ਤੀਸਰੀ ਤੇ ਚੌਥੀ ਅਵਸਥਾ ਦਾ ਪੂਰਾ ਵਰਨਣ ਕਰਦੇ ਹਨ। ਸੱਚੇ ਜਗਿਆਸੂ ਕੋਲ ਐਨਾ ਸਮਾਂ ਹੁੰਦਾ ਹੈ ਕਿ ਉਹ ਭਜਨ ਸਿਮਰਨ ਕਰੇ ਵਿਧੀ ਪੂਰਵਕ ਮੈਡੀਟੇਸ਼ਨ ਕਰਕੇ ਗਿਆਨ ਦੀ ਅਗਨੀ ਪ੍ਰਵਜੂਲਤ ਕਰੇ ਤਾਂ

ਜੋ ਉਹ ਆਪਣੇ ਸਾਰੇ ਚੰਗੇ ਮਾੜੇ ਸੰਸਕਾਰ ਉਸ ਅਗਨੀ ਵਿਚ ਅਹੂਤੀ ਵਜੋਂ ਪਾ ਸਕੇ। ਇਸ ਮਾਰਗ ਨੂੰ (devayana) ਰੋਸ਼ਨੀ ਦਾ ਮਾਰਗ, ਚਾਨਣ ਮਾਰਗ ਕਿਹਾ ਜਾਂਦਾ ਹੈ। ਇਹ ਸਭ ਤੋਂ ਉਤਮ ਤੇ ਉਚਾ ਸਵਰਗ ਮੰਨਿਆ ਜਾਂਦਾ ਹੈ, ਸਾਰੇ ਵਿਸ਼ਵ ਵਿਚ ਇਸ ਤੋਂ ਉਪਰ ਕੁਝ ਨਹੀਂ। ਜਿਹੜਾ ਪੁਰਖ ਉਥੇ ਪਹੁੰਚ ਜਾਂਦਾ ਹੈ ਉਹ ਅਜਰ ਬ੍ਰਹਮਾ ਨੂੰ ਪ੍ਰਾਪਤ ਹੋ ਜਾਂਦਾ ਹੈ ਪਰ ਉਸ ਦਾ ਅਮਰ ਹੋਣਾ ਕੇਵਲ ਇਕ ਨਿਯਮਤ ਸਮੇਂ ਲਈ ਹੀ ਹੈ।

ਇਹ ਸਲੋਕ ਪੂਰੀ ਤਰ੍ਹਾਂ ਪੌੜੀ ਦਰ ਪੌੜੀ ਮੁਕਤ ਹੋਣ ਦੀ ਵਿਧੀ ਦਸਦੇ ਹਨ ਜਿਸਨੂੰ ਕਰਮ ਮੁਕਤੀ ਕਿਹਾ ਜਾਂਦਾ ਹੈ। ਇਹ ਬ੍ਰਹਮ ਲੋਕ ਦੇ ਵਾਸੀ ਹਨ ਜਿਹੜੇ ਸਦਾ ਸਿਮਰਨ ਵਿਚ ਰਹਿੰਦੇ ਹਨ ਤੇ ਮੁਕਤੀ ਪ੍ਰਾਪਤ ਕਰ ਲੈਂਦੇ ਹਨ।

ਅਦ੍ਵੈਤ ਪ੍ਰਣਾਲੀ ਅਨੁਸਾਰ ਪੂਰਨ ਮੁਕਤੀ ਦੀ ਪ੍ਰਾਪਤੀ ਕੇਵਲ ਸ਼ੁਧ ਗਿਆਨ ਰਾਹੀਂ ਹੀ ਹੁੰਦੀ ਹੈ, ਉਹ ਵੀ ਨਿਰਾਕਾਰ ਦੇ ਗਿਆਨ ਨਾਲ, ਜਿਹੜੀ ਕਿ ਇਸ ਜੀਵਨ ਵਿਚ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਜਿਹੜੇ ਜਗਿਆਸੂ ਨਿਰਾਕਾਰ ਦੇ ਗਿਆਨ ਦੀ ਪ੍ਰਾਪਤੀ ਦੇ ਰਾਹ ਤੇ ਚਲਦੇ ਹਨ ਪਰ ਪ੍ਰਾਪਤੀ ਤੋਂ ਪਹਿਲਾਂ ਹੀ ਸਰੀਰ ਛੱਡ ਦਿੰਦੇ ਹਨ ਉਹ ਵੀ ਸਤਿ ਦੀ ਪ੍ਰਾਪਤੀ ਦੇ ਉਤਮ ਤੇ ਉਚ ਸਵਰਗ ਵਿਚ ਪਹੁੰਚ ਜਾਂਦੇ ਹਨ।

## ਸਲੋਕ ਬਾਰ੍ਹਵਾਂ

ਸੰਸਾਰਕ ਪਦਾਰਥ ਜਿਹੜੇ ਕਰਮ ਕਰਕੇ ਪ੍ਰਾਪਤ ਹੋਏ ਹਨ ਉਨ੍ਹਾਂ ਦੀ ਪਰਖ ਕਰਕੇ ਬ੍ਰਹਮਾ ਨੂੰ ਜਾਨਣ ਵਾਲਾ ਬਿਲਕੁਲ ਸ਼ਾਂਤ ਬੇਲਾਗ ਮੋਹ ਤੋਂ ਮੁਕਤ ਹੋ ਕੇ ਇਹ ਜਾਣ ਲੈਂਦਾ ਹੈ ਕਿ ਸਤਿ ਦੀ ਪ੍ਰਾਪਤੀ ਅਨੰਦ ਦੀ ਪ੍ਰਾਪਤੀ, ਕੇਵਲ ਕਰਮ ਕਰਨ ਨਾਲ ਨਹੀਂ ਹੋ ਜਾਂਦੀ। ਇਹ ਸਭ ਕੁਝ ਜਾਨਣ ਲਈ ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਨਿਮਾਣਾ ਹੋ ਕੇ ਗੁਰੂ ਚਰਨਾਂ ਤੇ ਢਹਿ ਪਵੇ ਉਹ ਗੁਰੂ ਜਿਹੜਾ ਸਮਰੱਥ ਹੋਵੇ।

ਵਾਸਤਵ ਵਿਚ ਜਗਿਆਸੂ ਦਾ ਮਾਰਗ ਦਰਸ਼ਨ ਕੀਤਾ ਗਿਆ ਹੈ, ਜਗਿਆਸੂ ਨੂੰ ਮੁਢਲੇ ਮਾਰਗ ਤੇ ਤੁਰਨਾ ਸਿਖਾਉਂਦਾ ਹੈ, ਇਸ ਤੋਂ ਬਾਅਦ ਹੀ ਜਗਿਆਸੂ ਗਿਆਨ ਪ੍ਰਾਪਤੀ ਕਰਦਾ ਹੈ, ਗ੍ਰੰਥਾਂ ਨੂੰ ਖੋਜਦਾ ਹੈ ਤੇ ਮੈਡੀਟੇਸ਼ਨ ਕਰਦਾ ਹੈ। ਇਹੋ ਜਿਹਾ ਅਭਿਲਾਸ਼ੀ ਸੰਸਾਰਕ ਮਨੋਵੇਗਾਂ ਤੋਂ ਮੁਕਤ ਹੁੰਦਾ ਹੈ। ਕੋਈ ਸੰਸਾਰਕ ਇੱਛਾ ਨਾ ਰਖਦੇ ਹੋਏ, ਮੋਹ ਤੋਂ ਮੁਕਤ ਹੋ ਕੇ ਉਹ ਅਧਿਆਤਮਕ ਗੁਰੂ ਕੋਲ ਗ੍ਰੰਥਾਂ ਦਾ ਗਿਆਨ ਪ੍ਰਾਪਤ ਕਰਨ ਜਾਂਦਾ ਹੈ ਉਹ ਗੁਰੂ ਜਿਹੜਾ ਸਮਰੱਥ ਹੈ।

ਜਗਿਆਸੂ ਨੂੰ ਕਦੀ ਵੀ ਸੰਵੇਗਕ ਦਬਾਅ ਦੇ ਥੱਲੇ ਆ ਕੇ ਜਾਂ ਅਸੁਰਖਿਅਤ ਮਹਿਸੂਸ ਕਰਕੇ ਗੁਰੂ ਕੋਲ ਨਹੀਂ ਜਾਣਾ ਚਾਹੀਦਾ। ਜਗਿਆਸੂ ਨੂੰ ਸੰਸਾਰ ਦਾ ਨਰੀਖਣ ਕਰਕੇ, ਸੰਸਾਰਕ ਪਦਾਰਥਾਂ ਦਾ ਨਰੀਖਣ ਕਰਕੇ, ਕਰਮ ਕਰਕੇ ਆਪਣੇ ਆਪ ਨੂੰ ਤਿਆਰ ਰੱਖਣਾ ਚਾਹੀਦਾ ਹੈ। ਚੰਗੇ ਕਰਮ ਸਦਾ ਚੰਗਾ ਹੀ ਫਲ ਦਿੰਦੇ ਹਨ। ਨਿਸੁਆਰਥ ਹੋ ਕੇ ਕੀਤੇ ਕਰਮ ਹੀ ਅਧਿਆਤਮਕਤਾ ਦਾ ਸਾਧਨ ਬਣਦੇ ਹਨ ਤੇ ਮੋਕਸ਼ ਪ੍ਰਾਪਤੀ ਲਈ ਪ੍ਰੇਰਤ ਕਰਦੇ ਹਨ।

ਦ੍ਰਿੜ੍ਹਤਾ ਨਾਲ, ਇਕ, ਕੇਵਲ ਇਕ ਨੂੰ ਪ੍ਰਾਪਤੀ ਦੀ ਇੱਛਾ ਲੈ ਕੇ ਹੀ ਜਗਿਆਸੂ ਨੂੰ ਗੁਰੂ ਕੋਲ ਜਾਣਾ ਚਾਹੀਦਾ ਹੈ। ਲੱਕੜੀਆਂ ਹੱਥ ਵਿਚ ਲੈ ਕੇ, ਲੱਕੜੀਆਂ ਤੋਂ ਭਾਵ ਹੈ ਕਿ ਤੁਹਾਡੇ ਪਿਛਲੇ ਸੰਸਕਾਰ ਜੇ ਕੋਈ ਹਨ ਮਾੜੇ ਸੰਸਕਾਰ ਵਿਸ਼ੇਸ਼ ਤੌਰ ਤੇ ਉਨ੍ਹਾਂ ਨੂੰ ਖਤਮ ਕੀਤਾ ਜਾਂਦਾ ਹੈ। ਇਹ ਗੁਰੂ ਜਿਹੜਾ ਪਹੁੰਚਿਆ ਹੋਵੇ, ਗੁਰੂ ਦੀ ਸਿਖਿਆ ਨਾਲ, ਗੁਰੂ ਕ੍ਰਿਪਾ ਨਾਲ ਹੀ ਹੁੰਦਾ ਹੈ। ਉਹ ਹੀ ਵਡਭਾਗੇ ਜਿਨ੍ਹਾਂ ਨੂੰ ਇਹੋ ਜਿਹਾ ਗੁਰੂ ਮਿਲ ਜਾਂਦਾ ਹੈ, ਇਹੋ ਜਿਹੇ ਗੁਰੂ ਦੀ ਪ੍ਰਾਪਤੀ ਹੀ ਤੁਹਾਡਾ ਪੁਨਰ ਜਨਮ ਹੈ।

ਗ੍ਰੰਥਾਂ ਦੇ ਅਨੁਸਾਰ ਤਿੰਨ ਦੇਵ ਕਹੇ ਗਏ ਹਨ ਪਹਿਲਾ ਮਾਤਾ, ਜੋ ਤੁਹਾਨੂੰ ਖਲਾਂਦੀ ਹੈ, ਸੇਵਾ ਕਰਦੀ ਹੈ, ਪਾਲਨ ਪੋਸ਼ਨ ਕਰਦੀ ਹੈ, ਆਪਣਾ ਪੂਰਾ-ਪੂਰਾ ਪਿਆਰ ਦਿੰਦੀ ਹੈ, ਵੱਡਾ ਕਰਦੀ ਹੈ। ਮਾਂ ਨੂੰ 'ਮਾਤ੍ਰੀ ਦੇਵ' ਕਿਹਾ ਗਿਆ ਹੈ। ਸੰਸਕ੍ਰਿਤ ਦੇ ਸ਼ਬਦ ਮਾਤ੍ਰੀ ਦਾ ਅਰਥ ਹੈ ਮਾਤਾ।

ਦੂਸਰਾ ਹੈ ਪਿਤਾ ਜਿਹੜਾ ਬੱਚੇ ਦੀ ਪਰਵ੍ਰਿਸ਼ ਨੂੰ ਦੇਖਦਾ ਹੈ। ਉਸ ਦਾ ਮਾਰਗ ਦਰਸ਼ਨ ਕਰਦਾ ਹੈ। ਪੂਰੀ ਸਮਰਥਾ ਨਾਲ ਪਿਆਰ ਨਾਲ। ਪਿਤਾ ਬੱਚੇ ਨੂੰ ਸੰਸਾਰਕ ਸਿਖਿਆ ਦਿੰਦਾ ਹੈ ਸੰਸਾਰ ਵਿਚ ਵਿਚਰਨਾ ਦਸਦਾ ਹੈ ਤੇ ਆਪਣੇ ਪੈਰਾਂ ਤੇ ਖੜ੍ਹਾ ਹੋਣਾ ਸਿਖਾਉਂਦਾ ਹੈ।

ਜਦੋਂ ਬੱਚਾ ਵੱਡਾ ਹੋ ਜਾਂਦਾ ਹੈ ਤੇ ਆਪਣੇ ਜੀਵਨ ਨੂੰ ਚੰਗੀ ਤਰ੍ਹਾਂ ਪਰਖਦਾ ਹੈ, ਉਹ ਸੰਸਾਰਕ ਖੁਸ਼ੀਆਂ ਨੂੰ ਦੇਖਦਾ ਹੈ ਤੇ ਜੀਵਨ ਦੇ ਦਵੰਦ ਨੂੰ ਸਮਝਦਾ ਹੈ, ਦੁੱਖ ਹੈ ਤੇ ਸੁਖ ਵੀ ਹੈ। ਦੋਨੋਂ ਨਾਲ-ਨਾਲ ਹੀ ਚਲਦੇ ਹਨ। ਇਕ ਗ੍ਰਹਿਸਤੀ ਹੋ ਕੇ ਇਹ ਸਭ ਦੇਖ ਕੇ ਉਹ ਦੁਖੀ ਹੁੰਦਾ ਹੈ ਕਿਉਂਕਿ ਇੰਦ੍ਰੀਆਂ ਦਾ ਸੁਖ ਤਾਂ ਛਿਨਭੰਗਰ ਦਾ ਹੀ ਹੈ, ਇਹ ਮੋਹ ਵਿਚ ਫਸਾਉਂਦਾ ਹੈ, ਇਹ ਦੁਖਦਾਈ ਹੈ ਤੇ ਆਤਮ ਮਾਰਗ ਤੇ ਬਾਧਾ ਹੈ।

ਜਦੋਂ ਉਹ ਇਸ ਦਾ ਵਿਸ਼ਲੇਸ਼ਣ ਕਰਦਾ ਹੈ ਉਹ ਇਸ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ ਮੋਹ ਤੋਂ ਮੁਕਤ ਹੋਣਾ ਚਾਹੁੰਦਾ ਹੈ, ਪਰ ਉਹ ਤਾਂ

ਗ੍ਰਹਿਸਤ ਵਿਚ ਹੀ ਜੰਮਿਆ ਪਲਿਆ ਹੈ। ਹੁਣ ਉਹ ਮਹਿਸੂਸ ਕਰਦਾ ਹੈ ਕਿ ਉਸ ਦਾ ਨਿਸ਼ਾਨਾ ਤਾਂ ਸਤਿ ਦੀ ਪ੍ਰਾਪਤੀ ਹੈ। ਇਹੋ ਜਿਹਾ ਜਗਿਆਸੂ ਫੇਰ ਗੁਰੂ ਦੀ ਭਾਲ ਕਰਦਾ ਹੈ ਉਹ ਗੁਰੂ ਜਿਹੜਾ ਉਸ ਨੂੰ ਅਧਿਆਤਮਵਾਦ ਦੀ ਸਿਖਿਆ ਦੇਵੇ, ਆਪੇ ਤੋਂ ਮੁਕਤ ਕਰੇ, ਪ੍ਰੇਮ ਦੀ ਮੂਰਤੀ ਹੋਵੇ ਕ੍ਰਿਪਾਲੂ ਦਿਆਲੂ ਹੋਵੇ।

ਇਕ ਬਹੁਤ ਹੀ ਉਚੀ ਸੁੱਚੀ ਕਹਾਵਤ ਹੈ, ਜਦੋਂ ਜਗਿਆਸੂ ਤਿਆਰ ਹੋ ਜਾਂਦਾ ਹੈ ਗੁਰੂ ਪ੍ਰਗਟ ਹੋ ਜਾਂਦਾ ਹੈ। ਗੁਰੂ ਢੂੰਡਣ ਤਾਂ ਐਵੇਂ ਹੀ ਜਾਂਦਾ ਹੈ ਪਰ ਜਗਿਆਸੂ ਬਹੁਤ ਹੀ ਮਹੱਤਵਪੂਰਨ ਹੈ। ਇਕੋ ਜਿਹਾ ਦਾ ਮੇਲ ਹੋ ਜਾਂਦਾ ਹੈ ਇਹ ਇਕ ਬਹੁਤ ਵੱਡਾ ਵਿਸ਼ਵ ਦਾ ਨਿਯਮ ਹੈ।

ਉਹ ਵਡਭਾਗੇ ਹਨ ਜਿਹੜੇ ਇਹ ਜਾਣ ਲੈਂਦੇ ਹਨ ਕਿ ਆਤਮ ਮਾਰਗ ਤੇ ਚੱਲਣਾ ਬਹੁਤ ਹੀ ਆਵਸ਼ਕ ਹੈ। ਦੂਸਰੇ ਕਿ ਉਸ ਨੂੰ ਗੁਰੂ ਦਾ ਮਿਲਾਪ ਹੋ ਜਾਵੇ। ਗੁਰੂ ਜਗਿਆਸੂ ਨੂੰ ਉਹ ਕੁਝ ਦਿੰਦਾ ਹੈ ਜਿਹੜਾ ਹੋਰ ਕੋਈ ਨਹੀਂ ਦੇ ਸਕਦਾ। ਗੁਰੂ ਕ੍ਰਿਪਾ ਨਾਲ ਹੀ ਸਮਰੱਥ ਗੁਰੂ ਦੀ ਪ੍ਰਾਪਤੀ ਹੁੰਦੀ ਹੈ।

ਅੱਜ ਦੇ ਸੰਸਾਰ ਵਿਚ ਸ਼ੋਸ਼ਣ ਬਹੁਤ ਹੀ ਵੱਧ ਗਿਆ ਹੈ, ਐਸਾ ਦੁਰ ਉਪਯੋਗ ਕਿ ਅੱਜ ਗੁਰੂ ਵਧੇਰੇ ਤੇ ਜਗਿਆਸੂ ਘੱਟ ਹਨ। ਗੁਰੂ ਸ਼ਿਸ਼ਾਂ ਦੀ, ਜਗਿਆਸੂਆਂ ਦੀ ਭਾਲ ਵਿਚ ਵਧੇਰੇ ਹਨ। ਜਗਿਆਸੂ ਏਨੇ ਗੁਰੂ ਦੀ ਭਾਲ ਵਿਚ ਨਹੀਂ। ਇਹ ਹੀ ਇਕ ਕਲਯੁਗ ਦੀ ਨਿਸ਼ਾਨੀ ਹੈ ਤੇ ਕਲਜੁੱਗ ਵਿਚ ਹੀ ਅੰਨਾ ਅੰਨੇ ਨੂੰ ਰਾਹ ਦਿਖਾ ਰਿਹਾ ਹੈ ਤੇ ਦੋਨਾਂ ਦਾ ਹੀ ਪੱਤਣ ਹੋ ਜਾਂਦਾ ਹੈ ਤੇ ਕਿਸੇ ਦੀ ਵੀ ਮੁਕਤੀ ਨਹੀਂ ਹੁੰਦੀ।

## ਸਲੋਕ ਤੇਰ੍ਹਾਂ

ਉਹ ਸਮਰੱਥ ਗੁਰੂ ਬ੍ਰਹਮ ਵਿਦਿਆ, ਬ੍ਰਹਮ ਦਾ ਗਿਆਨ, ਜਗਿਆਸੂ ਨੂੰ ਸ਼ਿਸ਼ ਨੂੰ ਦਿੰਦਾ ਹੈ, ਉਸ ਜਗਿਆਸੂ ਨੂੰ ਜਿਹੜਾ ਗੁਰੂ ਦੀ ਸ਼ਰਣ ਜਾਂਦਾ ਹੈ, ਜਿਸ ਦਾ ਮਨ ਸ਼ਾਂਤ ਹੈ, ਟਿਕਿਆ ਹੋਇਆ ਹੈ ਜਿਹੜਾ ਆਪਣੇ ਆਪ ਨੂੰ ਪੂਰੀ ਤਰ੍ਹਾਂ ਅਨੁਸਾਸ਼ਨ ਵਿਚ ਲਿਆ ਚੁੱਕਿਆ ਹੈ। ਇਹੋ ਜਿਹਾ ਜਗਿਆਸੂ ਸਤਿ ਪੁਰਖ ਨੂੰ ਜਾਣ ਲੈਂਦਾ ਹੈ, ਸਤਿ ਨੂੰ ਪਛਾਣ ਲੈਂਦਾ ਹੈ, ਪਵਿੱਤਰ ਆਤਮਾ ਨੂੰ ਜਾਣ ਲੈਂਦਾ ਹੈ।

ਜਦੋਂ ਜਗਿਆਸੂ ਦਾ ਮਨ ਆਤਮ ਮਾਰਗ ਤੇ ਚੱਲ ਕੇ ਅਧਿਆਤਮਕ ਅਭਿਆਸ ਕਰਕੇ ਬਿਲਕੁਲ ਨਿਰਮਲ ਹੋ ਜਾਂਦਾ ਹੈ। ਉਹ ਅਭਿਆਸ ਜੋ ਗੁਰੂ

ਨੇ ਦਿਤਾ ਹੈ ਤੇ ਜਿਸ ਨਾਲ ਮਨ ਸ਼ਾਂਤ ਹੋ ਜਾਂਦਾ ਹੈ। ਸਮਾਨਤਾ ਵਿਚ ਆ ਜਾਂਦਾ ਹੈ ਉਸ ਤੋਂ ਬਾਅਦ ਸਰਵੋਤਮ ਵਿਗਿਆਨ, ਬ੍ਰਹਮ ਦਾ ਵਿਗਿਆਨ ਦਿਤਾ ਜਾਂਦਾ ਹੈ। ਇਹ ਵਿਗਿਆਨ ਸਾਰੇ ਵਿਗਿਆਨਾਂ ਦੀ ਜੜ੍ਹ ਹੈ, ਨੀਂਹ ਹੈ ਗੁਰੂ ਇਸ ਵਿਗਿਆਨ ਦੀ ਦਾਤ ਜਗਿਆਸੂ ਨੂੰ ਬਖਸ਼ਦਾ ਹੈ।

ਜਿਹੜੇ ਅਧਿਆਤਮ ਦੇ ਮਾਰਗ ਤੇ ਸੱਚੇ ਮਨ ਨਾਲ ਦ੍ਰਿੜ੍ਹ ਵਿਸ਼ਵਾਸ਼ ਨਾਲ ਚਲਦੇ ਹਨ ਉਨ੍ਹਾਂ ਨੂੰ ਪਹਿਲੇ ਕੁਝ ਪ੍ਰਾਰੰਭਕ ਚੀਜ਼ਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ ਸਭ ਤੋਂ ਪਹਿਲਾਂ ਮਨ ਸ਼ਾਂਤ ਕਰਨਾ ਪੈਂਦਾ ਹੈ ਜਿਹੜਾ ਕਿ ਐਨਾ ਸੌਖਾ ਨਹੀਂ ਹੈ ਮਨ ਸ਼ਾਂਤ ਕਰਨ ਲਈ ਇਹ ਸਿੱਖਣਾ ਪੈਂਦਾ ਹੈ ਕਿ ਇੰਦ੍ਰੀਆਂ ਨੂੰ ਸੰਸਾਰ ਤੋਂ ਪਰ੍ਹੇ ਕੀਤਾ ਜਾਵੇ, ਸੰਸਾਰਕ ਖੇਡ ਤਮਾਸ਼ਿਆਂ ਤੋਂ ਕਿਵੇਂ ਆਪਣੇ ਆਪ ਨੂੰ ਇਕ ਪਾਸੇ ਕੀਤਾ ਜਾਵੇ।

ਇਸ ਸਲੋਕ ਵਿਚ ਗੁਰੂ ਨੂੰ ਵੀ ਸਿਖਿਆ ਦਿਤੀ ਗਈ ਹੈ, ਗੁਰੂ ਨੂੰ ਇਹ ਦੱਸਿਆ ਗਿਆ ਹੈ ਕਿ ਸਿਆਣਾ ਗੁਰੂ ਉਹ ਹੀ ਹੈ ਜਿਹੜਾ ਬ੍ਰਹਮ ਗਿਆਨ ਗੰਦੇ ਭਾਂਡੇ ਵਿਚ ਨਹੀਂ ਪਾਉਂਦਾ। ਨਾ ਹੀ ਉਸ ਸ਼ਿਸ਼ ਨੂੰ ਪ੍ਰਦਾਨ ਕਰਦਾ ਹੈ ਜਿਹੜਾ ਅਜੇ ਤਿਆਰ ਨਹੀਂ ਹੈ, ਨਾ ਹੀ ਉਸ ਨੂੰ ਦਿੰਦਾ ਹੈ ਜਿਹੜਾ ਆਪਣੇ ਕਾਬੂ ਨਹੀਂ ਹੈ। ਸਮਰੱਥ ਗੁਰੂ ਬ੍ਰਹਮ ਗਿਆਨ ਦਾ ਸਰਵੋਤਮ ਵਿਗਿਆਨ ਵਿਧੀਪੂਰਵਕ ਦਿੰਦਾ ਹੈ ਜਿਸ ਨਾਲ ਉਹ ਸਤਿ ਦੀ ਪ੍ਰਾਪਤੀ ਕਰ ਲੈਂਦਾ ਹੈ, ਅਟੱਲ ਅਜਰ, ਅਮਰ ਦੀ ਪ੍ਰਾਪਤੀ ਕਰ ਲੈਂਦਾ ਹੈ, ਕਾਬਲ ਮੁਰਸ਼ਦ ਪ੍ਰੈਕਟੀਕਲ ਤੇ ਸਿਧਾਂਤ ਦੋਨਾਂ ਵਿਚ ਹੀ ਮੁਰੀਦ ਨੂੰ ਪਰਪੱਕ ਕਰਦਾ ਹੈ।

ਇਸ ਸਲੋਕ ਵਿਚ 'ਪੁਰਸ਼' ਸ਼ਬਦ ਤੋਂ ਭਾਵ ਹੈ ਕਿ ਪਹਿਲੇ ਅੰਤਰ ਧਿਆਨ ਹੋ ਕੇ ਮੈਡੀਟੇਸ਼ਨ ਕਰਨੀ ਚਾਹੀਦੀ ਹੈ ਜਿਸ ਨਾਲ ਉਸ ਨੂੰ ਆਤਮਾ ਦੀ ਹੋਂਦ ਦਾ ਪਤਾ ਲਗਦਾ ਹੈ। 'ਪੁਰਸ਼' ਸ਼ਬਦ ਦੇ ਅਰਥ ਹਨ। ਉਹ ਜਿਹੜਾ ਜੀਵਨ ਦੇ ਨਗਰ ਵਿਚ ਸੁੱਤਾ ਹੋਇਆ ਹੈ। ਇਸ ਤੋਂ ਭਾਵ ਹੈ ਕਿ ਜਗਿਆਸੂ ਮੈਡੀਟੇਸ਼ਨ ਤੇ ਸਿਮਰਨ ਦਾ ਮਾਰਗ ਸਿੱਖ ਲੈਂਦਾ ਹੈ ਉਸ ਤੇ ਤੁਰ ਪੈਂਦਾ ਹੈ।

ਵਰਤਮਾਨ ਸਮੇਂ ਦੇ ਬਹੁਤ ਸਾਰੇ ਅਧਿਆਤਮਕ ਗੁਰੂ ਸੋਚਦੇ ਹਨ ਕਿ ਜਗਿਆਸੂ ਨੂੰ ਗ੍ਰੰਥ ਪੜ੍ਹਾ ਕੇ ਸਤਿ ਤਕ ਪਹੁੰਚਾ ਸਕਦੇ ਹਨ, ਪਰ ਇਹ ਸੱਚ ਨਹੀਂ, ਨਿਯਮ ਅਨੁਸਾਰ ਜੁਗਤ ਤੋਂ ਬਿਨਾਂ ਕੀਤੀ ਮੈਡੀਟੇਸ਼ਨ ਸਿਮਰਨ ਭਜਨ ਅਰਦਾਸ ਨਾਲ ਤੁਸੀਂ ਅਜਰ, ਅਮਰ, ਅਟੱਲ ਆਤਮਾ ਤਕ ਨਹੀਂ ਪਹੁੰਚ ਸਕਦੇ। ਉਹ ਆਤਮਾ ਜਿਹੜੀ ਮਨੁੱਖ ਰੂਪੀ ਨਗਰ ਅੰਦਰ ਸੁੱਤੀ ਪਈ

ਹੈ।

ਇਹ ਨੂਰਾਨੀ ਤੇਜਮਈ ਆਤਮਾ ਤਾਂ ਧੁੰਦ ਲਾਈ ਰਹਿੰਦੀ ਹੈ ਕਿਉਂਕਿ ਇਹ ਤਾਂ ਮਨੁੱਖ ਦੀਆਂ ਇੰਦ੍ਰੀਆਂ ਹੇਠਾਂ ਉਸ ਦੇ ਸ੍ਵਾਸ ਦੇ ਹੇਠਾਂ, ਮਨ, ਸੁਚੇਤ ਤੇ ਅਚੇਤ ਮਨ ਦੇ ਪਿਛੇ ਹੀ ਦੱਬੀ ਰਹਿੰਦੀ ਹੈ। ਇਸ ਤੋਂ ਅੱਗੇ ਦਾ ਰਾਹ ਤਾਂ ਗੁਰੂ ਹੀ ਜਗਿਆਸੂ ਨੂੰ ਦਸਦਾ ਹੈ.

ਨਿਰੁਕਤਕ ਪੱਖੋ 'ਪੁਰਸ਼' ਸ਼ਬਦ ਦੇ ਅਰਥ ਹਨ ਉਹ ਜਿਹੜਾ ਸਰੀਰ ਵਿਚ ਪੂਰੀ ਤਰ੍ਹਾਂ ਭਰਪੂਰ ਵਰਤ ਰਿਹਾ ਹੈ। "ਪੂਰਨ-ਅਤਵਤ" ਸਾਰੇ ਹੀ ਜਗਿਆਸੂਆਂ ਨੂੰ ਨਿੱਜੀ ਰੱਬ ਦੀ ਲੋੜ ਹੁੰਦੀ ਹੈ ਵਾਸਤਵ ਵਿਚ ਇਹ ਗੁਰੂ ਤੁਹਾਡੇ ਅੰਦਰ ਵਸਦੀ ਆਤਮਾ ਹੀ ਹੁੰਦੀ ਹੈ ਤੇ ਅੰਤ ਵਿਚ ਮਨੁਖ ਨੂੰ ਇਹ ਹੀ ਗਿਆਨ ਹੁੰਦਾ ਹੈ ਕਿ ਆਤਮਾ ਹੀ ਬ੍ਰਹਮ ਹੈ। ਪੁਰਸ਼ ਸ਼ਬਦ ਮਨੁੱਖ ਲਈ ਵੀ ਵਰਤਿਆ ਜਾਂਦਾ ਹੈ। ਵਾਸਤਵ ਵਿਚ ਅਸੀਂ ਸਾਰੇ ਹੀ ਪੁਰਸ਼ ਹਾਂ ਸ਼ਰਤ ਇਸ ਗੱਲਦੀ ਹੈ ਕਿ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਅੰਦਰ ਦੀ ਆਤਮਾ ਸੁਤੀ ਪਈ ਹੈ। ਇਹ ਜਾਣ ਕੇ ਅਸੀਂ ਮਿਹਨਤ ਕਰੀਏ, ਕੋਸ਼ਿਸ਼ ਕਰੀਏ ਕਿ ਅਸੀਂ ਪਤਾ ਕਰ ਲਈਏ ਕਿ ਚੇਤਨ ਬਿੰਦੂ ਕੀ ਹੈ ਤੇ ਇਹ ਹੀ ਸਾਨੂੰ ਬੰਧਨਾਂ ਤੋਂ ਮੁਕਤ ਕਰਦਾ ਹੈ।

ਸਾਡੇ ਅੰਦਰ ਦਾ ਪੁਰਸ਼ ਹੀ ਸਾਡੇ ਜੀਵਨ ਦਾ ਧੇਅ ਹੈ ਸਾਡਾ ਆਸਰਾ ਹੈ ਇਸ ਤੋਂ ਬਿਨਾਂ ਸਰੀਰ ਚਲ ਹੀ ਨਹੀਂ ਸਕਦਾ ਜਦੋਂ ਆਤਮਾ ਸਰੀਰ ਛੱਡ ਦਿੰਦੀ ਹੈ, ਬਾਹਰ ਦਾ ਚੋਲਾ ਛੱਡ ਦਿੰਦੀ ਹੈ, ਸਰੀਰ ਮਿੱਟੀ ਹੋ ਜਾਂਦਾ ਹੈ। ਬਹੁਤ ਸਾਰੇ ਆਮ ਆਦਮੀ ਸਰੀਰ ਦੇ ਪੁਜਾਰੀ ਹਨ। ਸਰੀਰ ਨੂੰ ਸਭ ਕੁਝ ਮੰਨਦੇ ਹਨ ਉਹ ਅੰਦਰ ਵਸਦੇ ਪੁਰਸ਼ ਨੂੰ ਉਸ ਬਾਰੇ ਜਾਣਦੇ ਹੀ ਨਹੀਂ। ਉਹ ਸਰੀਰ ਦਾ ਪਾਲਨ ਪੋਸ਼ਨ ਸਰੀਰ ਦੀ ਦੇਖਭਾਲ ਕਰਦੇ ਹਨ, ਇਸ ਨੂੰ ਚੰਗਾ ਖਾਣ ਪੀਣ ਨੂੰ ਦਿੰਦੇ, ਪੂਰਾ ਆਰਾਮ ਦਿੰਦੇ ਹਨ। ਜਦੋਂ ਜਗਿਆਸੂ ਨੂੰ ਅੰਤਰ ਆਤਮਾ ਦਾ ਪਤਾ ਲਗਦਾ ਹੈ ਉਹ ਮਨ, ਇੰਦ੍ਰੀਆਂ, ਸ੍ਵਾਸਾਂ ਨੂੰ ਸਰੀਰ ਨੂੰ ਇਕ ਜੰਤਰ ਇਕ ਵਸੀਲਾ ਜਾਣ ਕੇ ਆਤਮਾ ਤਕ ਪਹੁੰਚਣ ਦਾ ਯਤਨ ਕਰਦਾ ਹੈ। ਉਸ ਨੂੰ ਜਾਣਦਾ ਤੇ ਪਛਾਣਦਾ ਹੈ। ਇਹੋ ਜਿਹਾ ਜਗਿਆਸੂ ਹਰ ਦੁਖ ਸੰਤਾਪ ਤੋਂ ਦੂਰ ਰਹਿੰਦਾ ਹੈ ਤੇ ਆਤਮਕ ਪੱਧਰ ਤੇ ਹੀ ਵਿਚਰਦਾ ਹੈ ਤੇ ਨਿਰਭਉ ਰਹਿੰਦਾ ਹੈ।

ਇਹ ਪਹਿਲੇ ਅਧਿਆਇ ਦਾ ਅੰਤ ਹੈ।

# ਅਧਿਆਇ – ਦੂਸਰਾ

## ਸ਼ਲੋਕ ਪਹਿਲਾ

ਇਹ ਇਕ ਸਚਾਈ ਹੈ ਜਿਵੇਂ ਇਕ ਅੱਗ ਤੋਂ ਅਨੇਕਾਂ ਅੰਗਿਆਰੇ ਨਿਕਲਦੇ ਹਨ ਬਿਲਕੁਲ ਇਸੇ ਤਰ੍ਹਾਂ ਹੀ ਬਹੁ ਪੱਖੀ ਸੰਸਾਰ ਵੀ ਉਸ ਇਕ ਤੋਂ ਹੀ ਅਜਰ, ਅਮਰ ਅਟੱਲ ਤੋਂ ਹੀ ਨਿਕਲਦਾ ਹੈ ਤੇ ਉਸੇ ਵਿਚ ਹੀ ਜਾ ਮਿਲਦਾ ਹੈ।

ਇਸ ਸਲੋਕ ਦਾ ਸ਼ੁਰੂ ਇਸ ਸ਼ਬਦ ਨਾਲ ਹੁੰਦਾ ਹੈ ਇਹ ਸੱਚ ਹੈ। ਜਿਵੇਂ ਅੱਗ ਵਿਚੋਂ ਅਨੇਕਾਂ ਅੰਗਾਰੇ ਉਠਦੇ ਹਨ, ਇਸੇ ਤਰ੍ਹਾਂ ਹੀ ਵਿਸ਼ਵ ਹੈ ਮੇਰੇ ਪਿਆਰੇ! ਬਹੁਤ ਸਾਰੀਆਂ ਰਚਨਾ ਬਹੁਤ ਸਾਰੇ ਪੰਖੇਰੂ ਪਸ਼ੂ ਜਿਨ੍ਹਾਂ ਦੇ ਵੱਖ ਵੱਖ ਨਾਮ ਹਨ ਉਸ ਇਕ ਸਤਿ ਉਸ ਇਕ ਤੋਂ ਪੈਦਾ ਹੋਏ ਹਨ ਤੇ ਉਨ੍ਹਾਂ ਨੇ ਉਸ ਸਤਿ ਵਿਚ ਹੀ ਜਾ ਮਿਲਣਾ ਹੈ।

ਪਰਮ ਸਤਿ ਤੋਂ ਭਾਵ ਹੈ – ਜੋ ਕਰਤਾ ਪੁਰਖ ਹੈ, ਆਪਣੇ ਆਪ ਵਿਚ ਸੰਪੂਰਣ ਹੈ। ਜਿਹੜਾ ਨਾ ਕਦੀ ਪੈਦਾ ਹੋਇਆ ਸੀ, ਨਾ ਹੀ ਕਦੇ ਉਸ ਦਾ ਅੰਤ ਹੋਣਾ ਹੈ।

2. ਜਿਹੜਾ ਅਜਰ ਹੈ, ਅਮਰ ਹੈ, ਅਟੱਲ ਹੈ, ਅਬਿਨਾਸ਼ੀ ਹੈ।

3. ਕੇਵਲ ਉਸ ਦੀ ਸੱਤਾ ਹੀ ਹੈ ਕਿ ਉਹ ਮੁਕਤ ਕਰਦਾ ਹੈ। ਇਹ ਬਿਲਕੁਲ ਠੀਕ ਹੈ, ਮਨੁੱਖੀ ਜੀਵਨ ਦਾ ਅਰਥ ਕੇਵਲ ਮੁਕਤੀ ਪ੍ਰਾਪਤੀ ਹੀ ਹੈ, ਪਰ ਜਗਿਆਸੂ ਨੂੰ ਆਪਣੇ ਅੱਗੇ ਇਕ ਉਚੀ ਸਾਰੀ ਕੰਧ ਖੜ੍ਹੀ ਦਿਸਦੀ ਹੈ। ਜਦੋਂ ਤਕ ਮਨੁੱਖ ਨੂੰ ਆਪਣੇ ਅੰਦਰ ਦੀ ਆਤਮਾ ਦਾ ਗਿਆਨ ਨਹੀਂ ਹੁੰਦਾ ਆਪਣੇ ਅੰਤਰ ਦੇ ਚੇਤਨ ਬਿੰਦੂ ਦਾ ਪਤਾ ਨਹੀਂ ਲਗਦਾ ਉਦੋਂ ਤਕ ਉਸ ਦਾ ਮਨ ਤੇ ਇੰਦ੍ਰੀਆਂ ਉਸ ਨੂੰ ਬਾਹਰੀ ਸੰਸਾਰ ਵਲ ਹੀ ਧੱਕਦੀਆਂ ਰਹਿਣਗੀਆਂ। ਉਹ ਸੰਸਾਰ ਜਿਹੜਾ ਖਿੰਡਿਆ ਹੋਇਆ ਹੈ ਜਿਹੜਾ ਛਿਨ ਭੰਗਰ ਹੈ ਜਿਹੜਾ ਵਿਰੂਪਤ ਹੈ, ਕਰੂਪ ਹੈ।

ਜਦੋਂ ਜਗਿਆਸੂ ਆਪਣੇ ਮਨ ਨੂੰ ਸੋਧ ਲੈਂਦਾ ਹੈ। ਸਤਿ ਨੂੰ ਜਾਣ ਲੈਂਦਾ ਹੈ ਤੇ ਸੰਸਾਰ ਵਿਚ ਬਿਲਕੁਲ ਇਸ ਤਰ੍ਹਾਂ ਨਾਲ ਰਹਿਣ ਲਗ ਪੈਂਦਾ ਹੈ ਜਿਵੇਂ ਜਲ ਵਿਚ ਕਮਲ ਰਹਿੰਦਾ ਹੈ, ਕਮਲ ਪਾਣੀ ਵਿਚ ਪੈਦਾ ਹੋ ਕੇ ਰਹਿੰਦੇ ਹੋਏ ਵੀ ਕਦੀ ਵੀ ਪਾਣੀ ਨੂੰ ਛੂੰਹਦਾ ਨਹੀਂ, ਕਦੀ ਉਸ ਨਾਲ ਮਿਲਦਾ ਨਹੀਂ। ਇਹ ਹੀ ਇਕ ਤਰੀਕਾ ਹੈ ਸੰਸਾਰ ਵਿਚ ਰਹਿਣ ਦਾ ਜਿਸ ਦਾ ਅਭਿਆਸ ਕਰਨਾ ਚਾਹੀਦਾ ਹੈ। ਸੰਸਾਰ ਵਿਚ ਮੋਹ ਪਾ ਕੇ ਰਹਿਣ ਦਾ

ਤਰੀਕਾ ਨਹੀਂ ਹੈ, ਪ੍ਰੇਮ ਤੇ ਮੋਹ ਦੋ ਬਿਲਕੁਲ ਵੱਖ-ਵੱਖ ਚੀਜ਼ਾਂ ਹਨ, ਮੋਹ ਮਨੁਖੀ ਵਿਅਕਤੀਤਵ ਨੂੰ ਛੋਟਾ ਕਰਦਾ ਹੈ, ਭੀੜਾ ਕਰਦਾ ਹੈ, ਪ੍ਰੇਮ ਤੁਹਾਡੇ ਵਿਅਕਤੀਤ੍ਵ ਨੂੰ ਵਿਸ਼ਾਲ ਕਰਦਾ ਹੈ।

ਬਹੁਤ ਸਾਰੇ ਲੋਕ ਸੋਚਦੇ ਹਨ ਕਿ ਉਹ ਮੋਹ ਤੋਂ ਬਿਨਾਂ ਜੀ ਹੀ ਨਹੀਂ ਸਕਦੇ। ਇਹ ਸੱਚ ਹੈ ਕਿਉਂਕਿ ਉਹ ਥੋੜ੍ਹੀ ਦੇਰ ਲਈ ਠੀਕ ਰਹਿੰਦੇ ਹਨ, ਬਚਦੇ ਹਨ ਪਰ ਅੰਤ ਵਿਚ ਮੋਹ ਦੇ ਗ੍ਰਸੇ ਹੋਏ ਉਹ ਬਰਬਾਦ ਹੋ ਜਾਂਦੇ ਹਨ। ਮੋਹ ਇਕ ਰਾਤ ਦੇ ਹਨ੍ਹੇਰੇ ਦੇ ਪੜਦੇ ਦੀ ਤਰ੍ਹਾਂ ਹੈ, ਉਸ ਦੀ ਤਰ੍ਹਾਂ ਹੈ ਜਿਹੜਾ ਰਾਤ ਦੇ ਹਨ੍ਹੇਰੇ ਵਿਚ ਹੀ ਕਰਮ ਕਰਦਾ ਹੈ, ਦਿਨ ਦੇ ਚਾਨਣ ਵਿਚ ਨਹੀਂ। ਜਿਹੜੇ ਮੋਹ ਤੇ ਪਿਆਰ ਦੇ ਅੰਤਰ ਨੂੰ ਸਮਝਦੇ ਹਨ, ਜਾਣਦੇ ਹਨ ਕਿ ਮੋਹ ਇਕ ਲਾਲਚ ਹੈ, ਪਿਆਰ ਪ੍ਰੇਮ ਇਕ, ਨਿਰਸੁਆਰਥ ਹੋ ਕੇ ਦੇਣਾ ਹੈ। ਪਿਆਰ ਦੇਣ ਦੀ ਸ਼ਕਤੀ ਹੈ। ਪ੍ਰੇਮ ਉਹ ਸ਼ਕਤੀ ਹੈ ਜਿਹੜੀ ਤੁਹਾਨੂੰ ਮੁਕਤ ਕਰਦੀ ਹੈ ਤੇ ਮੁਕਤ ਕਰਨ ਦੇ ਜਿਸ ਵਿਚ ਗੁਣ ਹਨ। ਪ੍ਰਮਾਤਮਾ ਨਾਲ ਪਿਆਰ ਤੇ ਸੰਸਾਰ ਲੋਭ ਲਈ ਮੋਹ ਰੱਖਣਾ ਦੋ ਬਿਲਕੁਲ ਵੱਖ ਹਨ ਤੇ ਇਨ੍ਹਾਂ ਦੇ ਨਤੀਜੇ ਵੀ ਵੱਖ ਹੀ ਹਨ। ਜਦੋਂ ਸੰਸਾਰ ਵਿਚ ਰਹਿੰਦੇ ਤੁਸੀਂ ਆਪਣੇ ਫਰਜ਼, ਆਪਣੀਆਂ ਜ਼ਿੰਮੇਵਾਰੀਆਂ ਪਿਆਰ ਨਾਲ ਕਰਨ ਲਗ ਪੈਂਦੇ ਹੋ, ਜੁਗਤ ਨਾਲ ਕਰਨ ਲਗ ਪੈਂਦੇ ਹੋ, ਉਦੋਂ ਤੁਸੀਂ ਮੋਹ ਤੋਂ ਮੁਕਤ ਹੋ ਜਾਂਦੇ ਹੋ, ਕਿਸੇ ਚੀਜ਼ ਦਾ ਤੁਹਾਡੇ ਉਤੇ ਪ੍ਰਭਾਵ ਨਹੀਂ ਪੈਂਦਾ ਤੇ ਕਰਮ ਦੇ ਬੰਧਨ ਤੋਂ ਵੀ ਛੁਟ ਜਾਂਦੇ ਹੋ ਤੇ ਕਰਮ ਦੇ ਫਲ ਤੋਂ ਵੀ ਮੁਕਤ ਹੋ ਜਾਂਦੇ ਹੋ। ਇਹੋ ਜਿਹੇ ਮਨੁੱਖ ਇਹ ਵੀ ਜਾਣਦੇ ਹਨ ਕਿ ਭਾਵੇਂ ਮੋਹ ਸਾਰੇ ਸੰਤਾਪ ਦਾ ਕਾਰਣ ਹੈ, ਪਿਆਰ ਹੀ ਜੀਵਨ ਹੈ, ਪਿਆਰ ਹੀ ਮੁਕਤੀ ਦਾ ਸਾਧਨ ਹੈ, ਪ੍ਰੇਮ ਹੀ ਸੁਖਮਈ ਹੈ ਹਰ ਹਾਲਤ ਵਿਚ ਪ੍ਰੇਮ ਹੀ ਜੀਵਨ ਦਾ ਸੁਖ ਹੈ। ਗੁਰੂ ਸਾਹਿਬ ਨੇ ਫਰਮਾਇਆ ਹੈ, 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।"

ਜਦੋਂ ਜਗਿਆਸੂ ਨੂੰ ਜੀਵਨ ਵਿਚ ਪੂਰਾ-ਪੂਰਾ ਵਿਸ਼ਵਾਸ਼ ਹੋਵੇ, ਅੰਤਰ ਆਤਮਾ ਵਿਚ ਵਿਸ਼ਵਾਸ਼ ਹੋਵੇ ਜਿਹੜੀ ਅੰਦਰ ਵਸਦੀ ਹੈ ਫੇਰ ਉਹ ਅੰਤਰ ਜਾਣ ਜਾਂਦਾ ਹੈ। ਅੰਦਰੋਂ ਨਿਕਲਦੀ ਆਵਾਜ਼ ਜਾਣ ਜਾਂਦਾ ਹੈ ਇਹ ਵੀ ਜਾਣਦਾ ਹੈ ਕਿ ਇਹ ਆਵਾਜ਼ ਬ੍ਰਹਮ ਦੀ ਆਵਾਜ਼ ਹੈ।

ਭੌਤਿਕ ਵਿਗਿਆਨ ਸਾਨੂੰ ਦਸਦਾ ਹੈ ਕਿ ਜੀਵਨ ਇਕ ਅਣੂ ਦੀ ਤਰ੍ਹਾਂ ਹੈ ਜਾਂ ਕਹਿ ਲਵੋ ਇਕ ਲਹਿਰ ਦੀ ਤਰ੍ਹਾਂ ਹੈ। ਉਪਨਿਸ਼ਦ ਵੀ ਕਹਿੰਦੇ ਹਨ ਕਿ ਜੀਵਨ ਇਕ ਅਨੰਦਮਈ ਲਹਿਰ ਹੈ, ਜੀਵਨ ਇਕ ਸਾਗਰ ਹੈ ਹਰ ਇਕ ਲਹਿਰ ਜੀਵਨ ਵਿਚੋਂ ਉਠ ਕੇ ਜੀਵਨ ਵਿਚ ਹੀ ਸਮਾ ਜਾਂਦੀ ਹੈ।

ਅਦ੍ਵੈਤ ਅਨੁਸਾਰ ਨਾ ਕੋਈ ਜੀਵਨ ਹੈ ਨਾ ਕੋਈ ਮੌਤ। ਜੀਵਨ ਸ਼ਕਤੀ ਨਾ ਮਰਦੀ ਹੈ ਨਾ ਜੰਮਦੀ ਹੈ। ਜਦੋਂ ਜਗਿਆਸੂ ਪੂਰੀ ਤਰ੍ਹਾਂ ਆਤਮਾ ਵਿਚ ਵਿਸ਼ਵਾਸ਼ ਰੱਖਣ ਲਗ ਪੈਂਦਾ ਹੈ, ਜਦੋਂ ਉਹ ਆਪਣੇ ਆਪ ਨੂੰ ਪੂਰਨ ਮੰਨਣ ਲਗ ਪੈਂਦਾ ਹੈ, ਕੇਵਲ ਪ੍ਰਮਾਤਮਾ ਦਾ ਹਿੱਸਾ ਹੀ ਨਹੀਂ ਮੰਨਦਾ, ਉਸ ਸਤਿ ਵਿਚ ਸਮਾਅ ਜਾਂਦਾ ਹੈ ਫੇਰ ਉਹ ਉਸ ਅਜਰ ਅਮਰ ਅਨੁਭਵ ਨੂੰ ਪ੍ਰਾਪਤ ਹੋ ਜਾਂਦਾ ਹੈ।

## ਸਲੋਕ ਦੂਸਰਾ

ਪੁਰਸ਼ ਜਿਹੜਾ ਉਤਮ ਚੇਤਨਾ ਹੈ, ਉਹ ਪ੍ਰਕਾਸ਼ਮਈ ਹੈ, ਨੂਰਾਨੀ ਹੈ, ਨਿਰਾਕਾਰ ਹੈ, ਅਜੂਨੀ ਸੈਭੰ ਹੈ, ਉਹ ਸਰਬ ਵਿਆਪਕ ਹੈ, ਪੂਰੇ ਵਿਸ਼ਵ ਵਿਚ ਉਸ ਦਾ ਪਸਾਰਾ ਹੈ, ਉਹ ਪੂਰੀ ਤਰ੍ਹਾਂ ਨਾਲ ਭਰਪੂਰ ਸਮਾਇਆ ਹੋਇਆ ਹੈ। ਉਹ ਹਰ ਤਰ੍ਹਾਂ ਨਾਲ ਪ੍ਰਾਣਾਂ ਤੋਂ ਮਨ ਤੋਂ ਪਰ੍ਹੇ ਹੈ, ਉਹ ਸੰਪੂਰਣ ਹੈ ਤੇ ਹਰ ਪ੍ਰਕਾਰ ਨਾਲ ਸ਼ੁਧ ਤੇ ਪਵਿੱਤਰ ਹੈ।

ਜਦੋਂ ਜਗਿਆਸੂ, ਭਜਨ ਸਿਮਰਨ ਕਰਕੇ ਮੈਡੀਟੇਸ਼ਨ ਕਰਕੇ ਮਾਇਆ ਜਾਲ ਨੂੰ ਪਾਰ ਕਰ ਲੈਂਦਾ ਹੈ, ਅਗਿਆਨ ਤੋਂ ਦੂਰ ਹੋ ਜਾਂਦਾ ਹੈ ਉਹ ਅਗਿਆਨ ਜਿਹੜਾ ਉਸ ਨੇ ਆਪ ਹੀ ਆਪਣੇ ਆਲੇ ਦੁਆਲੇ ਇਕੱਠਾ ਕੀਤਾ ਹੁੰਦਾ ਹੈ, ਉਹ ਖਤਮ ਹੋ ਜਾਂਦਾ ਹੈ ਤੇ ਉਹ ਇਹ ਜਾਣ ਜਾਂਦਾ ਹੈ ਕਿ ਉਸ ਦੀ ਆਤਮਾ ਹੀ ਪ੍ਰਮਾਤਮਾ ਹੈ, ਜਗਿਆਸੂ ਇਹ ਜਾਣ ਲੈਂਦਾ ਹੈ ਕਿ ਆਤਮਾ ਕਿੰਨੀ ਪ੍ਰਕਾਸ਼ਮਈ ਹੈ, ਨੂਰਾਨੀ ਹੈ ਤੇ ਨਿਰਾਕਾਰ ਹੈ। ਆਤਮਾ ਦਾ ਕੋਈ ਅਰੰਭ ਨਹੀਂ, ਆਤਮਾ ਸਰਵ ਵਿਆਪਕ ਹੈ ਵਿਦਮਾਨ ਹੈ, ਨਿਰੋਲ ਪੁਰਸ਼ ਹੈ। ਆਤਮਾ ਨੂੰ ਪ੍ਰਾਣਾਂ ਦੀ ਲੋੜ ਨਹੀਂ, ਮਨ ਦੀ ਲੋੜ ਨਹੀਂ, ਉਹ ਤਾਂ ਸਰਵ ਵਿਆਪਕ ਹੈ ਸਤਿ ਹੈ।

ਜਗਿਆਸੂ ਆਪਣੇ ਆਪ ਨੂੰ ਆਪਣੇ ਅੰਦਰ ਜਾਣਦਾ ਹੈ ਤੇ ਉਹ ਆਪਣੇ ਆਪ ਨੂੰ ਬਾਹਰੀ ਸੰਸਾਰ ਵਿਚ ਵੀ ਦੇਖਦਾ ਹੈ, ਵਿਚਰਦਾ ਹੈ। ਜਗਿਆਸੂ ਹਰ ਸਾਪੇਖ ਤੋਂ ਉਪਰ ਹੋ ਜਾਂਦਾ ਹੈ, ਦੂਰ ਹੋ ਜਾਂਦਾ ਹੈ। ਇਹ ਇਕ ਸਵੈ ਦੀਪਤ ਨੂਰਾਨੀ ਸਤਿ ਹੈ। ਕੋਈ ਜਨਮ ਨਹੀਂ ਹੈ, ਕੋਈ ਮੌਤ ਨਹੀਂ ਹੈ, ਕਿਸੇ ਕਿਸਮ ਦਾ ਕੋਈ ਪਰਿਵਰਤਨ ਨਹੀਂ ਹੈ, ਇਸੇ ਕਰਕੇ ਕੋਈ ਮੌਤ ਨਹੀਂ ਹੈ, ਕੋਈ ਵਿਘਟਨ ਨਹੀਂ ਹੈ।

ਜਿਹੜਾ ਬ੍ਰਹਮ ਨੂੰ ਜਾਣ ਲੈਂਦਾ ਹੈ ਉਹ ਸਤਿ ਨੂੰ ਜਾਣ ਲੈਂਦਾ ਹੈ, ਅਸੀਮ ਸਤਿ ਨੂੰ, ਜੋ ਬਿਨਾਂ ਪ੍ਰਾਣਾਂ ਤੋਂ ਹੈ, ਮਨ ਤੋਂ ਪਰ੍ਹੇ ਹੈ, ਇੰਦ੍ਰੀਆਂ ਤੇ ਸਰੀਰ ਤੋਂ ਪਰ੍ਹੇ ਹੈ, ਬ੍ਰਹਮਾ ਦੇ ਕੋਈ ਵੀ ਗੁਣ ਨਹੀਂ ਗਿਣੇ ਜਾ ਸਕਦੇ,

ਕੋਈ ਵੀ ਗੁਣ ਉਸ ਦੀ ਵਿਆਖਿਆ ਨਹੀਂ ਕਰ ਸਕਦੇ। ਬ੍ਰਹਮਾ ਦੇ ਸਾਰੇ ਗੁਣ ਉਸਦੀ ਮਾਇਆ ਨਾਲ ਹਨ, ਮਾਇਆ ਬ੍ਰਹਮਾ ਦੀ ਸਕਤੀ ਹੈ, ਉਸ ਦਾ ਪ੍ਰਗਟਾਵਾ ਹੈ, ਪ੍ਰਗਟਾਵੇ ਦਾ ਕਾਰਣ ਹੈ, ਮਾਧਿਅਮ ਹੈ। ਜਦੋਂ ਵੀ ਉਪਨਿਸ਼ਦਾਂ ਵਿਚ ਬ੍ਰਹਮਾ ਦੇ ਪ੍ਰਗਟਾਵੇ ਦਾ ਵਰਨਣ ਆਉਂਦਾ ਹੈ, ਉਸ ਦੇ ਮੰਤਰ ਉਚਾਰੇ ਜਾਂਦੇ ਹਨ, ਜਿਨ੍ਹਾਂ ਵਿਚ ਬ੍ਰਹਮਾ ਨੂੰ ਪਸਾਰੇ ਦਾ ਪ੍ਰਗਟਾਵੇ ਦਾ ਕਾਰਣ, ਆਰੰਭ ਦਸਿਆ ਜਾਂਦਾ ਹੈ, ਉਥੇ ਬ੍ਰਹਮਾ ਨੂੰ ਸਰਗੁਣ ਬ੍ਰਹਮਾ ਹੀ ਦਸਿਆ ਜਾਂਦਾ ਹੈ, ਬ੍ਰਹਮਾ ਜਿਸ ਦਾ ਪਸਾਰਾ ਹੈ, ਗੁਣ ਹਨ ਜੋ ਕਿ ਉਸਦੀ ਮਾਇਆ ਹੈ।

ਜਿਹੜਾ ਜਗਿਆਸੂ ਆਪਾ ਚੀਨ ਕੇ ਗਿਆਨ ਦੇ ਮਾਰਗ ਤੇ ਚਲਦਾ ਹੈ ਤੇ ਨਾਲ ਹੀ ਸਵੈ ਅਨੁਸਾਸ਼ਨ ਨੂੰ ਪੂਰੀ ਤਰ੍ਹਾਂ ਨਾਲ ਜੀਵਨ ਵਿਚ ਲਾਗੂ ਕਰਦਾ ਹੈ ਉਹੀ ਅੰਤ ਵਿਚ ਜੀਵਨ ਦੀਆਂ ਉਤਮ, ਸੋਹਣੀਆਂ ਉਚਾਈਆਂ ਤੇ ਪਹੁੰਚ ਕੇ ਆਤਮ ਸਿੱਧੀ ਨੂੰ ਪ੍ਰਾਪਤ ਹੋ ਜਾਂਦਾ ਹੈ।

## ਸਲੋਕ ਤੀਸਰਾ

ਏਸ ਤੋਂ ਪ੍ਰਾਣ ਉਤਪੰਨ ਹੁੰਦੇ ਹਨ, ਪ੍ਰਾਣ ਜੋ ਕਿ ਜੀਵਨ ਸ਼ਕਤੀ ਹਨ, ਮਨ ਸਾਰੀਆਂ ਇੰਦ੍ਰੀਆਂ, ਆਕਾਸ਼, ਪੌਣ, ਅਗਨੀ ਪਾਣੀ ਤੇ ਧਰਤੀ ਜਿਸ ਨੇ ਸਾਰੇ ਸੰਸਾਰ ਨੂੰ ਆਸਰਾ ਦਿਤਾ ਹੈ।

ਇਸ ਸਲੋਕ ਵਿਚ ਦਸਿਆ ਗਿਆ ਹੈ ਕਿ ਮਨੁੱਖ ਕਿਵੇਂ ਹੋਂਦ ਵਿਚ ਆਇਆ ਤੇ ਨਾਲ ਹੀ ਇਹ ਵੀ ਦਸਿਆ ਹੈ ਕਿ ਜਗਿਆਸੂ ਜੰਮਣ ਤੇ ਮਰਨ ਨੂੰ ਕਿਵੇਂ ਇਕ ਸੁਪਨੇ ਦੀ ਭਾਂਤੀ ਹੀ ਦੇਖਦਾ ਹੈ ਤੇ ਸਮਝਦਾ ਹੈ। ਵਾਸਤਵ ਵਿਚ ਵਿਸ਼ਵ ਦੇ ਵੱਖ-ਵੱਖ ਨਾਵਾਂ ਦਾ ਵੱਖ-ਵੱਖ ਸ਼ਕਲਾਂ ਦੇ ਪ੍ਰਗਟਾਵੇ ਦੀ ਆਪਣੇ ਆਪ ਵਿਚ ਕੋਈ ਹੋਂਦ ਨਹੀਂ, ਉਨ੍ਹਾਂ ਦੀ ਹੋਂਦ ਦਾ ਕਾਰਣ ਪਰਮ ਸਤਿ ਹੈ। ਮਾਇਆ ਦੇ ਕਾਰਣ ਪਾਵਨ ਬ੍ਰਹਮਾ, ਸਰਵ ਪ੍ਰਕਾਸ਼ਿਤ ਬ੍ਰਹਮਾ ਸਾਨੂੰ ਸੰਸਾਰ ਮਹਿਸੂਸ ਹੁੰਦਾ ਹੈ, ਇਹ ਹੀ ਨਹੀਂ ਸੰਸਾਰ ਦੀਆਂ ਵੱਖ-ਵੱਖ ਵਸਤੂਆਂ ਸੰਸਾਰ ਦੇ ਵੱਖ-ਵੱਖ ਗੁਣ ਪ੍ਰਤੀਤ ਹੁੰਦੇ ਹਨ।

ਵਿਸ਼ਵ ਦੇ ਪ੍ਰਗਟਾਵੇ ਤੋਂ ਪਹਿਲਾਂ ਤੇ ਬਾਅਦ ਵਿਚ, ਬ੍ਰਹਮਾ ਪ੍ਰਾਣਾਂ ਤੋਂ, ਮਨ ਤੋਂ, ਇੰਦ੍ਰੀਆਂ ਤੋਂ ਕਿਸੇ ਆਕਾਰ ਤੋਂ ਨਾਵਾਂ ਤੋਂ ਸਭ ਤੋਂ ਮੁਕਤ ਹੈ। ਜਿਹੜੇ ਵੀ ਬ੍ਰਹਮਾ ਦੇ ਗੁਣ ਦੱਸੇ ਜਾਂਦੇ ਹਨ ਉਹ ਬ੍ਰਹਮਾ ਦੇ ਸਰਗੁਣ ਸਰੂਪ ਦੇ ਗੁਣ ਹਨ। ਉਪਨਿਸ਼ਦਾਂ ਦੀ ਫਿਲੋਸਫੀ ਅਨੁਸਾਰ ਇਹ ਸਾਰੇ ਗੁਣ ਪਰਿਵਰਤਨ ਪ੍ਰਗਟਾਵੇ ਬਿਲਕੁਲ ਅਸਤਿ ਹਨ ਬਿਲਕੁਲ ਉਸ ਤਰ੍ਹਾਂ ਹੀ ਜਿਸ ਤਰ੍ਹਾਂ ਸੋਨੇ ਦੇ ਵੱਖ-ਵੱਖ ਗਹਿਣੇ ਘੜੇ ਜਾਂਦੇ ਹਨ ਪਰ ਉਨ੍ਹਾਂ ਦਾ ਆਪਣਾ

ਕੋਈ ਅਸਿਤਤਵ ਨਹੀਂ, ਵਾਸਤਵ ਵਿਚ ਉਹ ਸੋਨਾ ਹੀ ਹੈ, ਇਸ ਤਰ੍ਹਾਂ ਹੀ ਸੰਸਾਰ ਦੇ ਵੱਖ-ਵੱਖ ਰੂਪਾਂ ਦਾ ਵੀ ਆਪਣਾ ਕੋਈ ਅਸਿਤਤਵ ਨਹੀਂ। ਇਹ ਸਭ ਕੇਵਲ ਨਾਮ ਹਨ, ਵੱਖ-ਵੱਖ ਨਾਮ ਸੰਸਾਰ ਵਿਚ ਵਰਤਣ ਲਈ ਸੰਸਾਰ ਦੀ ਸਮਝ ਲਈ, ਇਨ੍ਹਾਂ ਵਿਚ ਕੁਝ ਵੀ ਸਤਿ ਨਹੀਂ। ਜਿਵੇਂ ਕਿ ਇਕ ਬਾਂਝ ਇਸਤ੍ਰੀ ਨੂੰ ਮਾਂ ਨਹੀਂ ਕਿਹਾ ਜਾ ਸਕਦਾ, ਉਹ ਵਾਸਤਵ ਵਿਚ ਜਨਨੀ ਨਹੀਂ ਹੈ ਉਹ ਤਾਂ ਇਕ ਪੁਤਰ ਦੀ ਮਾਂ ਹੋਣ ਦਾ ਸੁਪਨਾ ਦੇਖਦੀ ਹੈ।

ਇਸ ਸੰਸਾਰ ਦਾ ਪਸਾਰਾ ਇਕ ਸੁਪਨਾ ਹੈ ਜਿਵੇਂ ਕਿ ਸੁਪਨਾ ਦੇਖਣ ਵਾਲੇ ਲਈ ਸੁਪਨਾ ਸੱਚਾ ਹੁੰਦਾ ਹੈ ਇਸ ਤਰ੍ਹਾਂ ਇਕ ਅਗਿਆਨੀ ਨੂੰ ਵੀ ਸੰਸਾਰ ਸਤਿ ਹੀ ਦਿਸਦਾ ਹੈ, ਪ੍ਰਤੀਤ ਹੁੰਦਾ ਹੈ। ਇਹੋ ਜਿਹੇ ਅਗਿਆਨੀ ਅਗਿਆਨ ਦੇ ਹਨ੍ਹੇਰੇ ਵਿਚ ਹੀ ਘਿਰੇ ਰਹਿੰਦੇ ਹਨ ਉਦੋਂ ਤਕ ਜਦੋਂ ਤਕ ਉਨ੍ਹਾਂ ਨੂੰ ਕੋਈ ਜਗਾਣ ਵਾਲਾ ਨਹੀਂ ਮਿਲਦਾ ਜਦੋਂ ਤਕ ਉਨ੍ਹਾਂ ਨੂੰ ਸਤਿ ਦਾ ਪ੍ਰਕਾਸ਼ ਨਹੀਂ ਮਹਿਸੂਸ ਹੁੰਦਾ, ਨਹੀਂ ਦਿਸਦਾ।

## ਸਲੋਕ ਚੌਥਾ

"ਅਗਨੀ ਸਿਰ ਹੈ, ਸੂਰਜ, ਚੰਦਰਮਾ, ਨੇਤਰ ਹਨ, ਦਿਸ਼ਾਵਾਂ ਕੰਨ ਹਨ, ਪ੍ਰਗਟ ਹੋਏ ਵੇਦ ਬਾਣੀ ਹੈ, ਪਵਣ ਪ੍ਰਾਣ ਹਨ ਇਹ ਵਿਸ਼ਵ ਦਿਲ ਹੈ। ਧਰਤੀ ਉਨ੍ਹਾਂ ਦੇ ਚਰਨਾਂ ਵਿਚੋਂ ਪ੍ਰਗਟ ਹੋਈ ਹੈ ਕੇਵਲ ਉਹ ਹੀ ਉਹ ਸੱਤ ਹੀ ਸਾਰੇ ਜੀਵਾਂ ਦੀ ਆਤਮਾ ਹੈ।"

ਇਸ ਸਲੋਕ ਵਿਚ ਬ੍ਰਹਮਾ ਦੇ ਪ੍ਰਗਟਾਵੇ ਦੇ ਸੰਪੂਰਨ ਨਾਮ ਤੇ ਆਕਾਰ ਦਿਤੇ ਗਏ ਹਨ ਜੋ ਇਸ ਸੰਸਾਰ ਵਿਚ ਹਨ। ਇਹ ਬ੍ਰਹਮਾ ਦੀ ਵਿਆਖਿਆ ਹੈ, ਇਹ ਧਿਆਨ ਰਹੇ ਇਹ ਵਿਆਖਿਆ ਸਰਗੁਣ ਸਰੂਪ ਬ੍ਰਹਮਾ ਦੀ ਹੀ ਹੈ, ਬ੍ਰਹਮਾ ਜਿਸ ਦੀਆਂ ਵਿਸ਼ੇਸ਼ਤਾਵਾਂ ਹਨ ਜੋ ਮਾਇਆ ਰਾਹੀਂ ਵਿਚਰ ਰਿਹਾ ਹੈ। ਨਿਰਗੁਣ ਸਰੂਪ ਬ੍ਰਹਮਾ ਦਾ ਵਰਨਣ ਕੀਤਾ ਹੀ ਨਹੀਂ ਜਾ ਸਕਦਾ।

ਸਲੋਕ ਵਿਚ ਦਸਿਆ ਗਿਆ ਹੈ ਕਿ ਨਿਰਸੰਦੇਹ ਹੀ ਬ੍ਰਹਮਾ ਹੀ ਆਤਮਾ ਹੈ, ਜੋ ਸਾਰਿਆਂ ਦੇ ਅੰਦਰ ਹੈ। ਅਗਨੀ ਸ਼ਬਦ ਦੇ ਅਰਥ ਵੈਦਕ ਸਾਹਿਤ ਵਿਚ ਅਨੇਕ ਪ੍ਰਕਾਰ ਕੀਤੇ ਜਾ ਸਕਦੇ ਹਨ। ਅਸੀਂ ਪਹਿਲਾਂ ਹੀ ਇਹ ਦੱਸ ਆਏ ਹਾਂ ਕਿ ਅਗਨੀ ਸ਼ਬਦ ਦੇ 300 ਤੋਂ ਵੱਧ ਅਰਥ ਹਨ, ਸਿੱਧਾ ਅਰਥ ਹੈ ਅੱਗ ਪਰ ਬਹੁਤ ਵਾਰੀ ਅਗਨੀ ਨੂੰ ਸਵਰਗ ਅਰਥ ਨਾਲ ਵੀ ਵਰਤਿਆ ਜਾਂਦਾ ਹੈ।

ਬ੍ਰਹਮਾ ਦੀ ਵਿਆਖਿਆ ਕਰਦਿਆਂ, ਇਸ ਸਲੋਕ ਵਿਚ ਦਸਿਆ

ਗਿਆ ਹੈ ਕਿ ਅਗਨੀ ਸਿਰ ਹੈ, ਸੂਰਜ ਚੰਦਰਮਾ ਨੇਤਰ ਹਨ ਤੇ ਚਾਰ ਦਿਸ਼ਾਵਾਂ ਕੰਨ ਹਨ। ਵੇਦਾਂ ਦਾ ਗਿਆਨ ਜਿਹੜਾ ਰਿਸ਼ੀਆਂ ਮੁਨੀਆਂ ਨੂੰ ਆਇਆ ਹੈ, ਪ੍ਰਗਟ ਹੋਇਆ ਹੈ ਉਹ ਉਨ੍ਹਾਂ ਦੀ ਆਵਾਜ਼ ਹੈ ਤੇ ਪਵਣ ਸ੍ਵਾਸ ਹੈ ਤੇ ਸਾਰਾ ਵਿਸ਼ਵ ਹੀ ਉਨ੍ਹਾਂ ਦਾ ਹਿਰਦਾ ਹੈ ਤੇ ਧਰਤੀ ਉਨ੍ਹਾਂ ਦੇ ਚਰਨਾਂ ਤੋਂ ਉਤਪੰਨ ਹੋਈ ਹੈ।

ਇਸ ਸਲੋਕ ਵਿਚ ਸਰਗੁਣ ਬ੍ਰਹਮਾ ਦੀ ਵਿਆਖਿਆ ਕੀਤੀ ਗਈ ਹੈ ਜਾਂ ਕਹਿ ਲਵੋ ਕਿ ਵਿਰਾਟ ਪੁਰਸ਼ ਦੀ ਵਿਆਖਿਆ ਕੀਤੀ ਗਈ ਹੈ। ਇਹ ਦਸਿਆ ਗਿਆ ਹੈ ਕਿ ਬ੍ਰਹਮਾ ਹੀ ਪਹਿਲਾ ਸੰਪੂਰਨ ਪ੍ਰਗਟਾਵਾ ਹੈ, ਜੋ ਕਿ ਬਿਲਕੁਲ ਉਹ ਹੀ ਹੈ ਜੋ ਤੁਹਾਡਾ ਅੰਤਰ, ਅੰਤਰ ਆਤਮਾ, ਉਹ ਆਤਮਾ ਜੋ ਸਰਵਤਰ ਵਿਚ ਹੈ, ਸਰਬ ਵਿਆਪਕ ਹੈ, ਸੀਮਾ ਰਹਿਤ ਹੈ। ਪਿਛਲੇ ਸਲੋਕ ਵਿਚ ਪੁਰਸ਼ ਨੂੰ ਵਿਅਕਤੀਗਤ ਆਤਮਾ ਦਸਿਆ ਗਿਆ ਹੈ ਜਿਹੜੇ ਜੀਵਨ ਨਗਰ ਵਿਚ ਮਨੁਖੀ ਸਰੀਰ ਵਿਚ ਸੁੱਤਾ ਪਿਆ ਹੈ। ਇਸ ਸਲੋਕ ਵਿਚ ਦਸਿਆ ਗਿਆ ਹੈ, ਜਗਿਆਸੂ ਨੂੰ ਇਹ ਜਾਣੂ ਕਰਾਇਆ ਗਿਆ ਹੈ ਕਿ ਵਿਅਕਤੀ ਪੁਰਸ਼ ਇਕ ਹੀ ਹੈ ਜਿਸ ਨੂੰ ਵਿਸ਼ਵ ਆਤਮਾ ਤੇ ਵਿਰਾਟ ਵੀ ਕਿਹਾ ਗਿਆ ਹੈ। ਵਿਅਕਤੀਗਤ ਇਸ ਸਰੀਰ ਦੇ ਅੰਦਰ ਵਸਦਾ ਹੈ, ਦੂਸਰਾ ਵਿਸ਼ਵ ਵਿਚ ਰਹਿੰਦਾ ਹੈ। ਈਸ਼ ਉਪਨਿਸ਼ਦ ਵਿਚ ਦਸਿਆ ਗਿਆ ਹੈ ਕਿ ਬ੍ਰਹਮਾ ਛੋਟੇ ਤੋਂ ਛੋਟੇ ਕਣ ਵਿਚ ਵੀ ਹੈ, ਉਹ ਸਰਬ ਵਿਆਪਕ ਹੈ, ਸਾਰੇ ਸੰਸਾਰ ਵਿਚ ਵਿਚਰ ਰਿਹਾ ਹੈ।

ਜਗਿਆਸੂ ਫੇਰ ਸਮਝ ਜਾਂਦਾ ਹੈ ਕਿ ਸਰੀਰ ਦੀ ਹੋਂਦ, ਸ੍ਵਾਸ ਇੰਦ੍ਰੀਆਂ, ਮਨ ਕੁਝ ਵੀ ਸਤਿ ਨਹੀਂ ਇਹ ਤਾਂ ਇਕ ਭੁਲੇਖਾ ਹੈ, ਭਰਮ ਹੈ ਤੇ ਆਤਮਾ ਤਾਂ ਪ੍ਰਮਾਤਮਾ ਹੀ ਹੈ। ਜਦੋਂ ਆਤਮ ਸਿੱਧੀ ਦੀ ਇਹ ਅਵਸਥਾ ਆ ਜਾਂਦੀ ਹੈ ਜਗਿਆਸੂ ਆਪਣੀਆਂ ਬਣਾਈਆਂ ਸੀਮਾਵਾਂ ਤੋਂ ਮੁਕਤ ਹੋ ਜਾਂਦਾ ਹੈ, ਆਪਣੀ ਤੰਗ ਦਿਲੀ ਤੋਂ ਮੁਕਤ ਹੋ ਜਾਂਦਾ ਹੈ।

ਇਹ ਦਿਸਦਾ ਜਾਗਦਾ ਸੰਸਾਰ ਮਨ ਦਾ ਹੀ ਪਰਿਵਰਤਨ ਹੈ, ਗੂੜ੍ਹੀ ਨੀਂਦ ਵਿਚ ਇਹ ਨਹੀਂ ਦਿਸਦਾ, ਗੂੜ੍ਹੀ ਗਹਿਰੀ ਨੀਂਦ ਵਿਚ ਇਹ ਅਲੋਪ ਹੋ ਜਾਂਦਾ ਹੈ। ਮਨ ਆਪਣੇ ਆਪ ਵਿਚ ਕਿੰਨੇ ਹੀ ਰੂਪ ਬਦਲ ਲੈਂਦਾ ਹੈ, ਕਿੰਨੇ ਹੀ ਆਕਾਰ ਬਦਲ ਲੈਂਦਾ ਹੈ। ਸਾਰੇ ਰੂਪ ਸਾਰੇ ਆਕਾਰ ਵਿਸ਼ਵ ਰੂਪੀ ਮਨ ਦੀ ਹੀ ਘੜਨਾ ਹੈ। ਹਰ ਇਕ ਮਨੁੱਖ ਦਾ ਵਿਅਕਤੀ ਦਾ ਆਪਣਾ ਮਨ ਹੈ, ਇਸ ਤਰ੍ਹਾਂ ਨਾਲ ਵਿਸ਼ਵ ਰੂਪੀ ਵਿਅਕਤੀ ਸਾਰੇ ਮਨੁੱਖਾਂ ਦੇ ਸਮੂਹਕ ਮਨ ਹਨ। ਵਿਸ਼ਵ ਮਨ ਸ਼ਕਤੀ ਹੈ ਇਸ ਸ਼ਕਤੀ ਨਾਲ ਹੀ ਵਿਰਾਟ ਨੂੰ ਸਮਝਿਆ ਜਾ ਸਕਦਾ ਹੈ। ਜਗਿਆਸੂ ਜੇ ਆਪਣੇ ਮਨ ਨੂੰ ਸੋਧ ਲਵੇ ਉਹ

ਆਪਣੀਆਂ ਸਾਰੀਆਂ ਗਿਆਨ ਇੰਦ੍ਰੀਆਂ ਨੂੰ ਸਮਝ ਸਕਦਾ ਹੈ, ਸਰੀਰ ਨੂੰ ਸਮਝ ਸਕਦਾ ਹੈ ਤੇ ਹੋਰ ਜੋ ਕੁਝ ਵੀ ਸਰੀਰ ਦੇ ਅੰਦਰ ਹੈ ਉਸ ਨੂੰ ਸਮਝ ਸਕਦਾ ਹੈ ਪਰ ਜੇ ਇਹ ਸੋਚੋ ਕਿ ਇਕੱਲਾ ਮਨ ਇਕ ਜੰਤਰ ਹੀ ਹੈ ਇਹ ਆਪਣੇ ਆਪ ਇਸ ਕਾਬਲ ਨਹੀਂ ਕਿ ਜਗਿਆਸੂ ਨੂੰ ਆਤਮ ਸਿੱਧੀ ਤਕ ਪਹੁੰਚਾ ਦੇਵੇ।

ਜਦੋਂ ਮਨ ਹਰ ਰੁਕਾਵਟ, ਹਰ ਔਕੜ ਖੜ੍ਹੀ ਕਰਨੀ ਛੱਡ ਦੇਵੇ ਭਾਵ ਪੂਰੀ ਤਰ੍ਹਾਂ ਸੋਧਿਆ ਜਾਵੇ ਤਾਂ ਇਸ ਮਨ ਨੂੰ 'ਸਾਤਵਿਕ ਮਨ' ਕਿਹਾ ਜਾਂਦਾ ਹੈ। ਜਦੋਂ ਮਨ ਸਾਤਵਿਕ ਹੋ ਜਾਂਦਾ ਹੈ ਜਗਿਆਸੂ ਲਈ ਮਨ ਦੇ ਮਾਇਆ ਜਾਲ ਵਿਚੋਂ ਬਾਹਰ ਨਿਕਲਣਾ ਸੌਖਾ ਹੋ ਜਾਂਦਾ ਹੈ, ਮਨ ਹੀ ਮਾਇਆ ਦਾ ਪਸਾਰਾ ਹੈ, "ਮੈਂ ਛੋਟਾ ਹਾਂ, ਮੇਰਾ ਆਕਾਰ ਛੋਟਾ ਹੈ, ਮੈਂ ਇਹ ਹਾਂ। ਇਹ ਸਭ ਮਨ ਦੀ ਹੀ ਘੜਨਾ ਹੈ। ਜਦੋਂ ਤਕ ਜਗਿਆਸੂ ਆਪਣੇ ਆਪ ਨੂੰ ਇਨ੍ਹਾਂ ਵਿਚਾਰਾਂ ਨਾਲ ਜੋੜਦਾ ਰਹੇਗਾ, ਇਨ੍ਹਾਂ ਸੰਵੇਗਾਂ ਨਾਲ ਭਾਵਨਾਵਾਂ ਨਾਲ ਜੋੜਦਾ ਰਹੇਗਾ, ਉਦੋਂ ਤਕ ਆਤਮ ਸਿੱਧੀ ਨਹੀਂ ਹੋ ਸਕਦੀ। ਜਦੋਂ ਮਨ ਸੋਧਿਆ ਜਾਂਦਾ ਹੈ, ਪਵਿੱਤਰ ਹੋ ਜਾਂਦਾ ਹੈ ਫੇਰ ਉਹ ਇਕ ਦੀਵਾਰ ਨਹੀਂ ਬਣਦਾ। ਇਸ ਤੋਂ ਬਾਅਦ ਮਨ ਅਚੇਤ ਤੇ ਚੇਤਨ ਮਨ ਦੀਆਂ ਡੂੰਘਾਈਆਂ ਤੇ ਗਹਿਰਾਈਆਂ ਤਕ ਜਗਿਆਸੂ ਪਹੁੰਚ ਜਾਂਦਾ ਹੈ।

## ਸਲੋਕ ਪੰਜਵਾਂ

"ਸੂਰਜ ਸ਼ਕਤੀ ਦਾ ਸਰੋਤ ਹੈ, ਅਗਨੀ ਉਸ ਤੋਂ ਉਤਪੰਨ ਹੁੰਦੀ ਹੈ, ਸੋਮ ਉਸ ਤੋਂ ਉਤਪੰਨ ਹੁੰਦਾ ਹੈ) ਸੋਮ ਜੋ ਅਗਨੀ ਦੀ ਦੂਸਰੀ ਅਵਸਥਾ ਹੈ) ਸੋਮ ਤੋਂ ਬਰਖਾ ਆਉਂਦੀ ਹੈ, ਬਰਖਾ ਤੋਂ ਸਾਰੀਆਂ ਜੜੀਆਂ ਬੂਟੀਆਂ ਉਗਦੀਆਂ ਹਨ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਕਿ ਪਿਤਾ ਦਾ ਪਾਇਆ ਬੀਜ ਮਾਤਾ ਗਰਭ ਤੋਂ ਪੁਰਖ ਦਾ ਜਨਮ ਲੈਂਦਾ ਹੈ ਤੇ ਜੀਵਨ ਹੋਂਦ ਵਿਚ ਆਉਂਦਾ ਹੈ ਇਸੇ ਤਰ੍ਹਾਂ ਹੀ ਪੁਰਖ ਦੀ ਸਹਾਇਤਾ ਨਾਲ ਹੋਰ ਅਨੇਕਾਂ ਜਿੰਦਾਂ ਹੋਂਦ ਵਿਚ ਆਉਂਦੀਆਂ ਹਨ।"

ਇਸ ਸਲੋਕ ਵਿਚ ਵੀ ਵਿਰਾਟ ਪੁਰਸ਼ ਦੇ ਗੁਣਾਂ ਦਾ ਵਰਨਣ ਕੀਤਾ ਗਿਆ ਹੈ। ਦਸਿਆ ਗਿਆ ਹੈ ਕਿ ਸਵਰਗ ਵਿਰਾਟ ਪੁਰਸ਼ ਦੀ ਪਹਿਲੀ ਯੋਜਨਾ ਹੈ। ਸੂਰਜ ਉਸ ਦਾ ਬਾਲਣ ਹੈ। ਚੰਦਰਮਾ ਸਵਰਗ ਵਿਚ ਆਪਣੀਆਂ ਅਸੀਸਾਂ, ਅਸ਼ੀਰਵਾਦ ਧਰਤੀ ਤੇ ਬਰਸਾਉਂਦਾ ਹੈ ਬਾਰਿਸ਼ ਤੇ ਬਾਰਿਸ਼ ਦੇ ਬੱਦਲ ਦੂਸਰੀ ਪ੍ਰਕਾਰ ਦੀ ਅਗਨੀ ਹਨ। ਜੜ੍ਹੀਆਂ ਬੂਟੀਆਂ ਤੀਸਰੀ ਪ੍ਰਕਾਰ ਦੀ ਅਗਨੀ ਹੈ। ਜੜ੍ਹੀਆਂ ਬੂਟੀਆਂ ਦਾ ਸੇਵਨ ਮਨੁੱਖ ਕਰਦੇ

ਹਨ ਤੇ ਉਹ ਚੌਥੀ ਪ੍ਰਕਾਰ ਦੀ ਅਗਨੀ ਹੈ, ਮਨੁੱਖ ਜਦੋਂ ਬੀਜ ਮਾਤ ਗਰਭ ਵਿਚ ਪਾਉਂਦਾ ਹੈ ਉਹ ਪੰਜਵੀਂ ਪ੍ਰਕਾਰ ਦੀ ਅਗਨੀ ਹੈ। ਇਸੇ ਤਰ੍ਹਾਂ ਬਹੁਤ ਸਾਰੀ ਉਤਪਤੀ ਵਿਰਾਟ ਪੁਰਸ਼ ਰਾਹੀਂ ਹੁੰਦੀ ਹੈ, ਉਹ ਵਿਰਾਟ ਪੁਰਸ਼ ਜਿਹੜੀ ਸਰਬ ਵਿਆਪਕ ਹੈ।

ਇਸ ਸਲੋਕ ਵਿਚ ਪੰਜ ਅਗਨੀਆਂ ਦਾ ਵਰਨਣ ਕੀਤਾ ਗਿਆ ਹੈ ਇਹ 'ਚੰਡੋਕ ਉਪਨਿਸ਼ਦ' ਵਿਚੋਂ ਹਨ। ਇਸ ਦੀ ਕਥਾ ਇਸ ਤਰ੍ਹਾਂ ਹੈ। ਗੌਤਮ ਰਿਸ਼ੀ ਦੇ ਪੁਤਰ ਸ਼ਵੇਤਾਕੇਤੂ ਸੀ। ਉਹ ਰਾਜਾ ਪੰਚਾਲ ਕੋਲ ਗਏ। ਰਾਜਾ ਨੇ ਉਨ੍ਹਾਂ ਨੂੰ ਪੁਛਿਆ ਕਿ ਭੇਟਾ ਮਨੁਖੀ ਰੂਪ ਕਿਵੇਂ ਧਾਰਨ ਕਰ ਲੈਂਦੀਆਂ ਹਨ। ਇਸ ਦਾ ਉਤਰ ਪਿਤਾ, ਪੁੱਤਰ ਦੋਨਾਂ ਵਿਚੋਂ ਕੋਈ ਨਹੀਂ ਦੇ ਸਕਿਆ। ਉਸ ਉਪਰਾਂਤ ਰਾਜਾ ਨੇ ਪੰਜ ਅਗਨੀਆਂ ਦਾ ਵਰਨਣ ਕੀਤਾ ਜੋ ਉਪਰ ਦੱਸੀਆਂ ਗਈਆਂ ਹਨ।

ਪਾਠਕ ਨੂੰ ਅਗਨੀ ਸ਼ਬਦ ਨਾਲ ਕਿਸੇ ਪ੍ਰਕਾਰ ਦੀ ਘਬਰਾਹਟ ਨਹੀਂ ਹੋਣੀ ਚਾਹੀਦੀ। ਵਾਸਤਵ ਵਿਚ ਇਹ ਸਭ ਅਗਨੀ ਹੀ ਹੈ। ਜੀਵਨ ਦਾ ਆਧਾਰ ਅਗਨੀ ਹੈ, ਪਰਾਣ ਅਗਨੀ ਹੈ। ਮਨ ਦਾ ਸਾਰਾ ਪਸਾਰਾ ਅਗਨੀ ਹੈ। ਇਸ ਪ੍ਰਕਾਰ ਜਦੋਂ ਅਸੀਂ ਅਗਨੀ ਸਾਧਨਾ ਦੀ ਗੱਲ ਕਰਦੇ ਹਾਂ ਇਸ ਤੋਂ ਭਾਵ ਗਿਆਨ ਦੀ ਅਗਨੀ ਹੈ।

ਉਪਨਿਸ਼ਦ ਵਿਚ ਬਹੁਤ ਸਾਰੇ ਸੂਖਮ ਚਿੰਨ ਦੱਸੇ ਗਏ ਹਨ। ਇਹ ਚਿੰਨ੍ਹਾਂ ਨੂੰ ਜਾਨਣ ਤੋਂ ਬਿਨਾਂ ਇਨ੍ਹਾਂ ਦੀ ਗੰਭੀਰਤਾ ਨੂੰ ਸਮਝਣ ਤੋਂ ਬਿਨਾਂ ਸਾਰੀ ਸਿਖਿਆ ਅਸਪਸ਼ਟ ਹੀ ਰਹੇਗੀ। ਇਕ ਕਾਬਲ ਗੁਰੂ ਸਮਰੱਥ ਗੁਰੂ ਸਿਧਾਂਤ ਤੇ ਅਭਿਆਸ ਦੋਨੋ ਨਾਲ ਹੀ ਨਾਲ ਦਸਦਾ ਹੈ। ਗ੍ਰੰਥਾਂ ਦਾ ਸਿਧਾਂਤ ਤੇ ਪ੍ਰੈਕਟੀਕਲ ਸਿਧਾਂਤ ਫਿਲੌਸਫੀ ਦਾ ਪੂਰਾ-ਪੂਰਾ ਗਿਆਨ ਦੇਂਦਾ ਹੈ, ਦਸਦਾ ਹੈ ਵਿਸ਼ਵ ਦੀ ਰਚਨਾ ਕਿਵੇਂ ਹੋਈ ਜਦੋਂ ਕਿ ਮੈਡੀਟੇਸ਼ਨ ਸਿਮਰਨ ਇਹ ਸਮਝਣ ਵਿਚ ਸਹਾਇਤਾ ਦੇਂਦੇ ਹਨ ਕਿ ਆਤਮਾ ਹੀ ਸਰਵਤਰ ਆਤਮਾ ਹੈ। ਵਿਅਕਤੀਗਤਿ ਆਤਮਾ ਹੀ ਸਰਵ ਆਤਮਾ ਹੈ ਭਾਵ ਪ੍ਰਮਾਤਮਾ ਹੈ।

## ਸਲੋਕ ਛੇਵਾਂ

"ਵਿਰਾਟ ਪੁਰਸ਼ ਤੋਂ ਹੀ ਰਿਗ ਵੇਦ ਦੇ ਮੰਤਰ ਹਨ ਸਾਮ ਵੇਦ, ਯਜੁਰ ਵੇਦ ਇਨ੍ਹਾਂ ਦਾ ਗਿਆਨ ਹੈ, ਕਰਮ ਕਾਂਡ ਬਾਰੇ ਦੱਸਿਆ ਗਿਆ ਹੈ। ਦੀਖਿਆ ਦੇਣ ਬਾਰੇ ਦਸਿਆ ਗਿਆ ਹੈ, ਭੇਟਾ ਚਾੜ੍ਹਨ ਬਾਰੇ ਇਨ੍ਹਾਂ ਸਭ ਦੀ ਧਾਰਨਾ ਤੇ ਗਿਆਨ ਦੱਸਿਆ ਗਿਆ ਹੈ। ਏਥੋਂ ਹੀ ਸਮੇਂ ਦਾ ਪਤਾ ਲਗਦਾ ਹੈ ਭਾਵ ਸਾਲ ਮਹੀਨੇ ਕਿਵੇਂ ਹਨ, ਜਿਹੜਾ ਜਗਿਆਸੂ ਕਰਮ ਕਾਂਡ ਕਰਨਾ ਚਾਹੁੰਦਾ ਹੈ ਪੂਰੇ ਵਾਤਾਵਰਣ ਨੂੰ ਪਵਿੱਤਰ ਕਰਨਾ ਚਾਹੁੰਦਾ ਹੈ, ਉਹ ਕਿਵੇਂ ਸੋਮ ਤੇ ਸੂਰਜ ਰਾਹੀਂ ਕੀਤੇ ਜਾਂਦੇ ਹਨ (ਭਾਵ ਅਗਨੀ ਤੇ ਅਗਨੀ ਦੇ ਸ੍ਰੋਤ ਤੋਂ) ਕੀਤੇ ਜਾਂਦੇ ਹਨ।"

ਇਸ ਸਲੋਕ ਵਿਚ ਇਹ ਦਸਿਆ ਗਿਆ ਹੈ ਕਿ ਉਸ ਤੋਂ ਹੀ ਰਿਗ ਵੇਦ, ਸਾਮਵੇਦ, ਯਜੁਰ ਵੇਦ ਤੇ ਅਥਰਵਵੇਦ ਦਾ ਗਿਆਨ ਪ੍ਰਾਪਤ ਹੁੰਦਾ ਹੈ, ਪਵਿੱਤ੍ਰ ਮੰਤਰ ਦੇ ਉਚਾਰਣ ਦਾ ਪਤਾ ਲਗਦਾ ਹੈ, ਕਾਰ ਵਿਹਾਰ ਦਾ ਪਤਾ ਲਗਦਾ ਹੈ, ਨਿਯਮਾਂ ਦੇ ਬਾਰੇ ਗਿਆਨ ਮਿਲਦਾ ਹੈ, ਸਾਰੀਆਂ ਰੀਤੀ ਰਿਵਾਜਾਂ ਦੇ ਬਾਰੇ ਵਿਰਾਟ ਪੁਰਸ਼ ਤੋਂ ਹੀ ਗਿਆਨ ਪ੍ਰਾਪਤ ਹੁੰਦਾ ਹੈ। ਰਿਗਵੇਦ ਵਿਚ ਵੈਦਕ ਮੰਤਰ ਹਨ। ਇਹ ਗਦ ਵਿਚ ਵੀ ਤੇ ਛੰਦਾਂ ਵਿਚ ਦੋਨਾਂ ਵਿਚ ਹੀ ਦਿਤੇ ਗਏ ਹਨ ਇਨ੍ਹਾਂ ਦੇ ਨਿਯਮ ਦਿਤੇ ਗਏ ਹਨ ਜਿਵੇਂ ਕਿ ਗਾਇਤ੍ਰੀ ਮੰਤਰ ਬਾਰੇ ਹਨ।

ਸਾਮਵੇਦ ਮੰਤਰ ਤੇ ਉਨ੍ਹਾਂ ਦੀਆਂ ਵੱਖ-ਵੱਖ ਵਰਗੀਕਰਨ ਦਿਤਾ ਗਿਆ ਹੈ। ਇਹ ਮੰਤਰ ਗਾਏ ਜਾ ਸਕਦੇ ਹਨ, ਇਥੋਂ ਹੀ ਭਾਰਤ ਦੇ ਪੱਕੇ ਰਾਗਾਂ, ਕਲਾਸਕੀ, ਸ਼ਾਸਤ੍ਰੀਗਣ ਸ਼ੁਰੂ ਹੋਇਆ ਹੈ। ਸਾਰੇ ਮੁੱਖ ਸੁਰ, ਤਾਨ ਏਸੇ ਵਿਚ ਹੀ ਦੱਸੇ ਗਏ ਹਨ। ਯਜੁਰਵੇਦ ਵਿਚ ਮੰਤਰ ਗਦ ਵਿਚ ਦਿਤੇ ਗਏ ਹਨ, ਇਨ੍ਹਾਂ ਗ੍ਰੰਥਾਂ ਵਿਚ ਰੀਤਿ ਵਿਰਾਜ ਕਰਨ ਦੇ ਅਨੇਕਾਂ ਤਰੀਕੇ ਦੱਸੇ ਗਏ ਹਨ, ਉਹ ਰੀਤੀ ਰਿਵਾਜ ਜਿਹੜੇ ਆਧਿਆਤਮਵਾਦ ਨਾਲ ਸਬੰਧ ਰਖਦੇ ਹਨ। ਉਸ ਪੁਰਾਤਨ ਸਮੇਂ ਬਹੁਤ ਸਾਰੇ ਰੀਤੀ ਰਿਵਾਜ ਬ੍ਰਹਮ ਦੀ ਸਕਤੀ ਵਧਾਣ ਤੇ ਬ੍ਰਹਮਾ ਨੂੰ ਜਾਨਣ ਲਈ ਕੀਤੇ ਜਾਂਦੇ ਸੀ।

## ਸਲੋਕ ਸੱਤਵਾਂ

"ਉਸ ਵਿਰਾਟ ਪੁਰਸ਼ ਤੋਂ ਹੀ ਬਹੁ-ਵਿਧੀ ਬਹੁ ਗੁਣੀ ਪਵਿੱਤਰ ਹਸਤੀਆਂ, ਆਤਮਾਵਾਂ ਵਜੂਦ ਲੈ ਕੇ ਆਪਣੀ ਪੂਰੀ ਸਚੇਤਨਤਾ ਲੈ ਕੇ ਆਪਣਾ ਨਿਸ਼ਾਨਾ ਲੈ ਕੇ ਸਾਧਿਆਸ ਲੈ ਕੇ ਪੈਦਾ ਹੁੰਦੇ ਹਨ। ਮਨੁੱਖ, ਜਾਨਵਰ, ਪੰਛੀ, ਪ੍ਰਾਣ, ਅਪਾਨ ਸਾਰੇ ਪ੍ਰਕਾਰ ਦੇ ਅਨਾਜ, ਤਪਸ਼, ਸਤਿ, ਭਰੋਸਾ, ਅਨੁਸ਼ਾਸਨ, ਗਿਆਨ ਇੰਦਰੀਆਂ ਸਾਰੇ ਨਿਯਮ ਤੇ ਕਾਨੂੰਨ।"

ਉਸ ਵਿਰਾਟ ਰੂਪ ਤੋਂ ਹੀ ਵਿਸ਼ਵ ਦੀ ਹੋਂਦ ਹੋਈ, ਸੂਖਸ਼ਮ ਜੀਵਨ ਹੋਂਦ ਵਿਚ ਆਉਂਦੇ ਹਨ, ਪਵਿੱਤਰ ਆਤਮਾਵਾਂ, ਦੇਵਤੇ, ਮਨੁੱਖ, ਪਸ਼ੂ, ਪੰਛੀ, ਪ੍ਰਾਣ ਅਪਾਨ ਸ੍ਵਾਸ ਕ੍ਰਿਆ, ਅਨਾਜ, ਭਰੋਸਾ, ਸਤਿ, ਜਤ-ਸਤਿ ਤਪਸਿਆ, ਸਦਾਚਾਰ ਸਾਦਰੀ ਕਾਨੂੰਨ ਸਭ ਉਸ ਤੋਂ ਹੀ ਪੈਦਾ ਹੋਏ ਹਨ।

ਇਹ ਸਲੋਕ ਜਗਿਆਸੂ ਦੇ ਮਨ ਵਿਚ ਇਕ ਭਰੋਸਾ ਇਕ ਵਿਸ਼ਵਾਸ਼ ਪੈਦਾ ਕਰਦਾ ਹੈ। ਭਰੋਸਾ ਇਸ ਤਰ੍ਹਾਂ ਕਿ ਸਾਰੇ ਪਦਾਰਥ, ਆਕਾਰ, ਸਭ ਕੁਝ ਬ੍ਰਹਮਾ ਤੋਂ ਹੀ ਪੈਦਾ ਹੋਇਆ ਹੈ। ਬ੍ਰਹਮਾ ਹੀ ਕਰਤਾ ਹੈ। ਇਸ ਤਰ੍ਹਾਂ ਦੀ ਰੁਚੀ ਨਾਲ ਭਰੋਸਾ ਵਧਦਾ ਹੈ, ਅੰਤਰ ਸ਼ਕਤੀ ਬਣਦੀ ਹੈ, ਅਚੰਚਲਤਾ ਆਉਂਦੀ ਹੈ ਜਿਹੜੀ ਆਤਮ ਮਾਰਗ ਤੇ ਚੱਲਣ ਵਿਚ ਸਹਾਇਕ ਹੁੰਦੀ ਹੈ।

ਜਿਹੜੇ ਕਰਮ ਕੀਤੇ ਜਾਂਦੇ ਹਨ ਭਾਵੇਂ ਅਗਿਆਨੀ ਕਰਨ ਭਾਵੇਂ ਗਿਆਨੀ ਕਰਨ ਉਹ ਇਕ ਪ੍ਰਕਾਰ ਦੀ ਭੇਟਾ ਤਿਆਗ, ਅਰਪਣਾ ਹੀ ਮੰਨੀ ਜਾਂਦੀ ਹੈ। ਰੀਤੀ ਰਿਵਾਜ ਉਸ ਦੇ ਨਾਲ ਜੁੜਦੇ ਸਾਰੇ ਸਹਾਇਕ ਕੰਮ ਕਾਰਜ ਇਥੋਂ ਤਕ ਕਿ ਫਲ ਇਨ੍ਹਾਂ ਸਭ ਦਾ ਸ੍ਰੋਤ ਬ੍ਰਹਮਾ ਹੀ ਹੈ।

## ਸਲੋਕ ਅੱਠਵਾਂ

"ਉਸ ਇਕ ਸ਼ਕਤੀ ਤੋਂ ਹੀ ਪ੍ਰਾਣ ਪੈਦਾ ਹੁੰਦੇ ਹਨ, ਸਤਿ ਪ੍ਰਾਣ, ਸਤਿ ਲਪਟਾਂ ਅਗਨੀ ਦੀਆਂ ਸੱਤ ਹੀ ਪ੍ਰਕਾਰ ਦੀਆਂ ਭੇਟਾਵਾਂ ਤੇ ਸੱਤ ਅਸਮਾਨ ਜਾਂ ਕਹਿ ਲਵੋਂ ਸੱਤ ਵਿਸ਼ਵ। ਇਸ ਸਰੀਰ ਦੇ ਅੰਦਰ ਰਹਿੰਦਿਆਂ, ਇਹ ਮਨ ਤੇ ਸੱਤ ਪ੍ਰਾਣ ਆਪਣਾ ਸਫਰ ਤਹਿ ਕਰਦੇ ਰਹਿੰਦੇ ਹਨ।"

ਕੇਵਲ ਬ੍ਰਹਮਾ ਕੋਲ ਹੀ ਸਤਿ ਪ੍ਰਾਣ ਹਨ, ਇਹ ਮਨੁੱਖ ਦੇ ਸਿਰ ਦੇ ਅੰਦਰ ਹੀ ਸੁਰਖਿਅਤ ਪਏ ਰਹਿੰਦੇ ਹਨ। ਦੋ ਨੇਤਰ, ਦੋ ਕੰਨ, ਦੋ ਨਾਸਿਕਾ ਤੇ ਮੂੰਹ ਇਨ੍ਹਾਂ ਸੱਤਾਂ ਨੂੰ ਮਿਲਾ ਕੇ ਵੀ ਸਪਤਰਿਸ਼ੀ ਹੀ ਕਿਹਾ ਜਾਂਦਾ ਹੈ। ਸੱਤ ਕਰਮ ਸੰਵੇਦਨਾ, ਸੱਤ ਪ੍ਰਾਣ ਰਾਹੀਂ ਪੈਦਾ ਕਰਦੀ ਹੈ। ਉਨ੍ਹਾਂ ਨੂੰ ਸੱਤ ਲਾਟਾਂ ਕਿਹਾ ਜਾਂਦਾ ਹੈ, ਪ੍ਰਾਣ ਪ੍ਰਾਣਾਂ ਨੂੰ ਉਤੇਜਿਤ ਕਰਨ ਲਈ ਪਦਾਰਥਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਸੱਤ ਪ੍ਰਕਾਰ ਦੇ ਗਿਆਨ ਵਾਸਤਵ ਵਿਚ ਸੱਤ ਸੰਵੇਦਨ ਹੀ ਹਨ ਜਿਨ੍ਹਾਂ ਨੂੰ ਅਰਪਿਤ ਕੀਤਾ ਜਾਂਦਾ ਹੈ। ਇਕ ਮਨੁੱਖ ਦੇ ਸਰੀਰ ਦੀਆਂ ਸੱਤ ਲਾਟਾਂ ਹਨ, ਜੋ ਕਿ ਸੱਤ ਚੱਕਰ ਹਨ ਤੇ ਹਰ ਚੱਕਰ ਵਿਚ ਪ੍ਰਾਣ ਹਨ। ਇਥੇ ਪ੍ਰਾਣ ਸ਼ਬਦ ਨੂੰ ਜੀਵਨ ਸ਼ਕਤੀ (vitalforce) ਦੀ ਤਰ੍ਹਾਂ ਨਹੀਂ ਵਰਤਿਆ ਗਿਆ। ਇਹ ਉਹ ਪ੍ਰਾਣ ਹਨ ਜਿਹੜੇ ਦੋ ਨੇਤਰਾਂ, ਦੋ ਕੰਨ, ਦੋ ਨਾਸਿਕਾ ਤੇ ਮੂੰਹ ਵਿਚ ਹਨ। ਹਰ ਦੇ ਵੱਖ-ਵੱਖ ਕਾਰਜ ਦੇ ਕਾਰਣ ਸਾਰੇ ਪ੍ਰਾਣ ਹਰ ਇਕ ਕੇਂਦਰ ਵਿਚ ਕੰਮ ਕਰਦੇ ਹਨ ਪਰ ਅਧਿਆਤਮਕ ਤਰੀਕੇ ਨਾਲ ਤੇ ਇਨ੍ਹਾਂ ਨੂੰ ਇਕਸਾਰ, ਸਾਮਾਨ ਕਰਨ ਦਾ ਕੰਮ ਮਨ ਕਰਦਾ ਹੈ।

ਵੱਖ-ਵੱਖ ਪ੍ਰਾਣਾਂ ਦਾ ਕਾਰਜ ਹਰ ਸਮੇਂ ਚਲਦਾ ਰਹਿੰਦਾ ਹੈ, ਜਦੋਂ ਅਸੀਂ ਗੂੜ੍ਹੀ ਨੀਂਦ ਵਿਚ ਸੁੱਤੇ ਹੁੰਦੇ ਹਾਂ ਉਦੋਂ ਵੀ ਚਲਦਾ ਰਹਿੰਦਾ ਹੈ, ਇਸ ਦਾ ਅਨੁਭਵ ਤਾਂ ਜੋਗੀ ਹੀ ਲੈ ਸਕਦੇ ਹਨ ਤੇ ਲੈਂਦੇ ਹਨ। ਇਸ ਸਲੋਕ ਵਿਚ ਗੁਫਾ ਦੀ ਵਰਤੋਂ ਦੋਨੋਂ ਮਨ ਤੇ ਸਰੀਰ ਲਈ ਕੀਤੀ ਗਈ ਹੈ। ਸਰੀਰ ਉਹ ਗੁਫਾ ਹੈ ਜਿਸ ਵਿਚ ਅੰਤਰ ਪ੍ਰਾਣੀਮਾਤਰ ਵਸਦਾ ਹੈ ਤੇ ਦਿਲ ਵਿਚ ਗੁਫਾ ਹੈ ਜਿਸ ਵਿਚ ਅੰਤਰ ਆਤਮਾ ਦਾ ਵਾਸ ਹੈ। ਸਰੀਰ

ਦੇ ਅੰਦਰ ਹਿਰਦਾ ਹੀ ਸਭ ਕੁਝ ਨੂੰ ਕੰਟਰੋਲ ਕਰਦਾ ਹੈ, ਇਹ ਹੀ ਮਨੁੱਖ ਦੇ ਦਿਲ ਨੂੰ ਕਾਬੂ ਰਖਦਾ ਹੈ, ਦਿਮਾਗ ਨੂੰ ਕਾਬੂ ਰਖਦਾ ਹੈ।

ਯੋਗ ਵਿਗਿਆਨ ਵਿਚ 72,000 ਨਾੜੀਆਂ ਦੱਸੀਆਂ ਗਈਆਂ ਹਨ ਜਿਨ੍ਹਾਂ ਰਾਹੀਂ ਸ਼ਕਤੀ ਦਾ ਪ੍ਰਵਾਹ ਚਲਦਾ ਹੈ। ਇਥੇ ਪ੍ਰਾਣਾਂ ਤੋਂ ਭਾਵ ਹੈ ਜੀਵਨ ਸ਼ਕਤੀ (vital force) ਇਹ ਜੀਵਨ ਦਾ ਪਹਿਲਾ, ਇਕ ਮਾਤਰ ਜੀਵਨ ਹੈ, ਪਰ ਇਹ ਇਕ ਮਾਤਰ ਜੀਵਨ ਵੀ ਬ੍ਰਹਿਮੰਡ ਨਾਲ ਪ੍ਰਾਣਾਂ ਰਾਹੀਂ ਜੁੜਿਆ ਹੋਇਆ ਹੈ। ਉਥੋਂ ਹੀ ਪ੍ਰਾਣ ਸ਼ਕਤੀ ਬਖਸ਼ੀ ਜਾਂਦੀ ਹੈ। ਦਸ ਮਹਾਨ ਵੱਡੇ ਪ੍ਰਾਣ ਦੇ ਵਾਹਨ ਹਨ ਪਰ ਇਸ ਉਪਨਿਸ਼ਦ ਵਿਚ ਕੇਵਲ ਸੱਤ ਪ੍ਰਾਣ ਹੀ ਦਿਤੇ ਗਏ ਹਨ। ਜਗਿਆਸੂ ਇਨ੍ਹਾਂ ਪ੍ਰਾਣਾਂ ਦੀ ਖੋਜ ਆਪ ਹੀ ਕਰੇ, ਇਨ੍ਹਾਂ ਦੇ ਕਾਰਜਾਂ ਬਾਰੇ ਜਾਣੇ ਤੇ ਸਮਝੇ, ਸਰੀਰ ਨੂੰ ਸਮਝੇ।

ਜਦੋਂ ਜਗਿਆਸੂ ਅੰਤਰ ਦੀ ਅਗਨੀ ਨੂੰ, ਸ਼ਕਤੀ ਨੂੰ ਸਮਝ ਲੈਂਦਾ ਹੈ ਫੇਰ ਉਹ ਸੰਵੇਦਨ ਦਾ ਇੰਦ੍ਰੀਆਂ ਦੀ ਭੇਟਾ ਅਗਨੀ ਭੇਟ ਕਰ ਦਿੰਦਾ ਹੈ।

## ਸਲੋਕ ਨੌਵਾਂ

"ਉਸ ਪ੍ਰਮਾਤਮਾ ਤੋਂ ਹੀ ਵੱਖ-ਵੱਖ ਸਮੁੰਦਰ ਹਨ, ਪਹਾੜ ਹਨ, ਨਦੀਆਂ ਹਨ, ਜੜ੍ਹੀਆਂ ਬੂਟੀਆਂ ਹਨ। ਇਨ੍ਹਾਂ ਸਾਰਿਆਂ ਦੇ ਅੰਦਰ ਹੈ ਅੰਤਰ ਆਤਮਾ।"

ਇਸ ਤੋਂ ਹੀ ਸਾਰੇ ਸਾਗਰ ਹੋਏ ਹਨ, ਸਾਰੀਆਂ ਨਦੀਆਂ, ਸਾਰੇ ਪੇੜ ਪੌਦੇ, ਫੁੱਲ ਪੱਤੇ ਸਾਰੀ ਸੁਗੰਧੀ ਸਭ ਉਸ ਇਕ ਤੋਂ ਹੀ ਹੋਏ ਹਨ, ਸਾਰੇ ਦਾਣੇ ਜੜ੍ਹੀਆਂ ਬੂਟੀਆਂ ਉਸੇ ਤੋਂ ਹੀ ਹਨ ਇਨ੍ਹਾਂ ਦੇ ਸੇਵਨ ਕਰਕੇ ਹੀ ਸਰੀਰ, ਸੂਖਮ ਸਰੀਰ ਦਾ ਪਾਲਣਾ ਹੁੰਦੀ ਹੈ। ਉਸੇ ਇਕ ਤੋਂ ਹੀ, ਉਸ ਦੁਆਰਾ ਹੀ ਪੌਦੇ ਤੋਂ ਜੜ੍ਹੀਆਂ ਬੂਟੀਆਂ ਤੋਂ ਭੋਜਨ ਪ੍ਰਾਪਤ ਹੁੰਦਾ ਹੈ ਜਿਸ ਨਾਲ ਸਰੀਰ ਦੀ ਪਾਲਨਾ ਹੁੰਦੀ ਹੈ। ਇਸ ਉਪਨਿਸ਼ਦ ਵਿਚ ਕਿਤੇ ਵੀ ਇਹ ਨਹੀਂ ਲਿਖਿਆ ਕਿ ਜਾਨਵਰਾਂ ਦੀ ਬਲੀ ਦਿਤੀ ਜਾਂਦੀ ਹੈ ਜਾਂ ਜਾਨਵਰਾਂ ਨੂੰ ਖਾਧਾ ਜਾਂਦਾ ਹੈ। ਜਿਹੜਾ ਭੋਜਨ ਪੌਦਿਆਂ ਤੋਂ ਪ੍ਰਾਪਤ ਕੀਤਾ ਜਾਂਦਾ ਹੈ ਜਿਵੇਂ ਚੌਲ, ਜੌਂ, ਕਣਕ ਸਬਜ਼ੀਆਂ ਇਹ ਸਰੀਰ ਲਈ ਵਧੇਰੇ ਪੋਸ਼ਟਕ ਅਹਾਰ ਹਨ।

ਮਾਸ ਖਾਣ ਵਾਲਿਆਂ ਨੂੰ ਵੀ ਦੂਜੇ ਦਰਜੇ ਦੇ ਸ਼ਾਕਾਹਾਰੀ ਕਿਹਾ ਜਾਂਦਾ ਹੈ ਕਿਉਂਕਿ ਉਹ ਜਾਨਵਰਾਂ ਦਾ ਮਾਸ ਖਾਂਦੇ ਹਨ, ਜਾਨਵਰ ਸਬਜ਼ੀਆਂ, ਘਾਹ ਪੱਤੇ ਖਾਂਦੇ ਹਨ। ਖੋਜ ਨੇ ਇਹ ਸਿੱਧ ਕਰ ਦਿਤਾ ਹੈ ਕਿ ਸਾਕਾਹਾਰੀ ਭੋਜਨ ਬਹੁਤ ਹੀ ਪੌਸ਼ਟਿਕ ਹੈ ਤੇ ਆਤਮ ਮਾਰਗ ਤੇ ਚੱਲਣ

ਲਈ ਅਤਿ ਸਹਾਇਕ ਹੈ। ਇਹੋ ਜਿਹੀ ਖ਼ੁਰਾਕ ਹਰ ਥਾਂ ਤੇ ਮਿਲ ਜਾਂਦੀ ਹੈ, ਧਰਤੀ ਦੇ ਹਰ ਕੋਨੇ ਵਿਚ ਤੁਹਾਨੂੰ ਇਹ ਮਿਲ ਜਾਂਦੀ ਹੈ। ਜੇ ਕੋਈ ਵੀ ਪੌਸ਼ਟਿਕ ਅਹਾਰ ਬਾਰੇ ਜਾਣਨਾ ਚਾਹੇ, ਖ਼ੁਰਾਕ ਵਿਚ ਧਾਤਾਂ ਦੀ ਮਾਤਰਾ, ਵਿਟਾਮਿਨ ਦੀ ਮਾਤਰਾ, ਪ੍ਰੋਟੀਨ ਤੇ ਕਾਰਬੋਹਾਈਡਰੇਟ ਦੀ ਮਾਤਰਾ ਜਾਨਣਾ ਚਾਹੇ ਉਹ ਛੇਤੀ ਹੀ ਏਸ ਨਤੀਜੇ ਤੇ ਪਹੁੰਚੇਗਾ ਕਿ ਸ਼ਾਕਾਹਾਰੀ ਖ਼ੁਰਾਕ ਹੀ ਤੁਹਾਨੂੰ ਚੰਗੀ ਸਿਹਤ ਦੇ ਸਕਦੀ ਹੈ। ਸਰੀਰਕ ਸਿਹਤ ਸਰੀਰਕ ਨਿਰੋਲਤਾ, ਅਰੋਗਤਾ ਤੇ ਮਾਨਸਿਕ ਅਰੋਗਤਾ। ਆਤਮ ਮਾਰਗ ਤੇ ਚੱਲਣ ਲਈ ਤਾਂ ਸ਼ਾਕਾਹਾਰੀ ਭੋਜਨ ਹੀ ਵਧੇਰੇ ਲਾਭਕਾਰੀ ਹੈ ਇਸ ਤੋਂ ਭਾਵ ਇਹ ਨਹੀਂ ਕਿ ਮਾਸਾਹਾਰੀ ਆਤਮ ਮਾਰਗ ਤੇ ਚੱਲ ਨਹੀਂ ਸਕਦੇ। ਭਾਵ ਇਹ ਹੈ ਕਿ ਜਗਿਆਸੂ ਨੂੰ ਇਕ ਸਾਧਾਰਣ ਜੀਵਨ ਜੀਉਣਾ ਚਾਹੀਦਾ ਹੈ। ਬਹੁਤ ਸਾਰੇ ਪੁਰਾਤਨ ਬ੍ਰਹਮਗਿਆਨੀ ਮਹਾਂਰਿਸ਼ੀ ਪੰਡਤ ਸ਼ਾਕਾਹਾਰੀ ਖ਼ੁਰਾਕ ਤੇ ਹੀ ਰਹੇ ਹਨ ਉਨ੍ਹਾਂ ਦਾ ਜੀਵਨ ਲੰਮਾ ਤੇ ਅਰੋਗ ਰਿਹਾ ਹੈ।

ਲੰਮੇ ਤੇ ਅਰੋਗ ਜੀਵਨ ਲਈ ਹੋਰ ਕਈ ਗੱਲਾਂ ਵੀ ਹਨ, ਭੋਜਨ ਤੋਂ ਇਲਾਵਾ ਉਹ ਹਨ ਸ੍ਵਾਸਾਂ ਦਾ ਗਿਆਨ, ਸ੍ਵਾਸਾਂ ਦਾ ਵਿਆਮ, ਜਿਹੜਾ ਸ੍ਵਾਸ ਜੀਵਨ ਜੀਉਣ ਲਈ ਅਤਿ ਅਵਸ਼ਕ ਹੈ। ਸਿਹਤ ਨੂੰ ਹਰ ਪੱਖ ਤੋਂ ਦੇਖਿਆ ਜਾਂਦਾ ਹੈ ਸਰੀਰ, ਮਨ, ਆਤਮਾ, ਪ੍ਰਸੰਨਤਾ ਜੋ ਸਭ ਤੋਂ ਵੱਡੀ ਗੱਲ ਮੰਨੀ ਜਾਂਦੀ ਹੈ ਤੇ ਸਿਹਤ ਦੀ ਕੁੰਜੀ ਕਹੀ ਜਾ ਸਕਦੀ ਹੈ। ਇਕ ਸਕਾਰਆਤਮਕ ਰੁਚੀ ਬਹੁਤ ਹੀ ਜ਼ਰੂਰੀ ਮੰਨੀ ਜਾਂਦੀ ਹੈ ਜੇ ਚੰਗੀ ਸਿਹਤ ਤੇ ਸੁਅਸਥ ਮਨ ਰੱਖਣਾ ਹੋਵੇ। ਭਾਵੇਂ ਤੁਸੀਂ ਚੰਗਾ, ਪੌਸ਼ਟਿਕ ਆਹਾਰ ਵੀ ਖਾਂਦੇ ਹੋਵੇ, ਪਰ ਜੇ ਤੁਸੀਂ ਮਾਨਸਿਕ ਤਨਾਅ ਰਖਦੇ ਹੋ, ਅਨੁਭਵ ਕਰਦੇ ਹੋ, ਸੰਵੇਗਕ ਦਬਾਅ ਤੁਹਾਡੇ ਉਤੇ ਹੈ, ਇਸ ਨਾਲ ਤਾਂ ਭੋਜਨ ਵੀ ਵਿਸ਼ ਬਣ ਜਾਂਦੀ ਹੈ। ਇਸ ਕਰਕੇ ਹੀ ਕਿਹਾ ਜਾਂਦਾ ਹੈ ਕਿ ਮਾਨਸਿਕ ਪ੍ਰਸੰਨਤਾ ਬਹੁਤ ਹੀ ਅਵਸ਼ਕ ਹੈ ਜਿਨ੍ਹਾਂ ਦਾ ਖਾਣਾ ਪੀਣਾ ਅਰੋਗ ਸਵਸਥ ਜੀਵਨ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਇਹ ਦੋਨੋਂ ਹੋਣ।

ਇਹ ਵੀ ਕਿਹਾ ਜਾਂਦਾ ਹੈ ਕਿ ਬਹੁਤ ਮਸਾਲੇ ਖਾਣੇ, ਬਹੁਤ ਰਾੜ੍ਹ ਕੇ, ਭੁੰਨ ਕੇ ਭੋਜਨ ਖਾਣ ਨਾਲ ਭੋਜਨ ਦੇ ਬਹੁਤ ਸਾਰੇ ਗੁਣ ਨਸ਼ਟ ਹੋ ਜਾਂਦੇ ਹਨ ਜੋ ਕਿ ਸਰੀਰ ਲਈ ਠੀਕ ਨਹੀਂ ਹਨ। ਇਸ ਤਰ੍ਹਾਂ ਕਰਨ ਨਾਲ ਗੁਰਦਿਆਂ ਤੇ ਜ਼ੋਰ ਪੈਂਦਾ ਹੈ ਤੇ ਪੂਰਾ ਮੈਟਾਬੋਲਿਜ਼ਮ ਖਰਾਬ ਹੁੰਦਾ ਹੈ। ਸਾਦਾ ਪੌਸ਼ਟਿਕ ਭੋਜਨ ਠੀਕ ਰਿੰਨਿਆ ਹੋਇਆ, ਪਕਾਇਆ ਹੋਇਆ ਚੰਗੇ ਅਨੰਦਮਈ ਖੁਸ਼ੀ ਦੇ ਵਾਤਾਵਰਣ ਵਿਚ ਖਾਧਾ ਹੋਇਆ ਸਭ ਤੋਂ ਵੱਧ ਲਾਭਵੰਦ ਹੈ।

## ਸਲੋਕ ਦਸਵਾਂ

ਇਹ ਸਾਰਾ ਵਿਸ਼ਵ ਕੇਵਲ ਬ੍ਰਹਮਾ ਦਾ ਹੀ ਪਸਾਰਾ ਹੈ, ਤਪਸ਼, ਗਿਆਨ ਇਸ ਸਭ ਕੁਝ ਦਾ ਪਸਾਰਾ ਇਸ ਦੇ ਪ੍ਰਣਾਮ ਸਭ ਬ੍ਰਹਮਾ ਤੋਂ ਹੀ ਪੈਦਾ ਹੋ ਕੇ ਅੰਤ ਵਿਚ ਸਭ ਕੁਝ ਚੇਤਨਤਾ ਵਿਚ ਹੀ ਇਸ ਦਾ ਤੱਤ ਮਿਲ ਜਾਂਦਾ ਹੈ। ਜਿਹੜਾ ਬ੍ਰਹਮਾ ਨੂੰ ਸਰੀਰ ਰੂਪੀ ਗੁਫਾ ਵਿਚ ਰਹਿੰਦਿਆਂ ਜਾਣਦਾ ਹੈ। ਉਹ ਅਗਿਆਨ ਵਿਚੋਂ ਨਿਕਲ ਜਾਂਦਾ ਹੈ, ਇਸੇ ਜੀਵਨ ਵਿਚ ਉਹ ਗਿਆਨ ਪ੍ਰਾਪਤ ਕਰ ਲੈਂਦਾ ਹੈ।

ਇਸ ਸਲੋਕ ਵਿਚ ਦਸਿਆ ਗਿਆ ਹੈ ਕਿ ਸਭ ਕੁਝ ਬ੍ਰਹਮਾ ਤੋਂ ਹੀ ਪੈਦਾ ਹੋਇਆ ਹੈ। ਬ੍ਰਹਮਾ ਹੀ ਸਾਰੀ ਉਤਪਤੀ ਦਾ ਸਰੋਤ ਹੈ ਭਾਵੇਂ ਜੜ੍ਹ ਹੈ ਭਾਵੇਂ ਚੇਤਨ। ਜਗਿਆਸੂ ਲਈ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਅਜਰ, ਅਮਰ ਆਤਮਾ ਤਾਂ ਅੰਤਰ ਹਿਰਦੇ ਵਿਚ ਵਸਦੀ ਹੈ ਆਤਮਾ ਨੂੰ ਪਛਾਣ ਕੇ ਹੀ ਉਸ ਤਕ ਪਹੁੰਚ ਕੇ ਅਗਿਆਨ ਦਾ ਪੜ੍ਹਦਾ ਹਟਾਇਆ ਜਾ ਸਕਦਾ ਹੈ।

ਬ੍ਰਹਮਾ ਹੀ ਵਿਸ਼ਵ ਆਤਮਾ ਹੈ, ਸਾਰੇ ਕਰਮ ਸਾਰੀ ਸਾਧਨਾ, ਸਰਲਤਾ, ਪ੍ਰਾਸਚਿਤ, ਸਾਰੇ ਪ੍ਰਗਟਾਵੇ ਸਭ ਬ੍ਰਹਮਾ ਤੋਂ ਹੀ ਉਤਪੰਨ ਹੋਏ ਹਨ। ਉਹ ਬ੍ਰਹਮਾ ਜਿਹੜੇ ਤੁਹਾਡੇ ਅੰਤਰ ਹੈ, ਸੁਤਾ ਪਿਆ ਹੈ। ਬਾਰ ਬਾਰ ਉਪਨਿਸ਼ਦ ਇਕੋ ਗੱਲ ਤੇ ਜ਼ੋਰ ਦਿੰਦੇ ਹਨ ਉਹ ਹੈ ਭਰੋਸਾ ਵਿਸ਼ਵਾਸ਼, ਅਟੁੱਟ ਵਿਸ਼ਵਾਸ਼, ਆਪਣੇ ਆਪ ਵਿਚ, ਇਕ ਹੋਂਦ ਹੈ, ਸਾਰੇ ਕਰਮ, ਰੀਤੀਆਂ ਸਭ ਬ੍ਰਹਮਾ ਤੋਂ ਹੀ ਹੋਈਆਂ ਹਨ।

ਇਸ ਉਪਨਿਸ਼ਦ ਦਾ ਸ਼ੁਰੂਵਾਤ ਜਿਸ ਮੰਤਰ ਤੋਂ ਸ਼ੁਰੂ ਹੁੰਦਾ ਹੈ ਉਹ ਇਕ ਪ੍ਰਸ਼ਨ ਹੈ। ਉਹ ਪ੍ਰਸ਼ਨ ਹੈ ਉਹ ਕੀ ਹੈ ਜਿਸ ਨੂੰ ਜਾਣ ਕੇ, ਸਭ ਕੁਝ ਜਾਣਿਆ ਜਾ ਸਕਦਾ ਹੈ। ਉਤਰ ਇਥੇ ਦਿਤਾ ਗਿਆ ਹੈ ਵਿਸ਼ਵ ਦੀ ਰਚਨਾ ਜੜ੍ਹ, ਚੇਤਨ ਦੀ ਰਚਨਾ ਸਭ ਕੁਝ ਬ੍ਰਹਮਾ ਤੋਂ ਹੀ ਹੋਈ ਹੈ ਉਹ ਹੀ ਉਤਮ ਹੋਂਦ ਹੈ। ਬ੍ਰਹਮਾ ਤੋਂ ਕੇਵਲ ਬ੍ਰਹਮਾ ਹੀ ਪੈਦਾ ਹੋ ਸਕਦਾ ਹੈ ਹੋਰ ਕੁਝ ਨਹੀਂ। ਬ੍ਰਹਮਾ ਨੂੰ ਜਾਣ ਕੇ ਹੀ ਵਿਸ਼ਵ ਨੂੰ ਜਾਣਿਆ ਜਾ ਸਕਦਾ ਹੈ। ਜਗਿਆਸੂ ਨੂੰ ਇਹ ਗਿਆਨ ਹੁਣ ਹੀ ਇਸੇ ਜੀਵਨ ਵਿਚ ਪ੍ਰਾਪਤ ਕਰ ਲੈਣਾ ਚਾਹੀਦਾ ਹੈ। ਇਸ ਗਿਆਨ ਦੀ ਪ੍ਰਾਪਤੀ ਇਸ ਸਰੀਰ ਰਾਹੀਂ ਹੀ ਹੋ ਸਕਦੀ ਹੈ। ਆਤਮਾ ਤਕ ਪਹੁੰਚ ਕੇ ਹੀ ਹੋ ਸਕਦੀ ਹੈ, ਸੰਸਾਰ ਨਾਲ ਆਪਣੇ ਆਪ ਨੂੰ ਜੋੜ ਕੇ ਨਹੀਂ ਹੋ ਸਸਦੀ। ਇਸ ਤਰ੍ਹਾਂ ਦੀ ਪ੍ਰਾਪਤੀ ਜਗਿਆਸੂ ਨੂੰ ਮੁਕਤੀ ਤੇ ਲੈ ਜਾਵੇਗੀ, ਜੀਵਨ ਮੁਕਤੀ ਤੇ ਪਹੁੰਚਾ ਦੇਵੇਗੀ

ਇਸ ਸਰੀਰ ਵਿਚ ਰਹਿੰਦਿਆਂ ਇਸ ਜੀਵਨ ਵਿਚ ਹੀ ਮੁਕਤੀ ਪ੍ਰਾਪਤ ਹੋ ਜਾਵੇਗੀ।

## ਅਧਿਆਇ - 2

## ਸ਼ਲੋਕ ਪਹਿਲਾ

"ਇਸ ਸਰੀਰ ਦੇ ਅੰਦਰ ਹੀ ਚਾਨਣ ਹੈ, ਆਤਮਾ ਹੈ ਇਸ ਨੂੰ ਗੁਹਾਚਰ (guhachara) ਕਹਿੰਦੇ ਹਨ ਭਾਵ ਗੁਫਾ ਵਿਚ ਰਹਿਣ ਵਾਲਾ। ਪਰਮ ਸੱਤ ਦਾ ਵਾਸਾ ਏਥੇ ਹੀ ਹੈ। ਜੋ ਕੁਝ ਵੀ ਚੇਤਨ ਹੈ, ਜਾਨਦਾਰ ਹੈ ਸਮਵੇਗਕ ਹੈ ਜੜ੍ਹ ਚੇਤਨ ਜੋ ਕੁਝ ਵੀ ਮੌਜੂਦ ਹੈ ਉਸ ਸਭ ਕੁਝ ਦਾ ਮੁਢ ਇਹੋ ਹੀ ਹੈ। ਗਿਆਨ ਦੀ ਪ੍ਰਾਪਤੀ ਕਰਕੇ, ਆਤਮਾ ਤਕ ਪਹੁੰਚ ਕੇ ਜਗਿਆਸੂ ਸਭ ਤੋਂ ਅੱਗੇ ਲੰਘ ਜਾਂਦਾ ਹੈ, ਉਤਮ ਪੁਰਖ ਬਣ ਜਾਂਦਾ ਹੈ।"

ਇਸ ਸਲੋਕ ਵਿਚ ਦਸਿਆ ਗਿਆ ਹੈ ਕਿ ਪ੍ਰਮਾਤਮਾ ਅੰਦਰ ਵਸਦਾ ਹੈ, ਸਭ ਦੀ ਅੰਤਰ ਆਤਮਾ ਵਿਚ ਪ੍ਰਮਾਤਮਾ ਦਾ ਹੀ ਵਾਸ ਹੈ, ਸਭ ਤੋਂ ਵੱਧ ਚਾਨਣ ਓਥੇ ਹੀ ਹੈ, ਚਾਨਣ ਦਾ ਚਾਨਣ ਓਥੇ ਹੀ ਹੈ, ਇਹ ਹੀ ਸਾਡੇ ਸਭ ਦਾ ਓਟ ਆਸਰਾ ਹੈ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਕਿ ਸਾਈਕਲ ਵਿਚ ਹਬ ਹੁੰਦਾ ਹੈ ਤੇ ਉਹ ਪਹੀਏ ਦੇ ਸਪੋਕਸ ਨੂੰ ਸਹਾਰਾ ਦਿੰਦਾ ਹੈ। ਸਭ ਕੁਝ ਉਸ ਨਾਲ ਹੀ ਚਲਦਾ ਹੈ, ਚਮਕਦਾ ਹੈ, ਸੁਆਸ ਲੈਂਦਾ ਹੈ, ਹੇ ਸ਼ਿਸ਼! ਇਸ ਨੂੰ ਜਾਣੋ, ਇਹ ਹੀ ਤੇਰੀ ਆਤਮਾ ਹੈ ਇਹ ਹੀ ਤੇਰਾ ਸੂਖਮ ਹੈ, ਇਹ ਹੀ ਇੰਦ੍ਰੀਆਂ ਤੋਂ ਪਰ੍ਹੇ ਹੈ, ਮਨ ਤੋਂ ਪਰ੍ਹੇ ਹੈ, ਪ੍ਰਾਣੀਆਂ ਤੋਂ ਪਰ੍ਹੇ ਹੈ, ਇਹ ਬ੍ਰਹਮਾ ਦੀ ਹੀ ਸ਼ਕਤੀ ਹੈ ਜਿਸ ਨਾਲ ਇੰਦ੍ਰੀਆਂ ਪ੍ਰਾਣ ਮਨ ਸਭ ਕੁਝ ਚਲ ਰਿਹਾ ਹੈ। ਸੁਣਨ ਦੀ ਸ਼ਕਤੀ, ਸੋਚਣ ਦੀ ਸ਼ਕਤੀ, ਅੱਖਾਂ ਦੀ ਸ਼ਕਤੀ, ਬ੍ਰਹਮਾ ਦੀ ਸ਼ਕਤੀ ਹੀ ਤਾਂ ਹੈ, ਅੰਤਰ ਆਤਮਾ ਹੀ ਹੈ।

ਇਸ ਸ਼ਕਤੀ ਦੇ ਸਰੋਤ ਤੋਂ ਬਿਨਾਂ, ਇੰਦ੍ਰੀਆਂ ਤੋਂ ਬਿਨਾਂ, ਸੁਆਸਾਂ ਤੋਂ ਬਿਨਾਂ, ਮਨ ਬਿਲਕੁਲ ਜੜ੍ਹ ਹੈ, ਉਸ ਵਿਚ ਕੋਈ ਸ਼ਕਤੀ ਹੀ ਨਹੀਂ। ਉਹ ਕੋਈ ਕਾਰਜ ਕਰ ਹੀ ਨਹੀਂ ਸਕਦਾ, ਬ੍ਰਹਮਾ ਹੀ ਵਿਅਕਤੀ ਦੀ ਆਤਮਾ ਹੈ। ਇਹੋ ਹੀ ਕਾਰਣ ਹੈ ਦੇਖਣ ਦੀ ਸਕਤੀ, ਸੁਣਨ ਦੀ ਸ਼ਕਤੀ, ਸੁੰਘਣ ਦੀ ਸ਼ਕਤੀ, ਖਾਣ ਦਾ ਸੁਆਦ, ਹੱਥ ਨਾਲ ਪਕੜ ਕੇ ਦੇਖਣ ਦੀ ਸ਼ਕਤੀ ਅਨੁਭਵ ਕੀਤੀ ਜਾਂਦੀ ਹੈ। ਜਗਿਆਸੂ ਨੂੰ ਚਿੰਤਨ ਕਰਨਾ ਚਾਹੀਦਾ ਹੈ। ਧਿਆਨ ਲਗਾਉਣਾ ਚਾਹੀਦਾ ਹੈ। ਚਿੰਤਨ ਕਰਕੇ ਧਿਆਨ ਲਗਾ ਕੇ ਹੀ ਬ੍ਰਹਮਾ ਦੀ ਪ੍ਰਾਪਤੀ ਹੋ ਸਕਦੀ ਹੈ, ਬ੍ਰਹਮਾ ਹੀ ਸਾਰੀਆਂ ਸ਼ਕਤੀਆਂ ਦਾ ਸਰੋਤ ਹੈ, ਇਨ੍ਹਾਂ ਅਨੁਭਵਾਂ ਦਾ ਸਰੋਤ ਹੈ। ਜਗਿਆਸੂ ਬ੍ਰਹਮਾ ਨੂੰ ਆਪਣੇ

ਹਿਰਦੇ ਵਿਚ ਅਨੁਭਵ ਕਰਦਾ ਹੈ, ਉਸ ਨੂੰ ਜਾਨਣ ਵਾਲਾ ਸਿੱਧ ਪੁਰਸ਼ ਹੈ। ਆਤਮਾ ਹੀ ਹਰ ਚੀਜ਼ ਦਾ ਪ੍ਰਤੀਕ ਹੈ, ਆਤਮਾ ਹੀ ਹਰ ਗੱਲ ਦਾ ਲਸ਼ਕਾਰਾ ਹੈ ਇਸ ਕਾਰਣ ਹੀ ਲਗਦਾ ਹੈ ਕਿ ਆਤਮਾ ਚਲਿਤ ਹੈ ਤੇ ਸਾਈਕਲ ਦੇ ਪਹੀਏ ਦੀ ਤਰ੍ਹਾਂ ਹੈ ਜਿਹੜਾ ਚਲਦਾ ਹੈ।

ਜਿਹੜੇ ਅਨੁਸਾਸ਼ਨ ਵਿਚ ਨਹੀਂ, ਉਹ ਧਿਆਨ ਕਰਨਾ ਨਹੀਂ ਜਾਣਦੇ, ਚਿੰਤਨ ਕਰਨਾ ਨਹੀਂ ਜਾਣਦੇ ਉਹ ਨਾ ਤਾਂ ਮੈਡੀਟੇਸ਼ਨ ਕਰ ਸਕਦੇ ਹਨ ਤੇ ਨਾ ਹੀ ਮਨ ਇਕਾਗਰ ਕਰ ਸਕਦੇ ਹਨ। ਇਹੋ ਜਿਹਾ ਮਨ ਅਨੁਸ਼ਾਸਨ ਤੋਂ ਬਾਹਰ ਹੈ, ਇਸ ਕੋਲ ਆਪਣੇ ਆਪ ਨੂੰ ਜਾਨਣ ਦੀ, ਆਤਮਾ ਨੂੰ ਜਾਨਣ ਦੀ ਕੋਈ ਸਕਤੀ ਨਹੀਂ। ਆਤਮਾ ਦੀ ਕੋਈ ਰੂਪ ਰੇਖਾ ਨਹੀਂ ਜਿਸ ਕਰਕੇ ਆਤਮਾ ਤੇ ਇਕਾਗਰ ਕਰਨਾ ਔਖਾ ਹੈ। ਬਿਨਾਂ ਰੂਪ ਰੇਖ ਦੇ ਬ੍ਰਹਮਾ ਦੀ ਸ਼ਕਤੀ ਇਕ ਅਣੂ ਵਿਚ ਹੈ, ਛੋਟੇ ਤੋਂ ਛੋਟੇ ਕਣ ਵਿਚ ਹੈ, ਉਸ ਦਾ ਪਸਾਰਾ ਸਾਰੇ ਸੰਸਾਰ ਵਿਚ ਹੈ, ਵਿਸ਼ਵ ਵਿਚ ਹੈ। ਚੌਥੇ ਸਲੋਕ ਵਿਚ ਦਸਿਆ ਹੈ ਆਤਮਾ ਇਕ ਹੈ, ਸਥਿਰ ਹੈ, ਮਨ ਤੋਂ ਵੀ ਵੱਧ ਤੀਖਣ ਹੈ। ਇਹ ਈਸ਼ ਉਪਨਿਸ਼ਦ ਵਿਚ ਦਸਿਆ ਗਿਆ ਹੈ।

ਆਤਮਾ ਹੀ ਬ੍ਰਹਮਾ ਹੈ। ਜਦੋਂ ਅਸੀਂ ਮਨੁੱਖ ਦੇ ਸੁਭਾਅ ਦੀ ਗੱਲ ਕਰਦੇ ਹਾਂ ਅਸੀਂ ਕਹਿੰਦੇ ਹਾਂ ਆਤਮਾ ਮਨੁੱਖ ਰੂਪ ਸਰੀਰ ਦੀ ਗੁਫਾ ਵਿਚ ਰਹਿੰਦੀ ਹੈ। ਜਗਿਆਸੂ ਲਈ ਇਹ ਜਾਨਣਾ ਆਵਸ਼ਕ ਹੈ ਕਿ ਆਤਮਾ ਨੂੰ ਅੰਤਰਮੁਖੀ ਹੋ ਕੇ ਹੀ ਦੇਖਿਆ ਜਾ ਸਕਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਆਤਮਾ ਸਾਈਕਲ ਦੇ ਹੱਬ ਦੀ ਤਰ੍ਹਾਂਹੈ, ਜਿਸ ਦੇ ਚੱਲਣ ਨਾਲ ਸਾਰਾ ਪਹੀਆ ਚਲਦਾ ਹੈ ਪਰ ਉਹ ਆਪ ਨਹੀਂ ਚਲਦਾ। ਈਸ਼ ਉਪਨਿਸ਼ਦ ਵਿਚ ਇਸ ਤਰ੍ਹਾਂ ਦੱਸਿਆ ਗਿਆ ਹੈ। ਮਨ ਬਿਜਲੀ ਤੋਂ ਵੀ ਤੇਜ਼ ਦੌੜਦਾ ਹੈ, ਪਰ ਆਤਮਾ ਇਸ ਤੋਂ ਵੀ ਵੱਧ ਤੇਜ਼ ਹੈ, ਉਸ ਦੀ ਸਪੀਡ ਇਸ ਤੋਂ ਵੀ ਵੱਧ ਹੈ। ਇਸ ਤੋਂ ਭਾਵ ਹੈ ਕਿ ਮਨ ਭਾਵੇਂ ਕਿੰਨਾ ਹੀ ਤੇਜ਼ ਕਿਉਂ ਨਾ ਦੌੜੇ, ਆਤਮਾ ਕਿਉਂਕਿ ਸਰਬ ਵਿਆਪਕ ਹੈ, ਇਸ ਲਈ ਆਤਮਾ ਪਹਿਲਾਂ ਹੀ ਓਥੇ ਹੈ ਜਿਥੇ ਵੀ ਮਨ ਜਾਏਗਾ, ਆਤਮਾ ਪਹਿਲਾ ਹੀ ਓਥੇ ਹੋਏਗੀ।

## ਸ਼ਲੋਕ ਦੂਸਰਾ

"ਇਹ ਅਜਰ ਅਮਰ ਅਟੱਲ ਬ੍ਰਹਮਾ ਦਾ ਚਾਨਣ ਸੂਖਮ ਤੋਂ ਸੂਖਮ ਹੈ। ਸਾਰੀ ਸ੍ਰਿਸ਼ਟੀ, ਸਾਰੇ ਇਸ ਵਿਚ ਰਹਿਣ ਵਾਲੇ, ਇਸ ਚਮਕ, ਇਸ ਰੋਸ਼ਨੀ ਵਿਚ ਸਮੋਏ ਹੋਏ ਹਨ। ਬ੍ਰਹਮਾ ਹੀ ਸਾਡੇ ਪ੍ਰਾਣ ਹਨ, ਬ੍ਰਹਮਾ ਹੀ ਸਾਡੀ

ਬਾਣੀ ਹੈ, ਬ੍ਰਹਮਾ ਹੀ ਸਾਡਾ ਮਨ ਹੈ। ਕੇਵਲ ਬ੍ਰਹਮਾ ਹੀ ਸਤਿ ਹੈ, ਅਜਰ ਹੈ, ਅਮਰ ਹੈ, ਅਟੱਲ ਹੈ ਇਸ ਗੱਲ ਦਾ ਹੀ ਗਿਆਨ ਸਭ ਨੂੰ ਹੋਣਾ ਚਾਹੀਦਾ ਹੈ।"

ਰਥ ਚਲਦਾ ਹੈ ਕਿਉਂਕਿ ਇਕ ਗਿਆਨੀ ਇਸ ਰਥ ਨੂੰ ਚਲਾਣ ਵਾਲਾ ਹੈ, ਤੁਹਾਡੀ ਚੇਤਨਾ ਨਿਰੋਲ ਚੇਤਨਾ, ਤੁਹਾਡੇ ਪ੍ਰਾਣਾਂ ਨੂੰ, ਮਨ ਨੂੰ, ਇੰਦ੍ਰੀਆਂ ਨੂੰ, ਸੰਵੇਗਾਂ ਨੂੰ ਗਾਈਡ ਕਰਦੀ ਹੈ, ਭਾਵੇਂ ਤੁਸੀਂ ਇਸ ਨੂੰ ਦੇਖ ਨਹੀਂ ਸਕਦੇ ਪਰ ਇਹ ਹੀ ਤੁਹਾਡੀ ਪਥ ਪਰਦਰਸ਼ਕ ਹੈ। ਜਗਿਆਸੂ ਸਤਿ ਤੇ ਧਿਆਨ ਲਗਾਉਣਾ ਸਿੱਖ ਲੈਂਦਾ ਹੈ ਤੇ ਇਹ ਜਾਣ ਜਾਂਦਾ ਹੈ ਕਿ ਬ੍ਰਹਮਾ ਹਰ ਇਕ ਦੇ ਹਿਰਦੇ ਵਿਚ ਵਸਦਾ ਹੈ, ਜਦੋਂ ਇਹ ਮਹਿਸੂਸ ਹੋਣ ਲਗ ਪੈਂਦਾ ਹੈ, ਅੰਦਰ ਬਹੁਤ ਭਰੋਸਾ ਆ ਜਾਂਦਾ ਹੈ, ਉਦੋਂ ਬਾਹਰ ਦੇਖਣ ਨਾਲੋਂ ਮਨ ਤੁਹਾਨੂੰ ਅੰਤਰ ਵਲ ਲੈ ਜਾਂਦਾ ਹੈ। ਵੱਖ-ਵੱਖ ਪਰਤਾਂ ਤੋਂ ਬਾਅਦ ਤੁਸੀਂ ਆਤਮ ਸਿੱਧੀ, ਆਤਮ ਸਾਧਨਾ ਤੇ ਪਹੁੰਚ ਜਾਂਦੇ ਹੋ। ਧਿਆਨ ਲਗਾਉਣਾ ਮੈਡੀਟੇਸ਼ਨ ਕਰਨੀ ਇਸ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਤੇ ਇਸ ਦਾ ਅਭਿਆਸ ਲਗਾਤਾਰ ਕਰਦੇ ਰਹਿਣਾ ਚਾਹੀਦਾ ਹੈ। ਪਾਤੰਜਲ ਜਿਨ੍ਹਾਂ ਨੇ ਯੋਗ ਨੂੰ ਨਿਯਮਬੱਧ ਕੀਤਾ ਹੈ ਉਹ ਦਸਦੇ ਹਨ Sa tu dirgha-kala-nairantarya-satkarasevito dridha-bhumih ਕੇਵਲ ਉਹ ਅਭਿਆਸ ਹੀ ਪੱਕਦਾ ਹੈ ਜਿਹੜਾ ਬਾਰ-ਬਾਰ ਰੋਜ਼ ਕੀਤਾ ਜਾਵੇ, ਮਿਹਨਤ ਨਾਲ ਕੀਤਾ ਜਾਵੇ ਤੇ ਲੰਮੇ ਸਮੇਂ ਲਈ ਕੀਤਾ ਜਾਵੇ, ਪੂਰੀ ਰੁਚੀ ਤੇ ਸਕਾਰਆਤਮਕ ਬਿਰਤੀ ਨਾਲ ਕੀਤਾ ਜਾਵੇ।

ਬ੍ਰਹਮਾ ਦਾ ਉਤਮ ਵਿਗਿਆਨ ਸਮਝਣ ਲਈ ਜਗਿਆਸੂ ਨੂੰ ਆਪਣੀ ਬੁਧੀ ਤੀਖਣ ਕਰਨੀ ਚਾਹੀਦੀ ਹੈ, ਪਵਿੱਤਰ ਤੇ ਸ਼ੁਧ ਕਰਨੀ ਚਾਹੀਦੀ ਹੈ, ਮਨ ਸਾਫ ਕਰਨਾ ਚਾਹੀਦਾ ਹੈ ਤਾਂ ਹੀ ਜਗਿਆਸੂ ਬ੍ਰਹਮਾ ਦੇ ਰਾਜ ਵਿਚ ਪ੍ਰਵੇਸ਼ ਕਰ ਸਕਦਾ ਹੈ। ਬ੍ਰਹਮਾ ਕੇਂਦਰ ਬਿੰਦੂ ਹੈ, ਸਾਰਾ ਵਿਸ਼ਵ ਕੇਵਲ ਉਸੇ ਬਿੰਦੂ ਦਾ ਪਸਾਰਾ ਹੈ, ਆਤਮਾ ਮਨੁੱਖ ਦੇ ਅੰਦਰ ਦਾ ਬਿੰਦੂ ਹੈ। ਮਨ, ਬੁੱਧੀ, ਗਿਆਨ, ਸੰਵੇਗ, ਇੰਦ੍ਰੀਆਂ, ਪ੍ਰਾਣ ਇਹ ਸਭ ਬ੍ਰਹਮਾ ਦੀ ਹੀ ਰਚਨਾ ਹੈ ਇਹ ਸਭ ਬ੍ਰਹਮਾ ਦੇ ਹੀ ਚਲਾਏ ਚਲਦੇ ਹਨ, ਉਸ ਦੀ ਹੀ ਅਗਵਾਈ ਹੇਠ ਕੰਮ ਕਰਦੇ ਹਨ।

ਜਿਵੇਂ ਕਿ ਇਕ ਵਿਗਿਆਨੀ ਆਪਣੀ ਪ੍ਰਯੋਗਸ਼ਾਲਾ ਵਿਚ ਕੋਈ ਵੀ ਪ੍ਰਯੋਗ ਕਰਦਾ ਹੈ ਇਸੇ ਤਰ੍ਹਾਂ ਜਗਿਆਸੂ ਆਪਣੇ ਅੰਤਰ ਦੇ ਜੀਵਨ ਨੂੰ ਪ੍ਰਯੋਗਸ਼ਾਲਾ ਬਣਾਉਂਦਾ ਹੈ ਤਾਂ ਜੋ ਉਹ ਅੰਦਰ ਦੇ ਸੂਖਮ ਭਾਵ, ਸ਼ਕਤੀ ਨੂੰ ਸਮਝ ਸਕੇ। ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਮੈਡੀਟੇਸ਼ਨ ਕਰਕੇ,

ਧਿਆਨ ਲਗਾਏ, ਪਰ ਇਹ ਸਭ ਕੁਝ ਉਹ ਨਿਯਮਬੱਧ ਹੋ ਕੇ ਇਕ ਸੁਰ ਇਕ ਸਾਰ ਇਕਾਗਰ ਹੋ ਕੇ ਕਰੇ, ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਇਕ ਜਗਿਆਸੂ ਆਪਣੀ ਪ੍ਰਯੋਗਸ਼ਾਲਾ ਵਿਚ ਪ੍ਰਯੋਗ ਕਰਦਾ ਹੈ।

ਅੰਧ ਵਿਸ਼ਵਾਸ਼ ਜਗਿਆਸੂ ਨੂੰ ਗੁਮਰਾਹ ਕਰ ਸਕਦਾ ਹੈ। ਦਲੀਲ ਯੁਕਤ, ਦਲੀਲ ਨਾਲ ਕੀਤਾ ਭਰੋਸਾ ਸ਼ੁਧ ਬੁੱਧੀ, ਸ਼ੁਧ ਮਨ ਜੋ ਕੇ ਜਗਿਆਸੂ ਆਤਮ ਮਾਰਗ ਤੇ ਚੱਲ ਕੇ ਪ੍ਰਾਪਤ ਕਰਦਾ ਹੈ ਉਹ ਜਗਿਆਸੂ ਨੂੰ ਡੂੰਘਾ ਲੈ ਜਾਂਦੀ ਹੈ ਜਿਸ ਬਾਰੇ ਆਮ ਮਨੁੱਖਾਂ ਨੂੰ ਕੋਈ ਪਤਾ ਹੀ ਨਹੀਂ ਹੁੰਦਾ। ਅੰਦਰ ਦੀ ਡੂੰਘਾਈ ਜਾਨਣ ਦਾ ਹੋਰ ਕੋਈ ਤਰੀਕਾ ਹੀ ਨਹੀਂ। ਉਸ ਲਈ ਤਾਂ ਮੈਡੀਟੇਸ਼ਨ ਹੀ ਕਰਨੀ ਪੈਂਦੀ ਹੈ, ਧਿਆਨ ਲਗਾਉਣਾ ਪੈਂਦਾ ਹੈ, ਭਜਨ ਸਿਮਰਨ ਕਰਨਾ ਪੈਂਦਾ ਹੈ। ਧਿਆਨ ਲਗਾਉਣ ਨਾਲ, ਚਿੰਤਨ ਕਰਨ ਨਾਲ ਬੁੱਧੀ ਤੀਖਣ ਹੁੰਦੀ ਹੈ, ਮੈਡੀਟੇਸ਼ਨ ਕਰਨ ਨਾਲ ਮਨ ਬੁੱਧੀ ਤੇ ਹੋਰ ਬਹੁਤ ਸੁਧਾਈ ਹੁੰਦੀ ਹੈ ਤੇ ਬਹੁਤ ਕੁਝ ਦਾ ਏਕੀਕਰਣ ਹੁੰਦਾ ਹੈ। ਉਹ ਸਭ ਇਕਾਗਰ ਹੋ ਕੇ ਪੂਰਣ ਸ਼ਰਧਾ ਬਣਦੀ ਹੈ ਜਿਸ ਤੋਂ ਭਾਵ ਹੈ ਸ਼ਰਧਾ ਤੇ ਸਮਾਨ, ਸਤਿਕਾਰ।

ਬਹੁਤ ਸਾਰੇ ਸ਼ਿਸ਼ ਇਸ ਗੱਲ ਵਿਚ ਸਮਾਂ ਵਿਅਰਥ ਗੁਆ ਦਿੰਦੇ ਹਨ ਕਿ ਭਗਤੀ ਉਚੀ ਹੈ, ਕਰਮ ਕਰਨਾ ਉਸ ਤੋਂ ਥੱਲੇ ਹੈ, ਕੋਈ ਕਹਿੰਦੇ ਹਨ ਕਰਮ ਕਰਨੇ ਉਚੇ ਹਨ, ਭਗਤੀ ਉਸ ਤੋਂ ਥੱਲੇ ਹੈ। ਇਹ ਠੀਕ ਹੈ ਕਿ ਕਰਮ ਭਗਤੀ ਤੋਂ ਨੀਵੇਂ ਹੀ ਹਨ ਪਰ ਨਿਸ਼ਕਾਮ ਕਰਮ, ਭਗਤੀ ਸਮਝ ਕੇ ਕਰਮ ਕਰਨੇ ਇਹ ਭਗਤੀ ਦਾ ਹੀ ਹਿੱਸਾ ਹੈ। ਭਗਤੀ ਦਾ ਇਹ ਮਾਰਗ, ਪਿਆਰ ਇਹ ਮਨੁੱਖ ਨੂੰ ਆਤਮ ਸਿੱਧੀ ਤੇ ਪਹੁੰਚਾ ਦਿੰਦੇ ਹਨ। ਸੱਚਾ ਸ਼ਰਧਾਲੂ ਮੈਡੀਟੇਸ਼ਨ ਦਾ ਅਭਿਆਸ ਕਰਦਾ ਹੈ, ਪੂਰੀ ਸ਼ਰਧਾ ਨਾਲ ਕਰਦਾ ਹੈ ਤੇ ਸੰਸਾਰ ਵਿਚ ਨਿਸ਼ਕਾਮ ਕਰਮ ਕਰਦਾ ਹੈ, ਉਹ ਆਪਣਾ ਸਮਾਂ ਬੇਅਰਥ ਨਹੀਂ ਗੁਆਉਂਦਾ।

## ਸਲੋਕ ਤੀਸਰਾ

"ਉਪਨਿਸ਼ਦਾਂ ਦੇ ਗਿਆਨ ਦਾ ਤੀਰ ਕਮਾਨ ਬਣਾਓ, ਜਗਿਆਸੂ ਨੂੰ ਚਾਹੀਦਾ ਹੈ ਕਿ ਮਨ ਦਾ ਤੀਰ ਉਸ ਤੀਰ ਕਮਾਨ ਤੇ ਚੜ੍ਹੀਏ, ਉਸ ਨੂੰ ਮੈਡੀਟੇਸ਼ਨ ਨਾਲ ਤੇਜ ਕਰੇ, ਪੂਰੀ ਤਰ੍ਹਾਂ ਇਕ ਚਿੱਤ ਹੋ ਕੇ ਉਸ ਦੀ ਕਮਾਨ ਖਿੱਚੋ ਤੇ ਫੇਰ ਨਿਸ਼ਾਨੇ ਤੇ ਤੀਰ ਮਾਰੇ। ਉਹ ਮੇਰੇ ਪਿਆਰੇ ਯਾਦ ਰੱਖੇ ਨਿਸ਼ਾਨਾ ਕੇਵਲ ਅਜਰ, ਅਮਰ, ਅਟੱਲ, ਸਤਿ ਹੀ ਹੋਵੇ।"

ਉਪਨਿਸ਼ਦਾਂ ਵਿਚ ਓਮ ਸ਼ਬਦ ਦੀ ਬੜੀ ਉਸਤਤ ਲਿਖੀ ਹੈ ਤੇ ਓਮ

ਸ਼ਬਦ ਦੀ ਧੁਨ ਨਾਲ ਹੀ ਮੈਡੀਟੇਸ਼ਨ ਕਰਨ ਨੂੰ ਕਿਹਾ ਗਿਆ ਹੈ। ਸਾਰੇ ਉਪਨਿਸ਼ਦਾਂ ਵਿਚ ਓਮ ਸ਼ਬਦ ਨੂੰ ਅਤਿ ਉਤਮ ਦੱਸਿਆ ਗਿਆ ਹੈ ਤੇ ਏਸੇ ਦੀ ਧੁਨ ਨਾਲ ਮੈਡੀਟੇਸ਼ਨ ਕਰਨਾ ਲਿਖਿਆ ਹੈ, ਵਾਸਤਵ ਵਿਚ ਜਿਹੜਾ ਏਸ ਸ਼ਬਦ ਦੀ ਗੰਭੀਰਤਾ ਨੂੰ ਗਹਿਰਾਈ ਨੂੰ ਜਾਣਦਾ ਹੈ ਉਹ ਬ੍ਰਹਮਾ ਨੂੰ ਜਾਣਦਾ ਹੈ। ਉਪਨਿਸ਼ਦ ਮੈਡੀਟੇਸ਼ਨ ਕਰਨ ਦਾ ਪੂਰਾ-ਪੂਰਾ ਤਰੀਕਾ ਦਸਦੇ ਹਨ, ਪੂਰਾ ਸਕਾਰਆਤਮਕ ਤਰੀਕਾ ਦਸਦੇ ਹਨ ਇਹ ਤਰੀਕਾ ਤਿਆਗੀਆਂ ਲਈ ਵੀ ਹੈ ਤੇ ਅਗਾਂਹ ਪਹੁੰਚੇ ਸ਼ਿਸ਼ਾਂ ਲਈ ਵੀ ਹੈ।

ਉਪਨਿਸ਼ਦਾਂ ਨੂੰ ਪੜ੍ਹੇ ਬਿਨਾਂ ਗ੍ਰੰਥਾਂ ਨੂੰ ਪੜ੍ਹੇ ਬਿਨਾਂ ਵਿਸ਼ੇਸ਼ ਤੌਰ ਤੇ ਮੰਡੂਕ ਉਪਨਿਸ਼ਦ ਨੂੰ ਪੜ੍ਹੇ ਬਿਨਾਂ ਜਗਿਆਸੂ ਨੂੰ ਕਦੇ ਵੀ 'ਓਮ' ਸ਼ਬਦ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਉਸ ਦੀ ਧੁਨ ਤੇ ਵੀ ਕਦੀ ਧਿਆਨ ਲਗਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਹਮੇਸ਼ਾਂ ਕਿਸੇ ਮਹਾਂਪੁਰਖ ਦੀ ਅਗਵਾਈ ਲੈਣੀ ਚਾਹੀਦੀ ਹੈ। 'ਓਮ' ਤਿੰਨ ਅੱਖਰਾਂ ਦਾ ਮਿਸ਼ਰਨ ਹੈ। A, U, M ਇਹ ਮਨ ਦੀਆਂ ਤਿੰਨ ਅਵਸਥਾ ਬਾਰੇ ਦਸਦਾ ਹੈ। ਇਹ ਤਿੰਨ ਅਵਸਥਾ ਜੀਵ ਆਤਮਾ ਦੀਆਂ ਹਨ ਜਾਗਤ, ਸੁਪਨ ਤੇ ਸਖੋਪਤੀ ਅੰਤ ਵਿਚ ਇਸ ਦੀ ਅੰਤਮ ਅਵਸਥਆ ਵੀ ਹੈ ਜਿਸ ਨੂੰ ਤੁਰੀਆ ਅਵਸਥਾ ਕਹਿੰਦੇ ਹਨ, ਭਾਵ ਪਰਮ ਚੇਤਨਾ, ਉਚ ਚੇਤਨ ਅਵਸਥਾ ਜਿਹੜੀ ਕਿ ਬਿਲਕੁਲ ਸ਼ਾਂਤ ਹੈ ਤੇ ਨਿਰੋਲ ਆਤਮਾ ਹੈ।

ਜਿਹੜੇ ਇਸ ਮਾਰਗ ਤੇ ਨਵੇਂ ਆਏ ਹਨ, ਗ੍ਰੰਥਾਂ ਨੂੰ ਚੰਗੀ ਤਰ੍ਹਾਂ ਨਾਲ ਨਹੀਂ ਜਾਣਦੇ ਉਨ੍ਹਾਂ ਨੂੰ ਪਹਿਲਾਂ ਆਪਣੇ ਆਪ ਨੂੰ ਤਿਆਰ ਕਰਨਾ ਚਾਹੀਦਾ ਹੈ, ਮੈਡੀਟੇਸ਼ਨ ਲਈ ਤਿਆਰੀ ਕਰਕੇ 'ਓਮ' ਸ਼ਬਦ ਦੀ ਮਹਿਮਾ ਨੂੰ ਸਮਝਣਾ ਚਾਹੀਦਾ ਹੈ। ਜਿਹੜੇ ਜਗਿਆਸੂ ਦੇਹ ਅਭਿਆਸ ਤੋਂ ਅੱਗੇ ਨਿਕਲ ਗਏ ਹਨ ਮਨ ਤੋਂ ਵੀ ਅੱਗੇ ਚਲੇ ਗਏ ਹਨ ਕੇਵਲ ਅਧਿਆਤਮ ਮਾਰਗ ਦੀ ਹੀ ਸੋਝੀ ਰਖਦੇ ਹਨ, ਧਿਆਨ ਲਗਾਉਂਦੇ ਹਨ, ਮੈਡੀਟੇਸ਼ਨ ਕਰਦੇ ਉਹ ਕੇਵਲ ਓਮ ਤੇ ਹੀ ਧਿਆਨ ਲਗਾਉਂਦੇ ਹਨ। ਉਨ੍ਹਾਂ ਨੂੰ ਕਿਸੇ ਵੀ ਆਕਾਰ ਜਾਂ ਹੋਰ ਕਿਸੇ ਚੀਜ਼ ਦੀ ਲੋੜ ਨਹੀਂ ਜਿਸ ਤੇ ਉਹ ਧਿਆਨ ਲਗਾ ਸਕਣ, ਇਹ ਵਸਤੂਆਂ ਤਾਂ ਨਵੇਂ-ਨਵੇਂ ਸ਼ਿਸ਼ ਵਰਤਦੇ ਹਨ। ਸੱਚਾ ਜਗਿਆਸੂ ਤਾਂ ਅੱਗੇ ਨਿਕਲ ਜਾਂਦਾ ਹੈ। ਉਹ ਇਹ ਚੀਜ਼ਾਂ ਪਿਛੇ ਛੱਡ ਆਇਆ ਹੈ, ਉਹ ਮਨ ਦੇ ਆਕਾਰ ਤੇ ਨਮੂਨੇ ਅੱਗੇ ਨਹੀਂ ਰਖਦਾ। ਉਹ ਕੇਵਲ 'ਓਮ' ਤੇ ਹੀ ਮੈਡੀਟੇਸ਼ਨ ਕਰਦੇ ਹਨ।

ਜਗਿਆਸੂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਜਦੋਂ ਵੀ ਕੋਈ ਆਕਾਰ ਕੋਈ ਨਕਸ਼ਾ ਅੱਖਾਂ ਅੱਗੇ ਰਖਾਂਗੇ ਉਹ ਜਗਿਆਸੂ ਨੂੰ ਫੇਰ

ਕਲਪਨਾ ਦੀ ਹੱਦ ਤਕ ਰਹਿਣ ਦੇਵੇਗਾ। ਜਿਵੇਂ ਵੱਡੇ-ਵੱਡੇ ਕਵੀ ਜਾਂ ਚਿਤਰਕਾਰ ਜਿਨ੍ਹਾਂ ਦੀ ਦ੍ਰਿਸ਼ਟੀ ਵੱਡੇ ਮਹਾਂਪੁਰਖ ਹੁੰਦੀ ਹੈ, ਉਨ੍ਹਾਂ ਦਾ ਗਿਆਨ ਮਨ ਤੋਂ ਨਹੀਂ, ਦ੍ਰਿਸ਼ਟੀ ਸ਼ਕਤੀ ਤੋਂ ਆਉਂਦਾ ਹੈ। ਇਨ੍ਹਾਂ ਸਜਣਾਂ ਦੀ ਕਲਪਨਾ ਮਨ ਦੀ ਨਹੀਂ ਹੁੰਦੀ ਜਿਸ ਕਰਕੇ ਕਿਸੇ ਵੀ ਤਰ੍ਹਾਂ ਦਾ ਵਿਘਨ ਤੋੜ ਮੋੜ ਜੇ ਮਨ ਕਰਨਾ ਚਾਹੇ, ਉਹ ਨਹੀਂ ਹੋ ਸਕਦੀ।

ਜਗਿਆਸੂ ਨੂੰ ਬਿਲਕੁਲ ਸਿੱਧੇ ਬੈਠਣਾ ਚਾਹੀਦਾ ਹੈ ਰੀੜ ਦੀ ਹੱਡੀ ਸਿੱਧੀ ਰਖਣੀ ਚਾਹੀਦੀ ਹੈ, ਸਿਰ ਗਰਦਨ ਬਿਲਕੁਲ ਸਿੱਧੇ ਹੋਣੇ ਚਾਹੀਦੇ ਹਨ, ਮੂੰਹ ਬੰਦ, ਦੰਦ ਬੰਦ ਹੋਣੇ ਚਾਹੀਦੇ ਹਨ ਤਾਂ ਜੋ ਜੀਭ ਹਿੱਲੇ ਨਹੀਂ। ਇਸ ਤਰ੍ਹਾਂ ਨਾਲ ਜਗਿਆਸੂ 'ਓਮ' ਦੀ ਧੁਨੀ ਸੁਣ ਸਕਦਾ ਹੈ, ਸ੍ਵਾਸਾਂ ਵਿਚ ਕਿਸੇ ਕਿਸਮ ਦੀ ਰੁਕਾਵਟ ਨਹੀਂ ਹੋਣੀ ਚਾਹੀਦੀ ਇਸ ਤਰ੍ਹਾਂ ਨਾਲ ਜਗਿਆਸੂ ਪ੍ਰਾਣਮਈ ਕੋਸ਼ ਦੁਆਰਾ ਸ਼ਾਂਤੀ ਦਾ ਅਨੁਭਵ ਕਰ ਲੈਂਦਾ ਹੈ।

ਕਿੰਨੇ ਹੀ ਮੰਤਰ ਐਸੇ ਹਨ ਜਿਹੜੇ ਮੈਡੀਟੇਸ਼ਨ ਸ਼ੁਰੂ ਕਰਨ, ਮੈਡੀਟੇਸ਼ਨ ਦੀ ਨੀਂਹ ਰੱਖਣ ਲਈ ਵਰਤੇ ਜਾ ਸਕਦੇ ਹਨ। ਕਿਸੇ ਵੀ ਹੋਰ ਮੰਤਰ ਦੀ ਵਰਤੋਂ ਬਿਨ੍ਹਾਂ ਗੁਰੂ ਦੀ ਗਾਈਡੈਂਸ ਦੇ ਹਾਨੀਕਾਰਕ ਹੋ ਸਕਦੀ ਹੈ। ਵਿਸ਼ੇਸ਼ ਤੌਰ ਤੇ ਜੇ ਉਨ੍ਹਾਂ ਦਾ ਅਭਿਆਸ ਠੀਕ ਤਰ੍ਹਾਂ ਨਾਲ ਨਾ ਕੀਤਾ ਜਾਵੇ।

ਜਿਹੜੇ ਵੀ ਸਰੀਰ ਵਿਗਿਆਨ ਜਾਣਦੇ ਹਨ, ਯੋਗਾ ਜਾਣਦੇ ਹਨ, ਉਹ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਨ ਕਿ ਘੜੀ-ਘੜੀ ਸ੍ਵਾਸਾਂ ਦਾ ਰੋਕਣਾ, ਉਨ੍ਹਾਂ ਵਿਚ ਰੁਕਾਵਟ ਪਾਉਣੀ, ਫੇਫੜਿਆਂ ਲਈ ਤੇ ਹਿਰਦੇ ਦੇ pumping station ਲਈ ਠੀਕ ਨਹੀਂ, ਇਸ ਨਾਲ ਹਾਲਤ ਅਸਾਧਾਰਨ ਹੋ ਜਾਂਦੀ ਹੈ ਤੇ ਖ਼ੂਨ ਦੀ ਗਤੀ ਵੀ ਬੇਨਿਯਮੀ ਹੋ ਜਾਂਦੀ ਹੈ ਜਿਹੜੀ ਫੇਰ ਦਿਮਾਗ ਤੇ ਵੀ ਪ੍ਰਭਾਵ ਪਾਉਂਦੀ ਹੈ। ਇਸੇ ਕਰਕੇ ਮੰਤਰਾਂ ਦਾ ਗਿਆਨ ਦੇਣਾ ਆਪਣੇ ਆਪ ਵਿਚ ਇਕ ਵਿਗਿਆਨ ਹੈ ਜਿਸ ਨੂੰ ਬਹੁਤ ਥੋੜ੍ਹੇ ਗੁਰੂ ਤੇ ਯੋਗੀ ਸਮਝਦੇ ਹਨ ਤੇ ਇਨ੍ਹਾਂ ਦਾ ਨਤੀਜਾ ਜਾਣਦੇ ਹਨ।

ਇਸ ਸਲੋਕ ਵਿਚ ਦਸਿਆ ਗਿਆ ਹੈ ਜਦੋਂ ਜਗਿਆਸੂ ਮੁਢਲੀਆਂ ਗੱਲਾਂ ਤੇ ਕਾਬੂ ਪਾ ਲੈਂਦਾ ਹੈ ਜਿਵੇਂ ਕਿ ਇੰਦ੍ਰੀਆਂ ਤੇ ਕਾਬੂ ਪਾਉਣਾ ਫੇਰ ਉਹ ਉਪਨਿਸ਼ਦਾਂ ਦੇ ਗਿਆਨ ਦਾ ਤੀਰ ਚਲਾਣਾ ਜਾਣ ਲੈਂਦਾ ਹੈ। ਜਦੋਂ ਮਨ ਦਾ ਤੀਰ ਮੈਡੀਟੇਸ਼ਨ ਨਾਲ ਤਿੱਖਾ ਹੋ ਜਾਂਦਾ ਹੈ ਉਸ ਨੂੰ ਪੂਰੀ ਸੁਰਤੀ ਬਿਰਤੀ ਨਾਲ ਤਿਆਰ ਕਰ ਲਿਆ ਜਾਂਦਾ ਹੈ ਫੇਰ ਜਗਿਆਸੂ ਉਸ ਤੀਰ ਨੂੰ ਕਮਾਨ ਤੇ ਚੜ੍ਹਾ ਕੇ ਉਸ ਉਤਮ ਬ੍ਰਹਮਾ ਦੇ ਭੇਜਦਾ ਹੈ।

## ਸਲੋਕ ਚਾਰ

" 'ਓਮ' ਤੀਰ ਕਮਾਨ ਹੈ, ਆਤਮਾ ਤੀਰ ਹੈ, ਬ੍ਰਹਮਾ (ਵਿਸ਼ਵ ਆਤਮਾ) ਤੁਹਾਡਾ ਨਿਸ਼ਾਨਾ ਹੈ। ਆਪਣੇ ਨਿਸ਼ਾਨੇ ਨੂੰ ਸਾਮ੍ਹਣੇ ਰੱਖੋ ਤੇ ਤੀਰ ਦੀ ਤਰ੍ਹਾਂ ਨਿਸ਼ਾਨੇ ਵਿਚ ਸਮਾ ਜਾਓ।"

ਚੌਥੇ ਸਲੋਕ ਵਿਚ ਵੀ ਓਮ ਸ਼ਬਦ ਦੀ ਵਿਆਖਿਆ ਜਾਰੀ ਹੈ। 'ਓਮ' ਦੀ ਵਰਤੋਂ ਬਹੁਤ ਪਹੁੰਚੇ ਹੋਏ ਜਗਿਆਸੂ ਤੇ ਯੋਗੀ ਕਰਦੇ ਹਨ। 'ਓਮ' ਨੂੰ ਤੀਰ ਕਮਾਨ ਰਖਦੇ ਹਨ ਭਾਵ ਆਪ ਨੂੰ ਆਪਣੀ ਆਤਮਾ ਤੀਰ ਕਮਾਨ ਹੈ, ਜੀਵ ਆਤਮਾ ਤੀਰ ਹੈ। ਇਹੋ ਜਿਹਾ ਜਗਿਆਸੂ ਬ੍ਰਹਮਾ ਨੂੰ ਆਪਣਾ ਨਿਸ਼ਾਨਾ ਬਣਾਉਂਦਾ ਹੈ। ਇਹੋ ਜਿਹਾ ਨਿਸ਼ਾਨਾ ਕੇਵਲ ਇਕਾਗਰ ਹੋ ਕੇ ਆਪਣੇ ਆਪ ਨੂੰ ਸਭ ਕੁਝ ਤੋਂ ਸਮੇਟ ਕੇ ਇਕ ਮੁਖ ਹੋ ਕੇ ਹੀ ਹੋ ਸਕਦਾ ਹੈ। ਜੇ ਮਨ ਸ਼ੁਧ ਨਹੀਂ ਉਸ ਨੂੰ ਅੰਤਰਮੁਖੀ ਨਾ ਕੀਤਾ ਜਾਵੇ, ਇਕਾਗਰ ਨਾ ਕੀਤਾ ਜਾਵੇ ਫੇਰ ਤੀਰ ਨਹੀਂ ਚਲਾਇਆ ਜਾ ਸਕਦਾ। ਜੇ ਚਲਾਇਆ ਵੀ ਜਾਏ ਤਾਂ ਲਾਭਕਾਰੀ ਨਹੀਂ ਹੋ ਸਕਦਾ।

ਹਰ ਸਮੇਂ ਜਪ ਕਰਨਾ, ਮਨ ਨੂੰ ਇਕਾਗਰ ਕਰਨ ਦਾ ਇਕ ਬਹੁਤ ਵੱਡਾ ਤਰੀਕਾ ਹੈ। ਉਸ ਦੀ ਵਰਤੋਂ ਕਰਨੀ ਚਾਹੀਦੀ ਹੈ। 'ਓਮ' ਸ਼ਬਦ ਬਹੁਤ ਹੀ ਰਹੱਸਵਾਦੀ ਸ਼ਬਦ ਹੈ। ਇਹ ਰਹੱਸਵਾਦੀ ਹੈ ਕਿਉਂਕਿ ਇਹ ਸਾਰੇ ਨਾਵਾਂ ਤੇ ਆਕਾਰਾਂ ਤੋਂ ਪਰ੍ਹੇ ਹੈ। ਇਹ ਸੂਖਮ ਹੈ, ਅਮੂਰਤ ਹੈ ਇਸ ਦਾ ਸਬੰਧ ਜੀਵ ਆਤਮਾ ਦੀਆਂ ਵੱਖ-ਵੱਖ ਦਸ਼ਾ ਨਾਲ ਹੈ। ਅਨੁਭਵ ਨਾਲ ਹੈ ਜੋ ਜਾਗਤ, ਸੁਪਨ ਤੇ ਨਿੰਦ੍ਰਾ ਦੀ ਅਵਸਥਾ ਵਿਚ ਹੁੰਦੀਆਂ ਹਨ।

ਜਿਨ੍ਹਾਂ ਨੇ ਗ੍ਰੰਥ ਪੜ੍ਹੇ ਹਨ, ਜਿਨ੍ਹਾਂ ਨੇ ਵਿਚਾਰ ਕੀਤਾ ਹੈ, ਚਿੰਤਨ ਕੀਤਾ ਹੈ ਉਨ੍ਹਾਂ ਲਈ ਇਹ ਸ਼ਬਦ ਰਹੱਸਮਈ ਨਹੀਂ ਹੈ, ਉਨ੍ਹਾਂ ਨੇ ਮਨ ਇਕਾਗਰ ਕਰ ਲਿਆ ਹੈ, ਉਨ੍ਹਾਂ ਨੇ ਧਿਆਨ ਲਗਾ ਲਿਆ ਹੈ, ਉਹ ਅੰਤਰਮੁਖੀ ਹੋ ਗਏ ਹਨ।

ਜੇ ਮਨ ਵਿਚ 'ਓਮ' ਨੂੰ ਯਾਦ ਰੱਖੋ, ਆਪਣੇ ਵਿਚਾਰਾਂ ਵਿਚ ਸਦਾ 'ਓਮ' ਨੂੰ ਯਾਦ ਰੱਖੋ, 'ਓਮ' ਦੇ ਨਿਸ਼ਾਨ ਤੁਹਾਡੇ ਅਚੇਤ ਮਨ ਵਿਚ ਪੈ ਜਾਣਗੇ। ਅੰਤ ਵਿਚ ਇਹ ਤੁਹਾਡਾ ਹਿੱਸਾ ਬਣ ਜਾਵੇਗਾ। ਜਦੋਂ ਤੁਸੀਂ ਸੰਸਾਰ ਛੱਡ ਕੇ ਜਾਓਗੇ, ਇਹ ਤੁਹਾਡੀ ਮਦਦ ਕਰੇਗਾ, ਤੁਹਾਨੂੰ ਗਾਈਡ ਕਰੇਗਾ।

ਓਮ ਇਕ ਪ੍ਰਕਾਰ ਦਾ ਸੇਤੂ ਹੈ ਦੋ ਕੰਢਿਆਂ ਨੂੰ ਜੋੜਨ ਵਾਲਾ। ਜਦੋਂ ਆਤਮਾ ਸਰੀਰ ਛੱਡ ਦਿੰਦੀ ਹੈ ਕੁਝ ਸਮੇਂ ਲਈ ਜੀਵ ਬਿਲਕੁਲ ਇਕੱਲਾ

ਹੁੰਦਾ ਹੈ, ਜੀਵਨ ਦੇ ਕਿਨਾਰੇ ਤੋਂ ਤੁਰ ਕੇ ਦੂਸਰੇ ਕਿਨਾਰੇ ਤੱਕ। ਉਸ ਰਸਤੇ ਤੇ ਬਿਲਕੁਲ ਇਕੱਲਾ ਹੁੰਦਾ ਹੈ ਤੇ ਬਿਲਕੁਲ ਹਨ੍ਹੇਰਾ ਹੁੰਦਾ ਹੈ ਤੇ ਜੀਵ ਨੂੰ ਰਾਹ ਦਿਖਾਣ ਵਾਲਾ, ਕੋਈ ਨਹੀਂ ਹੁੰਦਾ। ਓਮ ਦਾ ਉਚਾਰਣ ਓਮ ਨੂੰ ਸਮਝਣਾ। ਓਮ ਤੇ ਭਰੋਸਾ ਰੱਖਣਾ ਜਗਿਆਸੂ ਦੇ ਮਨ ਦੇ ਅੰਦਰ ਘਰ ਕਰ ਲੈਂਦਾ ਹੈ।

ਅੰਤ ਸਮੇਂ ਜਦੋਂ ਸਰੀਰ, ਸਵਾਸ ਤੇ ਚੇਤਨ ਮਨ ਜਵਾਬ ਦੇ ਦਿੰਦੇ ਹਨ, ਬਾਹਰ ਦੇ ਸੰਸਾਰ ਨਾਲ ਸਬੰਧ ਟੁੱਟ ਜਾਂਦਾ ਹੈ, ਕੋਈ ਸਹਾਇਕ ਵੀ ਨਹੀਂ ਹੁੰਦਾ ਓਦੋਂ ਓਮ ਸ਼ਬਦ ਤੇ ਕੀਤਾ ਅਭਿਆਸ ਉਸ ਦੀਆਂ ਲੀਹਾਂ ਜਿਹੜੀਆਂ ਅਚੇਤ ਮਨ ਵਿਚ ਪੈ ਜਾਂਦੀਆਂ ਹਨ ਉਹ ਹੀ ਮਦਦਗਾਰ ਹੁੰਦੀਆਂ ਹਨ। ਇਹ ਹੀ ਕਿਰਿਆ, ਇਸ ਸੰਸਾਰ ਤੇ ਦੂਸਰੇ ਸੰਸਾਰ ਵਿਚ ਪੁਲ ਇਕ ਸੇਤੂ ਦਾ ਕੰਮ ਕਰਦਾ ਹੈ।

ਪੂਰਨ ਯੋਗੀ ਸਰੀਰ ਛੱਡਣ ਦੀ ਕਿਰਿਆ ਦਾ ਅਭਿਆਸ ਕਰਦੇ ਹਨ ਜਿਸ ਨਾਲ ਉਹ ਮਰਨ ਦੇ ਡਰ ਤੋਂ ਮੁਕਤ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੇ ਇਸ ਜੀਵਨ ਤੇ ਅਗਲੇ ਸੰਸਾਰ ਵਿਚ ਪੁਲ ਬਣਾ ਲਿਆ ਹੈ ਜੋ ਦੂਸਰੇ ਨਹੀਂ ਕਰ ਸਕੇ। ਜਿਹੜੇ ਅਜੇ ਮੈਡੀਟੇਸ਼ਨ ਵਿਚ ਨਿਪੁੰਨ ਨਹੀਂ ਹੋਏ, ਅਜੇ ਬਹੁਤ ਅੱਗੇ ਨਹੀਂ ਪਹੁੰਚੇ। ਉਹ ਸਮਝ ਹੀ ਨਹੀਂ ਸਕਦੇ, ਜਾਣ ਹੀ ਨਹੀਂ ਸਕਦੇ। ਉਹ ਸੇਤੂ ਬਣਾਨ ਦੀ ਤਕਨੀਕ ਨੂੰ ਨਹੀਂ ਜਾਣਦੇ। ਇਸ ਨਾਲ ਉਹ ਉਨਤ ਤਕਨੀਕ ਤੋਂ ਵਾਂਝੇ ਰਹਿ ਜਾਂਦੇ ਹਨ, ਉਹ ਯੋਗ ਵਿਗਿਆਨ ਦੀ ਇਸ ਤਕਨੀਕ ਨੂੰ ਨਹੀਂ ਜਾਣਦੇ ਜੋ ਕਿ ਆਪਣੇ ਆਪ ਵਿਚ ਸੰਪੂਰਣ ਹੈ। ਇਸ ਸਲੋਕ ਨਾਲ ਜਾਗ੍ਰਤੀ ਆਉਂਦੀ ਹੈ, ਮਨ ਤੇ ਹਿਰਦੇ ਵਿਚ ਜਗਿਆਸੂ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ, ਸੋਝੀ ਆਉਂਦੀ ਹੈ ਕਿ ਉਹ ਬ੍ਰਹਮਾ ਦੇ ਅਧਿਆਤਮ ਮਾਰਗ ਤੇ ਚਲ ਰਹੇ ਹਨ, ਉਹ ਮਾਰਗ ਜਿਹੜਾ ਆਤਮ-ਸਿੱਧੀ ਦਾ ਮਾਰਗ ਹੈ।

## ਸਲੋਕ ਪੰਜਵਾਂ

ਮਨ, ਪਰਾਣ ਤੇ ਹੋਰ ਤੱਤ, ਕਾਲ, ਧਰਤੀ ਪੁਲਾੜ ਸਭ ਉਸ ਨੇ ਹੀ ਥਮੇ ਹੋਏ ਹਨ। ਓਸੇ ਨੂੰ ਹੀ ਜਾਣੋ, ਹੋਰ ਕਿਸੇ ਨੂੰ ਜਾਨਣ ਦੀ ਲੋੜ ਨਹੀਂ, ਕੇਵਲ ਉਸ ਨੂੰ ਹੀ ਜਾਣੋ, ਉਸੇ ਦੀ ਹੀ ਗੱਲ ਕਰੋ, ਇਹ ਗਿਆਨ ਹੀ ਅਮਰ ਹੋਣ ਦਾ ਰਾਹ ਹੈ।

ਜਦੋਂ ਜਗਿਆਸੂ ਦਾ ਮਨ ਧਿਆਨ ਲਗਾ ਕੇ ਮੈਡੀਟੇਸ਼ਨ ਕਰਕੇ ਸ਼ੁਧ ਹੋ ਜਾਂਦਾ ਹੈ ਉਸ ਨੂੰ ਸੰਸਾਰਕ ਚੀਜ਼ਾਂ ਨਹੀਂ ਖਿੱਚਦੀਆਂ, ਉਸ ਦਾ ਧਿਆਨ

ਇਨ੍ਹਾਂ ਵਲ ਨਹੀਂ ਜਾਂਦੇ। ਉਹ ਸੰਸਾਰਕ ਮੋਹ ਤੋਂ ਮੁਕਤ ਹੋ ਜਾਵਾਂ। ਜਦੋਂ ਸਿਖਿਆ ਦੇਣ ਵਾਲਾ ਆਪ ਬ੍ਰਹਮ ਚੇਤਨ ਤਕ ਪਹੁੰਚ ਜਾਂਦਾ ਹੈ, ਉਹ ਆਪਣੇ ਸ਼ਿਸ਼ ਨੂੰ ਉਹ ਸਭ ਕੁਝ ਦਾ ਤਿਆਗ ਕਰਨ ਲਈ ਤਿਆਰ ਕਰ ਲੈਂਦਾ ਹੈ ਜੋ ਬੇਅਰਥ ਹੈ, ਜੋ ਕੇਵਲ ਸੰਸਾਰਕ ਹੈ। ਉਹ ਆਪਣੇ ਸ਼ਿਸ਼ ਨੂੰ ਜਗਿਆਸੂ ਨੂੰ ਕੇਵਲ ਮੈਡੀਟੇਸ਼ਨ ਕਰਨ ਲਈ ਹੀ ਕਹਿੰਦਾ ਹੈ, ਧਿਆਨ ਲਗਾਣ ਲਈ ਹੀ ਕਹਿੰਦਾ ਹੈ ਕੇਵਲ ਬ੍ਰਹਮ ਤੇ ਧਿਆਨ ਲਗਾਣ ਲਈ।

ਕੇਵਲ ਬ੍ਰਹਮਾ ਵਿਚ ਹੀ ਸਵਰਗ, ਧਰਤੀ, ਪੁਲਾੜ ਦੀਆਂ ਵੱਖ-ਵੱਖ ਪਰਤਾਂ ਹਨ। ਮਨ, ਮਨ ਦੀਆਂ ਸ਼ੁਧੀਆਂ, ਸੰਵੇਗ, ਇੰਦ੍ਰੀਆਂ, ਸਭ ਮਨ ਵਿਚ ਹੀ ਤਾਂ ਹੈ। ਜਗਿਆਸੂ ਛੇਤੀ ਹੀ ਸਮਝ ਜਾਂਦਾ ਹੈ ਕਿ ਸ਼ੁਧ ਆਤਮਾ ਨੂੰ ਜਾਨਣਾ, ਜਾਣ ਲੈਣਾ ਕਿੰਨਾ ਜ਼ਰੂਰੀ ਹੈ। ਉਸ ਜਾਨਣ ਤੋਂ ਬਾਅਦ, ਬਾਕੀ ਕਿਸੇ ਛਿਨਭੰਗਰ ਨੂੰ ਜਾਨਣ ਦੀ ਲੋੜ ਹੀ ਨਹੀਂ ਰਹਿੰਦੀ।

ਜਗਿਆਸੂ ਨੂੰ ਇਹ ਚੰਗੀ ਤਰ੍ਹਾਂ ਸਮਝਾ ਦਿਤਾ ਜਾਂਦਾ ਹੈ ਕਿ ਬਾਣੀ ਤੇ ਪੂਰਾ-ਪੂਰਾ ਕਾਬੂ ਰੱਖੇ, ਬਾਣੀ ਦੀ ਵਰਤੋਂ ਘੱਟ ਤੋਂ ਘੱਟ ਤੇ ਠੀਕ ਤੇ ਚੰਗੇ ਤਰੀਕੇ ਨਾਲ ਹੀ ਕੀਤੀ ਜਾਵੇ। ਬਾਕੀ ਸਭ ਕੁਝ ਬੋਲਣਾ ਛੱਡਣ ਤੋਂ ਭਾਵ ਹੈ ਕਿ ਕੇਵਲ ਬ੍ਰਹਮਾ ਨਾਲ ਹੀ ਗੱਲਬਾਤ ਹੈ। ਜਗਿਆਸੂ ਸਤਿਸੰਗ ਕਰੇ, ਮਹਾਂਪੁਰਖ ਸਾਧੂਆਂ ਦੀ ਸਾਥ ਕਰੇ ਉਨ੍ਹਾਂ ਨਾਲ ਬਚਨ ਬਿਲਾਸ ਕਰੇ। ਇਸ ਤਰ੍ਹਾਂ ਕਰਨ ਨਾਲ ਬ੍ਰਹਮ ਚੇਤਨਤਾ ਵਿਚ ਵਾਧਾ ਹੁੰਦਾ ਹੈ। ਅਧਿਆਪਕ ਨਾਲ ਵੀ ਜਿਹੜਾ ਗੱਲਬਾਤ ਹੋਵੇ ਉਹ ਵੀ ਕੇਵਲ ਬ੍ਰਹਮਾ ਬਾਰੇ ਹੀ ਹੋਵੇ, ਸੰਸਾਰਕ ਗੱਲਬਾਤ ਕੋਈ ਵੀ ਨਹੀਂ ਹੁੰਦੀ।

ਕਿਸੇ ਵੀ ਜਗਿਆਸੂ ਲਈ ਬਹੁਤਾ ਬੋਲਣਾ ਠੀਕ ਨਹੀਂ, ਦੇਖਿਆ ਜਾਵੇ ਬਹੁਤਾ ਬੋਲਣਾ ਜੀਵਨ ਦੇ ਕਿਸੇ ਵੀ ਪੱਖ ਤੋਂ ਠੀਕ ਨਹੀਂ। ਜਿਹੜੇ ਬਹੁਤਾ ਬੋਲਦੇ ਹਨ ਉਹ ਫਾਲਤੂ ਹੀ ਬੋਲਦੇ ਹਨ, ਜਿਸ ਦਾ ਕੋਈ ਮਤਲਬ ਹੀ ਨਹੀਂ ਹੁੰਦਾ। ਜਗਿਆਸੂ ਨੂੰ ਇਹ ਹੀ ਕਿਹਾ ਜਾਂਦਾ ਹੈ ਕਿ ਉਹ ਬੋਲ ਕੇ ਆਪਣੀ ਸ਼ਕਤੀ ਨਾ ਗੁਆਵੇ, ਸਾਰੇ ਵਾਧੂ ਕਰਮ ਛੱਡੇ ਜਿਵੇਂ ਕਿ ਚੌਥੇ ਸਲੋਕ ਵਿਚ ਦਸਿਆ ਗਿਆ ਹੈ। ਮਨ ਵਿਚ ਕੋਈ ਚੰਗੀ ਗੱਲ ਰਹਿਣੀ ਚਾਹੀਦੀ ਹੈ। ਚੰਗੇ ਸੁਹਿਰਦ ਨਿਸ਼ਕਪਟ ਜਗਿਆਸੂ ਲਈ ਬ੍ਰਹਮਾ ਦੇ ਨਾਮ ਤੋਂ ਬਿਨਾਂ ਹੋਰ ਕਿਹੜੀ ਚੰਗੀ ਗੱਲ ਹੋ ਸਕਦੀ ਹੈ।

ਆਤਮਾ ਸਾਰੇ ਜੀਵਾਂ ਦੇ ਅੰਦਰ ਵਸਦੀ ਹੈ, ਮੈਡੀਟੇਸ਼ਨ ਦਾ ਕੇਂਦਰ ਬਿੰਦੂ ਕੇਵਲ ਆਤਮਾ ਹੀ ਹੈ, ਹੋਰ ਕੋਈ ਨਹੀਂ। ਕੋਈ ਰੰਗ, ਕੋਈ ਲਾਈਟ ਨਹੀਂ।

ਬਹੁਤ ਵਾਰੀ ਜਦੋਂ ਮੈਡੀਟੇਸ਼ਨ ਵਿਚ ਇਕ ਕੋਈ ਬਿੰਦੂ ਵਧੇਰੇ ਅੱਗੇ ਆ ਜਾਂਦਾ ਉਸ ਦਾ ਪ੍ਰਭਾਵ ਮਨ ਤੇ ਪੈਣ ਲਗ ਜਾਂਦਾ ਹੈ ਤੇ ਉਹ ਵੱਖ-ਵੱਖ ਲਾਈਟ ਜਾਂ ਰੰਗ ਵਿਚ ਅੱਗੇ ਆਉਂਦਾ ਹੈ। ਇਹੋ ਜਿਹੇ ਅਨੁਭਵਾਂ ਨੂੰ ਛੱਡ ਦੇਣਾ ਚਾਹੀਦਾ ਹੈ। ਇਨ੍ਹਾਂ ਦਾ ਕੋਈ ਅਰਥ ਨਹੀਂ। ਇਹ ਐਵੇਂ ਹੀ ਹਨ ਇਨ੍ਹਾਂ ਦਾ ਆਤਮ ਮਾਰਗ ਨਾਲ ਕੋਈ ਸਬੰਧ ਨਹੀਂ, ਕੋਈ ਅਨੁਭਵ ਜਿਹੜਾ ਮਨੋਨਿਸ਼ਚਾਵਾਦ ਦੇ ਹਨ ਉਨ੍ਹਾਂ ਦਾ ਕੋਈ ਅਰਥ ਨਹੀਂ, ਆਤਮ ਮਾਰਗ ਦੇ ਅਨੁਭਵ ਹੀ ਸੱਚੇ ਅਨੁਭਵ ਹਨ। ਜਿਹੜੇ ਆਤਮਾ ਤੱਕ ਪਹੁੰਚਣ ਦੀ ਸੱਚੀ ਚੇਸ਼ਟਾ, ਸੱਚਾ ਯਤਨ ਕਰਦੇ ਹਨ ਉਹ ਅਗਿਆਨ ਤੋਂ ਪਰ੍ਹੇ ਹੋ ਜਾਂਦੇ ਹਨ, ਅਵਿਦਿਆ ਤੋਂ ਹਟ ਜਾਂਦੇ ਹਨ। ਇਹ ਅਨੁਭਵ ਤੇ ਗਿਆਨ ਜਗਿਆਸੂ ਲਈ ਦੁਖਦਾਈ ਹੋ ਸਕਦਾ ਹੈ। ਕੋਈ ਵੀ ਅੰਦਾਜ਼ਾ ਜਾਂ ਅੰਤਰ ਗਿਆਨ ਇਥੋਂ ਹੀ ਹੁੰਦੇ ਹਨ ਤੇ ਆਮ ਤੌਰ ਤੇ ਜਗਿਆਸੂ ਨੂੰ ਨਵੇਂ ਅਨੁਭਵ ਦਿੰਦੇ ਹਨ। ਇਹੋ ਜਿਹੇ ਅਨੁਭਵ ਜੋ ਅਗਿਆਨ ਤੋਂ ਆਉਂਦੇ ਹੋਣ ਜਾਂ ਮਨੋਨਿਸ਼ਚੇਵਾਦ ਤੋਂ ਆਉਂਦੇ ਹੋਣ ਜਾਂ ਹੋਰ ਕਿਸੇ ਜੀਵਨ ਪੱਧਰ ਤੋਂ ਆਉਂਦੇ ਹੋਣ ਉਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ। ਜਗਿਆਸੂ ਲਈ ਇਹ ਹਾਨੀਕਾਰਕ ਹੋ ਸਕਦੇ ਹਨ।

ਕੇਵਲ ਆਤਮ ਗਿਆਨ ਹੀ ਮਨੁੱਖ ਨੂੰ ਠੀਕ ਸ਼ਕਤੀ ਦੇ ਸਕਦਾ ਹੈ, ਇਹ ਗਿਆਨ ਹੀ ਇਹ ਸ਼ਕਤੀ ਹੀ ਮਨੁੱਖ ਨੂੰ ਅਵਿਦਿਆ ਤੋਂ, ਅਗਿਆਨ ਤੋਂ ਛੁਟਕਾਰਾ ਦੁਆ ਸਕਦਾ ਹੈ। ਆਤਮਾ ਨੂੰ ਜਾਣ ਕੇ ਹੀ ਚੌਰਾਸੀ ਦੇ ਗੇੜ ਤੋਂ ਛੁਟਕਾਰਾ ਮਿਲ ਸਕਦਾ ਹੈ। ਸਰੀਰ ਦਾ ਸੁਭਾਅ ਹੈ ਮਰਨਾ, ਮਨ ਦਾ ਸੁਭਾਅ ਹੈ ਇੱਛਾ ਰੱਖਣੀ, ਇੱਛਾ ਹੀ ਦੁਬਾਰਾ ਜਨਮ ਦਾ ਕਾਰਣ ਹੈ, ਇਨ੍ਹਾਂ ਦੋਨੋਂ ਆਦਤਾਂ ਤੋਂ ਛੁਟਕਾਰਾ ਪਾਉਣ ਲਈ ਆਤਮਾ ਤਕ ਪਹੁੰਚਣਾ ਜ਼ਰੂਰੀ ਹੈ।

ਜਦੋਂ ਜਗਿਆਸੂ ਸੱਚੇ ਦਿਲ ਨਾਲ ਯਤਨ ਕਰ ਲੈਂਦਾ ਹੈ ਤੇ ਗੁਰੂ ਕ੍ਰਿਪਾ ਹੋ ਜਾਂਦੀ ਹੈ, ਗੁਰੂ ਪ੍ਰਸਾਦਿ ਮਿਲ ਜਾਂਦਾ ਹੈ। ਗੁਰੂ ਕ੍ਰਿਪਾ ਤੇ ਗੁਰ ਪ੍ਰਸਾਦਿ ਦੋ ਇਹੋ ਜਿਹੀਆਂ ਬਖਸ਼ਿਸ਼ਾਂ ਹਨ ਜਿਨ੍ਹਾਂ ਨੂੰ ਬਹੁਤ ਹੀ ਘੱਟ ਲੋਕੀ ਸਮਝਦੇ ਹਨ। ਲੋਕੀ ਕ੍ਰਿਪਾ ਨੂੰ ਕੇਵਲ ਆਮ ਅਸ਼ੀਰਵਾਦ ਹੀ ਸਮਝਦੇ ਹਨ ਤੇ ਕਹਿ ਦਿੰਦੇ ਹਨ ਮੇਰਾ ਅਸ਼ੀਰਵਾਦ ਤੇਰੇ ਨਾਲ ਹੈ, ਜਾ ਕਹਿ ਦਿੰਦੇ ਹਨ ਪ੍ਰਮਾਤਮਾ ਮਿਹਰ ਕਰੇ। ਇਨ੍ਹਾਂ ਸ਼ਬਦਾਂ ਦਾ ਉਦੋਂ ਤਕ ਕੋਈ ਅਰਥ ਨਹੀਂ, ਜਦੋਂ ਤਕ ਤੁਸੀਂ ਆਪਣੀ ਡੀਊਟੀ ਮਿਹਨਤ ਨਾਲ ਵਫਾਦਾਰੀ ਨਾਲ ਨਾ ਕੀਤੀ ਹੋਵੇ। ਇਹੋ ਜਿਹਾ ਜਗਿਆਸੂ ਮਹਾਂਪੁਰਖ ਜਿਹੜਾ ਆਪਣੇ ਸ਼ਿਸ਼ਾਂ ਤੇ ਮਿਹਰ ਕਰ ਸਕਦਾ ਹੈ ਉਸ ਉਤੇ ਸੰਤਾਂ ਦੀ, ਮਹਾਂਪੁਰਖਾਂ ਦੀਆਂ ਅਸੀਸਾਂ ਦੀਆਂ ਮਿਹਰਾਂ

ਹੁੰਦੀਆਂ ਹਨ ਉਹ ਉਨ੍ਹਾਂ ਦਾ ਅਧਿਕਾਰੀ ਬਣ ਜਾਂਦਾ ਹੈ। ਵਾਹਿਗੁਰੂ ਇਹੋ ਜਿਹੇ ਜਗਿਆਸੂਆਂ ਤੇ ਕ੍ਰਿਪਾ ਕਰਦਾ ਹੈ, ਮਿਹਰ ਕਰਦਾ ਹੈ।

ਦੋ ਸ਼ਕਤੀਆਂ ਦਾ ਅਨੁਭਵ ਹੁੰਦਾ ਹੈ ਜਦੋਂ ਤੁਸੀਂ ਸਤਿ ਦੇ ਰਾਹ ਤੇ ਚਲਦੇ ਹੋ। ਇਕ ਉਹ ਸ਼ਕਤੀ ਜਿਹੜੀ ਤੁਹਾਨੂੰ ਉਪਰ ਉਚਾਈ ਤੇ ਲੈ ਜਾਂਦੀ ਹੈ, ਦੂਸਰੀ ਤੁਹਾਨੂੰ ਹੇਠਾਂ ਖਿਚਦੀ ਹੈ। ਚੜ੍ਹਦੀ ਕਲਾ ਲਈ ਜਗਿਆਸੂ ਨੂੰ ਚਾਹੀਦਾ ਹੈ ਕਿ ਹੋਰ ਲਗਨ ਤੇ ਮਿਹਨਤ ਕਰੇ, ਇਸ ਤੋਂ ਭਾਵ ਹੈ ਕਿ ਗੁਰੂ ਕ੍ਰਿਪਾ ਬੇਅੰਤ ਹੋ ਰਹੀ ਹੈ, ਪਰ ਇਹ ਉਨ੍ਹਾਂ ਉਤੇ ਹੀ ਹੁੰਦੀ ਹੈ ਜਿਹੜੇ ਸੱਚੇ ਤਰੀਕੇ ਨਾਲ ਸੁਹਿਰਦਤਾ ਨਾਲ ਨਿਸ਼ਠਾ ਨਾਲ ਲੱਗੇ ਰਹਿੰਦੇ ਹਨ। ਮਨ, ਬਚਨ, ਕਰਮਾਂ ਤੇ ਪੂਰਾ ਪਹਿਰਾ ਦਿੰਦੇ ਹਨ।

ਵਾਸਤਵ ਵਿਚ ਸਾਡੇ ਤੇ ਕ੍ਰਿਪਾ ਹਰ ਪਾਸਿਓ ਹੁੰਦੀ ਹੈ ਪ੍ਰਮਾਤਮਾ ਦੀ ਕ੍ਰਿਪਾ, ਗੁਰੂ ਕ੍ਰਿਪਾ ਤੇ ਗ੍ਰੰਥ ਦੀ ਕ੍ਰਿਪਾ ਜਿਹੜਾ ਵੀ ਗ੍ਰੰਥ ਤੁਸੀਂ ਪੜ੍ਹਦੇ ਹੋ ਜਿਸ ਉਤੇ ਨਿਸ਼ਠਾ ਰਖਦੇ ਹੋ। ਚੌਥੀ ਕ੍ਰਿਪਾ ਹੈ ਤੁਹਾਡੀ ਆਪਣੀ ਕ੍ਰਿਪਾ। ਇਸ ਤੋਂ ਭਾਵ ਹੈ ਜਦੋਂ ਤੁਹਾਡਾ ਅੰਤਰ ਤੁਹਾਡੇ ਕੀਤੇ ਨੂੰ ਮੰਨੇ, ਠੀਕ ਕਥਨ, ਤੁਹਾਡੀ ਬਾਣੀ ਠੀਕ ਹੋਵੇ ਤੁਹਾਡੇ ਵਿਚਾਰ, ਤੁਹਾਡੇ ਅਧਿਆਤਮ ਅਭਿਆਸ ਠੀਕ ਹੋਣ, ਫੇਰ ਤੁਹਾਡੇ ਅੰਦਰੋਂ ਹੀ ਅਨੰਦ ਉਠਦਾ ਹੈ, ਉਹ ਅਨੰਦ ਹੀ ਤੁਹਾਡੇ ਉਤੇ ਤੁਹਾਡੀ ਆਪਣੀ ਕ੍ਰਿਪਾ ਹੈ ।

## ਸਲੋਕ ਛੇਵਾਂ

"ਜਿਵੇਂ ਰਥ ਦੇ ਪਹੀਏ ਦੇ ਸਪੋਕ ਨੂੰ ਰੱਥ ਨੇ ਪਕੜਿਆ ਹੋਇਆ ਹੈ ਇਸੇ ਤਰ੍ਹਾਂ ਸਾਰੀਆਂ ਸਰੀਰ ਦੀਆਂ ਨਾੜੀਆਂ ਨੂੰ ਹਿਰਦੇ ਨੇ ਪਕੜਿਆ ਹੋਇਆ ਹੈ, ਹਿਰਦੇ ਤੋਂ ਫੇਰ ਵੱਖ-ਵੱਖ ਜਗ੍ਹਾ ਜਾਂਦੀਆਂ ਹਨ ਇਸ ਤਰ੍ਹਾਂ ਓਮ ਤੇ ਮੈਡੀਟੇਸ਼ਨ ਕਰਕੇ, ਭਾਵ ਆਪਣੇ ਤੇ ਮੈਡੀਟੇਸ਼ਨ ਕਰਕੇ ਤੁਸੀਂ ਦੂਸਰੇ ਕੰਢੇ ਤੇ ਪਹੁੰਚ ਜਾਂਦੇ ਹੋ, ਓਮ ਤੇ ਮੈਡੀਟੇਸ਼ਨ ਕਰੋ।"

ਇਹ ਸਲੋਕ ਬਹੁਤ ਰੌਚਕ ਹੈ ਤੇ ਬੜਾ ਡੂੰਘਾ ਹੈ 'ਓਮ' ਦਾ ਅਰਥ ਸਮਝਣ ਤੋਂ ਬਾਅਦ ਉਸ ਦੀ ਡੂੰਘਾਈ ਤਕ ਜਾਣ ਤੋਂ ਬਾਅਦ, ਮੈਡੀਟੇਸ਼ਨ ਕਰਕੇ ਧਿਆਨ ਲਗਾ ਕੇ, ਆਤਮਾ ਬਹੁਭਾਂਤੀ ਹੋ ਜਾਂਦੀ ਹੈ। ਬਹੁਗੁਣੀ ਹੋ ਜਾਂਦੀ ਹੈ। ਇਸ ਤਰ੍ਹਾਂ ਹੀ ਗ੍ਰੰਥਾਂ ਵਿਚ ਲਿਖਿਆ ਹੈ, ਆਤਮਾ ਦਾ ਵਾਸਾ ਹਿਰਦੇ ਦੇ ਅੰਦਰ ਹੈ। ਜੇ ਕਿਤੇ ਤੁਸੀਂ ਸ਼ਿਵਾਲੇ ਜਾਓ, ਤੁਸੀਂ ਦੇਖੋਗੇ ਕਿ ਮੰਦਰ ਇਕ ਪ੍ਰਤੀਕ ਹੈ ਹਿਰਦੇ ਦਾ ਪ੍ਰਤੀਕ। ਮੰਦਰ ਦੇ ਅੰਦਰ ਲਿੰਗ ਦੀ ਸਥਾਪਨਾ ਹੈ ਜਿਸ ਦੇ ਉਪਰ ਸਦਾ ਪਾਣੀ ਰਖਿਆ ਰਹਿੰਦਾ ਹੈ। ਉਹ ਬੂੰਦ-ਬੂੰਦ ਕਰਕੇ ਲਿੰਗ ਤੇ ਡਿਗਦਾ ਰਹਿੰਦਾ ਹੈ ਤੇ ਉਸ ਵਿਚ ਟੱਪ-ਟੱਪ ਦੀ

ਆਵਾਜ਼ ਆਉਂਦੀ ਰਹਿੰਦੀ, ਬਿਲਕੁਲ ਇਹ ਹੀ ਆਵਾਜ਼ ਹਿਰਦੇ ਦੀ ਧੜਕਨ ਦੀ ਹੈ।

ਮਨੁੱਖ ਦੇ ਸਰੀਰ ਵਿਚ ਜੇ ਇਹ ਆਵਾਜ਼ ਘਟ ਜਾਏ ਤਾਂ ਉਸ ਤੋਂ ਇਹ ਪਤਾ ਲਗਦਾ ਹੈ ਕਿ ਸਰੀਰ ਢਿੱਲਾ ਹੈ, ਕੋਈ ਗੜਬੜ ਹੈ। ਮਨੁੱਖ ਦੀ ਮੌਤ ਹਿਰਦੇ ਦੀ ਗਤੀ ਬੰਦ ਹੋਣ ਨਾਲ ਹੀ ਹੁੰਦੀ ਹੈ। ਸਾਰੀਆਂ ਨਾੜੀਆਂ ਸਾਫ ਖੂਨ ਵਾਲੀਆਂ ਵੀ, ਗੰਦੇ ਖੂਨ ਵਾਲੀਆਂ ਵੀ ਸਾਰੀਆਂ ਹਿਰਦੇ ਵਿਚ ਹੀ ਜਾ ਕੇ ਮਿਲਦੀਆਂ ਹਨ। ਉਹ ਆਪਣਾ-ਆਪਣਾ ਕਾਰਜ ਕਰਦੀਆਂ ਹਨ, ਗੰਦੇ ਖੂਨ ਵਾਲੀਆਂ, ਗੰਦਾ ਖੂਨ ਹਿਰਦੇ ਵਿਚ ਲੈ ਕੇ ਜਾਂਦੀਆਂ ਹਨ, ਸਾਫ ਖੂਨ ਵਾਲੀਆਂ, ਸਾਫ ਕੀਤੇ ਖੂਨ ਨੂੰ ਵਾਪਸ ਸਰੀਰ ਵਿਚ ਲੈ ਕੇ ਜਾਂਦੀਆਂ ਹਨ। ਇਨ੍ਹਾਂ ਦਾ ਕੰਮ ਹੈ ਹਿਰਦੇ ਨੂੰ ਸ਼ੁੱਧ ਕਰਨਾ ਤੇ ਉਸ ਨੂੰ ਪ੍ਰਫੁਲਿਤ ਕਰਨਾ। ਓਮ ਤੇ ਮੈਡੀਟੇਸ਼ਨ ਕਰਕੇ ਜਗਿਆਸੂ ਬਿਲਕੁਲ ਇਕ ਵਖਰੇ ਅਨੁਭਵ ਤੇ ਪਹੁੰਚ ਜਾਂਦਾ ਹੈ। ਅਗਿਆਨ ਅਵਸਥਾ ਨੂੰ ਪਾਰ ਕਰ ਲੈਂਦਾ ਹੈ।

ਯੋਗ ਵਿਗਿਆਨ ਵਿਚ ਇਸ ਨੂੰ ਹੋਰ ਚੰਗੀ ਤਰ੍ਹਾਂ ਨਾਲ ਸਮਝਾਇਆ ਗਿਆ ਹੈ, ਇਸ ਦੀ ਵਿਆਖਿਆ ਕੀਤੀ ਗਈ ਹੈ। ਅਨਾਹਤ ਚੱਕਰ ਜਿਹੜਾ ਹਿਰਦੇ ਦੇ ਕੋਲ ਹੈ ਉਪਰ ਤੇ ਹੇਠਾਂ ਦੇ ਸਰੀਰ ਦੇ ਬਿਲਕੁਲ ਅੱਧ ਵਿਚ ਹੈ। ਬਾਕੀ ਤਿੰਨ ਚੱਕਰ ਉਪਰ ਹਨ, ਤਿੰਨ ਚੱਕਰ ਥੱਲੇ ਹਨ। ਅਨਾਹਦ ਚੱਕਰ ਤੇ ਧਿਆਨ ਲਗਾਉਣ ਲਈ ਖਾਸ ਕਰਕੇ ਉਨ੍ਹਾਂ ਨੂੰ ਕਿਹਾ ਗਿਆ ਹੈ ਜਿਹੜੇ ਵਧੇਰੇ ਭਾਵੁਕ ਹੋਣ, ਜਿਸ ਤੋਂ ਭਾਵ ਹੈ ਉਹ ਆਪਣੇ ਸੰਵੇਗਾਂ ਤੇ ਭਾਵਾਂ ਤੇ ਵਧੇਰੇ ਕਾਬੂ ਪਾ ਸਕਣ ਤੇ ਨਾਲ ਹੀ ਆਪਣੀ ਸੁਸਤੀ ਤੇ ਕਾਬੂ ਪਾ ਸਕਣ। ਆਪਣੀ ਨੀਂਦ ਤੇ ਕਾਬੂ ਪਾ ਸਕਣ। ਜਿਹੜੇ ਅਜੇ ਮੈਡੀਟੇਸ਼ਨ ਸ਼ੁਰੂ ਕਰਦੇ ਹਨ ਉਹ ਛੇਤੀ ਸੌਂ ਜਾਂਦੇ ਹਨ, ਉਨ੍ਹਾਂ ਨੂੰ ਥੋੜ੍ਹੀ ਦੇਰ ਵਿਚ ਹੀ ਨੀਂਦ ਆ ਜਾਂਦੀ ਹੈ।

ਛੇਵੇਂ ਸਲੋਕ ਵਿਚ ਗੁਰੂ ਮੈਡੀਟੇਸ਼ਨ ਕਰਨ ਲਈ ਉਤਸ਼ਾਹ ਦਿੰਦਾ ਹੈ ਕਿਉਂਕਿ ਉਹ ਇਕ ਗੋਲ ਤੇ ਪਹੁੰਚ ਚੁੱਕਾ ਹੈ। ਉਸ ਨੇ ਉਹ ਸਟੇਜ ਪਾਰ ਕਰ ਲਈ ਹੈ ਉਸ ਨੂੰ ਇਸ ਸਭ ਕੁਝ ਦਾ ਗਿਆਨ ਹੈ ਤੇ ਜਗਿਆਸੂ ਉਸ ਗਿਆਨ ਤੋਂ ਲਾਭ ਲੈ ਕੇ ਗਿਆਨ ਪ੍ਰਾਪਤ ਕਰ ਸਕਦਾ ਹੈ।

## ਸਲੋਕ ਸੱਤਵਾਂ

"ਉਹ ਸਰਬ ਗਿਆਨ ਹੈ, ਉਹ ਹੀ ਸਾਰੇ ਵਿਗਿਆਨ ਦਾ ਸਰੋਤ ਹੈ, ਉਸ ਦਾ ਹੀ ਸਾਰਾ ਹੁਕਮ ਵਰਤਦਾ ਹੈ, ਸਾਰੇ ਉਸ ਦੇ ਹੁਕਮ ਦੇ ਹੀ ਬੱਧੇ ਹੋਏ ਹਨ, ਚਾਹੇ ਉਹ ਬ੍ਰਹਮਾ ਦਾ, ਬ੍ਰਹਮ ਲੋਕ ਹੈ ਚਾਹੇ ਹਿਰਦੇ ਦੇ ਅੰਦਰ ਆਤਮਾ ਦਾ ਵਾਸਾ ਹੈ, ਜੋ ਵੀ ਹੈ ਹੁਕਮ ਉਸ ਦਾ ਹੀ ਹੈ। ਉਸ ਹੁਕਮ ਦਾ ਪ੍ਰਗਟਾਵਾ ਮਨ ਰਾਹੀਂ ਹੈ, ਪ੍ਰਾਣਾਂ ਰਾਹੀਂ ਹੈ, ਉਹ ਹੀ ਸਰੀਰ ਦੇ ਸਾਰੇ

ਕਾਰਜ ਨੂੰ ਚਲਾਉਂਦਾ ਹੈ। ਉਸ ਦਾ ਵਾਸਾ ਭਾਵੇਂ ਹਿਰਦੇ ਵਿਚ ਹੈ ਪਰ ਉਹ ਸਾਰੇ ਸਰੀਰ ਵਿਚ ਉਸ ਦਾ ਪਸਾਰਾ ਹੈ। ਉਸ ਇਕ ਦਾ ਗਿਆਨ ਪ੍ਰਾਪਤ ਕਰਕੇ ਉਸ ਪ੍ਰਮਾਤਮਾ ਨੂੰ ਜਾਣ ਕੇ ਜਗਿਆਸੂ ਪਰਮ ਸਤਿ ਤਕ ਪਹੁੰਚ ਜਾਂਦਾ ਹੈ।"

ਇਸ ਸਲੋਕ ਵਿਚ ਅਨਾਹਦ ਚੱਕਰ ਤੇ ਮੈਡੀਟੇਸ਼ਨ ਕਰਨ ਦੀ ਡੂੰਘੀ ਮਹੱਤਤਾ ਦੱਸੀ ਗਈ ਹੈ। ਅੰਤਰ ਆਤਮਾ ਅੰਦਰ ਵਸਦੀ ਆਤਮਾ, ਜੋ ਸਭ ਕੁਝ ਜਾਣਦੀ ਹੈ ਉਹ ਇਕ ਬਹੁਤ ਪ੍ਰਭਾਵਸ਼ਾਲੀ ਮਹਿਮਾ ਭਰਪੂਰ ਹੈ, ਉਸ ਦੀ ਸਾਨ ਸਾਰੇ ਜਗਤ ਵਿਚ ਪਸਰੀ ਹੈ। ਬ੍ਰਹਮਾ ਸਭ ਗਿਆਨ ਹੈ, ਸਰਬੱਗ ਹੈ। ਬ੍ਰਹਮਾ ਹੀ ਸਭ ਕੁਝ ਦਾ ਸਰੋਤ ਹੈ ਮਨ, ਆਕਾਰ, ਸਭ ਕੁਝ ਬ੍ਰਹਮਾ ਹੀ ਸਰੀਰ ਦੇ ਅੰਦਰ ਹੈ ਸਰੀਰ ਦਾ ਸੰਚਾਲਕ ਹੈ, ਇੰਦ੍ਰੀਆਂ ਦਾ ਸੰਚਾਲਕ ਹੈ।

ਬ੍ਰਹਮਾ ਦਾ ਵਾਸਾ ਤੁਹਾਡੇ ਹਿਰਦੇ ਵਿਚ ਹੈ, ਇਥੇ ਹੀ ਅਜਰ, ਅਟੱਲ, ਅਮਰ ਆਤਮਾ ਦਾ ਨਿਵਾਸ ਹੈ, ਉਹ ਹੀ ਇਕ ਤੁਹਾਡਾ ਲਿਸ਼ਕਦਾ, ਚਮਕਦਾ ਆਪਾ ਹੈ, ਆਤਮਾ ਹੈ। ਅਨਾਹਦ ਚੱਕਰ ਨੂੰ ਬ੍ਰਹਮਪੁਰੀ ਵੀ ਕਹਿੰਦੇ ਹਨ। ਜਦੋਂ ਅਸੀਂ ਹਿਰਦੇ ਬਾਰੇ ਇਹ ਸਭ ਕੁਝ ਕਹਿ ਰਹੇ ਹਾਂ ਇਸ ਦਾ ਭਾਵ ਸਰੀਰਕ ਹਿਰਦੇ ਤੋਂ ਨਹੀਂ ਹੈ, ਸਰੀਰਕ ਹਿਰਦੇ ਵੀ ਇਕ ਸੂਖਮ ਸ਼ਕਤੀ ਨਾਲ ਹੀ ਚੱਲ ਰਿਹਾ ਹੈ, ਇਹ ਸ਼ਕਤੀ ਅਨਾਹਦ ਚੱਕਰ ਵਿਚ ਵਸਦੀ ਹੈ ਤੇ ਅਨਾਹਦ ਚੱਕਰ ਸਾਡੀ ਛਾਤੀ ਦੇ ਮੱਧ ਵਿਚ ਹੈ।

ਗੁਰੂ ਆਪਣੇ ਸ਼ਿਸ਼ ਨੂੰ ਮੱਧ ਦੇ ਕਮਲ ਫੁੱਲ ਤੇ ਮੈਡੀਟੇਟ ਕਰਨ ਲਈ ਕਹਿੰਦਾ ਹੈ ਇਥੇ ਹੀ ਚਮਕ ਦਾ ਰਤਨ ਹੈ, ਹੀਰਾ ਹੈ ਜੋ ਅਤਿ ਸੁੰਦਰ ਤੇ ਚਮਕੀਲਾ ਹੈ। ਉਸ ਰਤਨ ਦੀ ਰੋਸ਼ਨੀ ਬਹੁਤ ਹੀ ਚਮਕਦਾਰ ਹੈ ਉਹ ਬਿਲਕੁਲ ਵੀ ਧੁੰਦਲਾ ਨਹੀਂ ਹੈ, ਸਾਡਾ ਧੁੰਦਲਾ ਮਨ ਉਸ ਰੋਸ਼ਨੀ ਨੂੰ ਦੇਖ ਨਹੀਂ ਸਕਦਾ।

ਉਪਨਿਸ਼ਦ ਬਹੁਤ ਹੀ ਸੰਖੇਪ, ਕਾਵਿ ਤੇ ਬੜੇ ਪ੍ਰਤੀਕਾਤਮਕ ਭਾਸ਼ਾ ਵਿਚ ਲਿਖੇ ਗਏ ਹਨ। ਅਧਿਆਪਕ ਦੀ ਇਹ ਡੀਊਟੀ ਬਣ ਜਾਂਦੀ ਹੈ ਕਿ ਉਸ ਨੂੰ ਮੈਡੀਟੇਸ਼ਨ ਕਰਨ ਦਾ ਪੂਰਾ-ਪੂਰਾ ਪ੍ਰੈਕਟੀਕਲ ਗਿਆਨ ਹੋਵੇ ਤੇ ਫੇਰ ਅਧਿਆਪਕ ਉਹ ਗਿਆਨ ਸ਼ਿਸ਼ ਨੂੰ ਦੇਵੇ, ਵਿਸ਼ੇਸ਼ ਤੌਰ ਤੇ ਉਹ ਗਿਆਨ ਜਿਹੜਾ ਇਨ੍ਹਾਂ ਸਲੋਕਾਂ ਵਿਚ ਦਿਤਾ ਗਿਆ ਹੈ।

ਜਦੋਂ ਜਗਿਆਸੂ ਦਾ ਮਨ ਸ਼ੁਧ ਹੋ ਜਾਂਦਾ ਹੈ ਹਰ ਗੱਲ ਬੜੀ ਚੰਗੀ ਤਰ੍ਹਾਂ ਨਾਲ ਸਪਸ਼ਟ ਹੋ ਜਾਂਦੀ ਹੈ, ਫੇਰ ਇਹੋ ਜਿਹਾ ਸ਼ੁੱਧ ਮਨ ਆਪ ਹੀ ਬ੍ਰਹਮ ਦੇ ਦਰਸ਼ਨ ਕਰ ਲੈਂਦਾ ਹੈ, ਉਹ ਬ੍ਰਹਮਾ ਜਿਹੜਾ ਤੁਹਾਡੇ ਅੰਦਰ ਵਸਦਾ ਹੈ। ਬ੍ਰਹਮਪੁਰੀ ਜਾਂ ਕਹਿ ਲਓ ਬ੍ਰਹਮਾ ਦਾ ਜੋ ਦੇਸ਼ ਹੈ ਉਹ ਇਕ

ਕਿਲੇ ਦੀ ਤਰ੍ਹਾਂ ਹੈ, ਵਾਸਤਵ ਵਿਚ ਇਹ ਜੀਵਨ ਹੀ ਬ੍ਰਹਮਾ ਦਾ ਦੇਸ਼ ਹੈ। ਪੰਜ ਤੱਤ ਇਸ ਕਿਲੇ ਦੀ ਦੀਵਾਰ ਹਨ, ਇਹ ਪੰਜ ਤੱਤ ਹਨ, ਧਰਤੀ, ਪਾਣੀ, ਅਗਨੀ, ਹਵਾ ਤੇ ਪੁਲਾੜ।

ਅੰਦਰ ਦੀ ਦੀਵਾਰ ਸਾਡੀਆਂ ਇੰਦ੍ਰੀਆਂ ਹਨ ਉਸ ਤੋਂ ਵੀ ਅੰਦਰ ਦੀ ਦੀਵਾਰ ਹਨ ਸਾਡੇ ਵਿਚਾਰ, ਇਛਾਵਾਂ ਤੇ ਸੰਵੇਗ ਭਾਵਨਾਵਾਂ। ਜੀਵਨ ਰੂਪੀ ਕਿਲੇ ਦੇ ਬੂਹੇ ਦੇ ਦੋ ਦੁਆਰਪਾਲ ਹਨ ਉਹ ਹਨ ਸੁਆਸਾਂ ਦਾ ਅੰਦਰ ਜਾਣਾ ਤੇ ਬਾਹਰ ਆਉਣਾ। ਇਹ ਸਾਡੇ ਜੀਵਨ ਦੇ ਰਖਿਅਕ ਹਨ ਇਹ ਜੀਵਨ ਦੀ ਹਰ ਤਰ੍ਹਾਂ ਨਾਲ ਰੱਖਿਆ ਕਰਦੇ ਹਨ। ਸਭ ਤੋਂ ਅੰਦਰ ਦੀ ਦੀਵਾਰ ਹਨ ਸੰਸਕਾਰ, ਜਿਹੜੇ ਸਾਡਾ ਮੋਹ ਤੇ ਖੁਸ਼ੀ ਨਾਲ ਸਾਨੂੰ ਜੋੜਦੇ ਹਨ। ਜਦੋਂ ਮਨ ਸ਼ੁੱਧ ਹੋ ਜਾਂਦਾ ਹੈ, ਹਰ ਤਰ੍ਹਾਂ ਦੀ ਨਿਰਮਲਤਾ, ਸਪਸ਼ਟਤਾ ਉਦੋਂ ਆ ਜਾਂਦੀ ਹੈ, ਇਸ ਮਨ ਦੇ ਅੰਦਰ ਫੇਰ ਬ੍ਰਹਮਵਾਸ ਹੋ ਜਾਂਦਾ ਹੈ, ਬ੍ਰਹਮਾ ਦੇ ਦਰਸ਼ਨ ਹੋ ਜਾਂਦੇ ਹਨ ਉਥੇ ਫੇਰ ਕੋਈ ਧੁੰਦਲਾਪਨ ਕੋਈ ਹਨ੍ਹੇਰਾ ਨਹੀਂ ਰਹਿੰਦਾ, ਕੋਈ ਮੌਤ ਵੀ ਉਥੇ ਨਹੀਂ ਰਹਿੰਦੀ। ਇਹ ਹੀ ਅਮਰ ਹੋਣ ਦੀ ਥਾਂ ਹੈ। ਮੈਡੀਟੇਸ਼ਨ ਕਰਨ ਦਾ ਇਹ ਤਰੀਕਾ ਕੋਈ ਕਾਬਲ ਗੁਰੂ ਹੀ ਕਰ ਸਕਦਾ ਹੈ, ਉਹ ਗੁਰੂ ਤੁਹਾਨੂੰ ਪੌੜੀ ਦਰ ਪੌੜੀ ਲੈ ਜਾਂਦਾ ਹੈ। ਜਦੋਂ ਜਗਿਆਸੂ ਇਹ ਜਾਣ ਲੈਂਦਾ ਹੈ ਕਿ ਕਾਨੂੰਨ, ਸੋਹਣਾਪਨ, ਸ਼ਕਤੀ, ਤਾਕਤ ਇਹ ਸਭ ਕੁਜ ਦੇਣ ਵਾਲਾ ਕੇਵਲ ਬ੍ਰਹਮਾ ਹੀ ਹੈ ਉਦੋਂ ਜਗਿਆਸੂ ਨੂੰ ਗਿਆਨ ਹੋ ਜਾਂਦਾ ਹੈ।

## ਸਲੋਕ ਅੱਠ

ਇਕ ਵਾਰੀ ਜਦੋਂ ਜੀਵਨ ਦੇ ਦੋਨੋਂ ਕਿਨਾਰਿਆਂ ਦਾ ਪਤਾ ਲਗ ਜਾਵੇ ਭਾਵ ਇਸ ਜੀਵਨ ਦਾ ਤੇ ਇਸ ਜੀਵਨ ਤੋਂ ਬਾਅਦ ਕੀ ਹੈ, ਹਿਰਦੇ ਦੀਆਂ ਗੰਢਾਂ ਖੁਲ੍ਹ ਜਾਂਦੀਆਂ ਹਨ, ਸਾਰੇ ਭਰਮ ਖਤਮ ਹੋ ਜਾਂਦੇ ਹਨ ਤੇ ਕਰਮਾਂ ਦੇ ਬੰਧਨ ਖਤਮ ਹੋ ਜਾਂਦੇ ਹਨ।

ਜਦੋਂ ਜਗਿਆਸੂ ਨੂੰ ਨਿਸਚਲ ਬ੍ਰਹਮਾ ਦਾ ਗਿਆਨ ਹੋ ਜਾਂਦਾ ਹੈ, ਹਰ ਰੂਪ ਬ੍ਰਹਮਾ ਦਾ ਜਦੋਂ ਉਹ ਜਾਣ ਜਾਂਦਾ ਹੈ ਤਾਂ ਫੇਰ ਅਗਿਆਨ ਦੀਆਂ ਗੰਢਾਂ ਖੁਲ੍ਹ ਜਾਂਦੀਆਂ ਹਨ। ਸਾਰੇ ਭਰਮ ਦੂਰ ਹੋ ਜਾਂਦੇ ਹਨ ਉਹ ਕਰਮਾਂ ਦੇ ਬੰਧਨ ਤੋਂ ਛੁਟ ਜਾਂਦਾ ਹੈ। ਇਸ ਸਲੋਕ ਵਿਚ ਦੱਸਿਆ ਹੈ ਕਿ ਆਤਮ ਸਿੱਧੀ ਦੀ ਪ੍ਰਾਪਤੀ ਇਸੇ ਜੀਵਨ ਵਿਚ ਹੋ ਸਕਦੀ ਹੈ ਇਸ ਸਰੀਰ ਤੋਂ ਹੀ ਹੋ ਸਕਦੀ ਹੈ। ਏਸੇ ਕਰਕੇ ਜਦੋਂ ਇਹ ਮਨੁੱਖ ਦਾ ਸਰੀਰ ਮਿਲਦਾ ਹੈ ਉਸ ਵਿਚ ਸੁਆਸ ਮਿਲਦੇ ਹਨ, ਮਨ, ਆਤਮਾ ਦੀ ਬਖਸ਼ਿਸ਼ ਹੁੰਦੀ ਹੈ ਤਾਂ ਹੀ

ਮਨੁੱਖ ਕਹਿਲਾਉਂਦਾ ਹੈ। ਇਸ ਮਨੁੱਖਾ ਦੇਹੀ ਨੂੰ ਅਮੁੱਲ ਜਾਣੋ ਇਸ ਨੂੰ ਬੇਅਰਥ ਅਜਾਈਂ ਨਾ ਗੁਆਓ, ਇਸ ਨੂੰ ਆਤਮ ਸਿੱਧੀ ਦੀ ਪਰਾਪਤੀ ਲਈ ਵਰਤੋ। 'ਹਿਰਦੇ ਗ੍ਰੰਥੀ' ਤੋਂ ਭਾਵ ਹੈ ਅਗਿਆਨ ਦੀ ਗੰਢ। ਜਦੋਂ ਅਗਿਆਨ ਦੀ ਗੰਢ ਖੁਲ੍ਹ ਜਾਂਦੀ ਹੈ ਸਾਰੇ ਭਰਮ ਆਪੇ ਹੀ ਖਤਮ ਹੋ ਜਾਂਦੇ ਹਨ।

ਅਗਿਆਨ ਦੇ ਕਾਰਣ ਆਮ ਮਨੁੱਖ ਦਾ ਮਨ ਧੁੰਦਲਾ ਰਹਿੰਦਾ ਹੈ ਤੇ ਉਹ ਸਤਿ ਨੂੰ ਨਹੀਂ ਜਾਣ ਸਕਦਾ। ਜਦੋਂ ਅਗਿਆਨ ਹਟ ਜਾਂਦਾ ਹੈ, ਗਿਆਨ ਪ੍ਰਕਾਸ਼ ਹੋ ਜਾਂਦਾ ਹੈ। ਅਗਿਆਨ ਦੀ ਗੰਢ ਤੇ ਕਰਮਾਂ ਦੀ ਗੰਢ ਮਿਲ ਕੇ ਹੀ ਅਗਿਆਨ ਅਵਿਦਿਆ ਦਾ ਕਾਰਣ ਬਣਦੇ ਹਨ ਇਸ ਕਾਰਣ ਕਰਕੇ ਹੀ ਨਿਰੋਲ ਆਤਮਾ ਜੀਵ ਆਤਮਾ ਬਣ ਗਈ ਹੈ, ਵਾਸਤਵ ਵਿਚ ਹੈ ਤਾਂ ਉਹ ਨਿਰੋਲ ਆਤਮਾ ਹੀ।

ਸ਼ਿਸ਼ ਨੂੰ ਕਰਮ ਦੇ ਤਿੰਨ ਪੱਖ ਸਮਝ ਲੈਣੇ ਚਾਹੀਦੇ ਹਨ ਜਾਂ ਕਹਿ ਲਓ ਕਰਮਾਂ ਦੇ ਤਿੰਨ ਪ੍ਰਭਾਵ ਸਮਝ ਲੈਣੇ ਚਾਹੀਦੇ ਹਨ, ਪ੍ਰਾਰਬਧ, ਸੰਚਿਤ ਤੇ ਅਗਾਮੀ। ਪਰਾਰਬਧ ਪਿਛਲੇ ਕਰਮ ਹਨ ਜੋ ਤੁਸੀਂ ਕਰ ਚੁੱਕੇ ਹੋ, ਇਹ ਕਰਮ ਇਕੱਠੇ ਹੁੰਦੇ ਰਹਿੰਦੇ ਹਨ ਤੇ ਫਲ ਦੇਣ ਲਗ ਪੈਂਦੇ ਹਨ ਉਨ੍ਹਾਂ ਦਾ ਫਲ ਤੁਸੀਂ ਇਸ ਜੀਵਨ ਵਿਚ ਭੁਗਤਦੇ ਹੋ। ਸੰਚਿਤ ਕਰਮ ਉਹ ਕਰਮ ਹਨ ਜਿਹੜੇ ਤੁਸੀਂ ਅੱਗੇ ਲਈ ਕਰ ਰਹੇ ਹੋ, ਜਿਹੜੇ ਕਰਮ ਅੱਗੇ ਚੱਲ ਕੇ ਫਲ ਦੇਣਗੇ ਉਨ੍ਹਾਂ ਨੂੰ ਅਗਾਮੀ ਕਿਹਾ ਜਾਂਦਾ ਹੈ। ਚੰਗੀ ਤਰ੍ਹਾਂ ਸਮਝਣ ਲਈ ਅਸੀਂ ਉਦਾਹਰਣ ਲੈਂਦੇ ਹਾਂ।

ਇਕ ਡਾਟ ਹੈ ਉਸ ਦਾ ਕਮਾਨ ਬਣਿਆ ਤੇ ਉਸ ਵਿਚ ਇਕ ਤੀਰ ਲੱਗਾ ਹੋਇਆ ਹੈ। ਤੀਰ ਜਿਹੜਾ ਚਲ ਚੁੱਕਾ ਹੈ ਉਹ ਪਰਾਰਬਧ ਕਰਮ ਹਨ। ਜਿਹੜਾ ਤੀਰ ਹੱਥ ਵਿਚ ਫੜਿਆ ਹੋਇਆ ਹੈ ਅਜੇ ਚਲਾਣਾ ਹੈ, ਉਹ ਸੰਚਿਤ ਕਰਮ ਹਨ। ਜੋ ਤੀਰ ਤਰਕਿਸ਼ ਵਿਚ ਪਏ ਹਨ ਅਜੇ ਅੱਗੇ ਚੱਲ ਕੇ ਚਲਾਉਣੇ ਹਨ ਉਨ੍ਹਾਂ ਨੂੰ ਅਗਾਮੀ ਕਿਹਾ ਗਿਆ ਹੈ।

ਵਾਸਤਵ ਵਿਚ ਜਦੋਂ ਤਕ ਜਗਿਆਸੂ ਆਤਮਸਿੱਧੀ ਨਹੀਂ ਕਰ ਲੈਂਦਾ, ਕਰਮਾਂ ਦਾ ਚੱਕਰ ਵਾਵਰੋਲਾ ਜਾਂ ਕਹਿ ਲਓ ਇਕ ਗਧੀ ਗੇੜ ਬਣਿਆ ਹੀ ਰਹਿੰਦਾ ਹੈ। ਆਤਮ ਸਿੱਧੀ ਪ੍ਰਾਪਤ ਕਰਨ ਤੋਂ ਬਾਅਦ ਵਰਤਮਾਨ, ਭਵਿੱਖ ਦੇ ਕਰਮਾਂ ਦੇ ਪ੍ਰਭਾਵ ਤੋਂ ਛੁਟਕਾਰਾ ਮਿਲ ਜਾਂਦਾ ਹੈ ਪਰ ਪਿਛਲੇ ਕੀਤੇ ਕਰਮ ਜਦੋਂ ਤਕ ਤੁਸੀਂ ਭੋਗ ਨਹੀਂ ਲੈ3ਦੇ, ਭੁਗਤ ਨਹੀਂ ਲੈਂਦੇ ਉਹ ਤਾਂ ਪ੍ਰਭਾਵ ਪਾਉਣਗੇ ਹੀ, ਉਹ ਤਾਂ ਭੋਗਣੇ ਹੀ ਪੈਣੇ ਹਨ ਭਾਵੇਂ ਸੰਤ ਮਹਾਤਮਾ ਕਿਉਂ ਨਾ ਹੋਣ। ਜਦੋਂ ਤਕ ਪਿਛਲੇ ਕਰਮ ਭੋਗ ਕੇ ਖਤਮ ਨਹੀਂ

ਕੀਤੇ ਜਾਂਦੇ ਉਦੋਂ ਤਕ ਮੁਕਤੀ ਪ੍ਰਾਪਤ ਹੋ ਹੀ ਨਹੀਂ ਸਕਦੀ।

ਤਿਆਗੀ ਦਸਦੇ ਹਨ ਕਿ ਪਿਛਲੇ ਕਰਮਾਂ ਦੇ ਪ੍ਰਭਾਵ ਨੂੰ ਵੀ ਗਿਆਨ ਦੀ ਅਗਨੀ ਨਾਲ ਜਲਾ ਕੇ ਖਤਮ ਕੀਤਾ ਜਾ ਸਕਦਾ ਹੈ। ਬਹੁਤ ਲੋਕੀ ਹਾਲੇ ਇਸ ਵਿਸ਼ੇ ਤੇ ਬਹਿਸ ਕਰ ਰਹੇ ਹਨ ਪਰ ਕਰਮਾਂ ਦੀ ਗਤਿ ਕਰਮਾਂ ਦਾ ਨਿਯਮ ਤਾਂ ਟਲਣ ਵਾਲਾ ਨਹੀਂ ਹੈ। ਹਾਂ ਉਹ ਗੱਲ ਵਖਰੀ ਹੈ ਕਿ ਮਹਾਂਪੁਰਖ ਬ੍ਰਹਮਗਿਆਨੀ ਏਹੋ ਜਿਹੀ ਅਵਸਥਾ ਤੇ ਹੁੰਦੇ ਹਨ ਜਿਥੇ ਉਹ ਇਨ੍ਹਾਂ ਤੋਂ ਪ੍ਰਭਾਵਿਤ ਨਹੀਂ ਹੁੰਦੇ ਇਨ੍ਹਾਂ ਦੇ ਹੇਠਾਂ ਦੱਬੇ ਨਹੀਂ ਜਾਂਦੇ ਉਹ ਤਾਂ ਕਮਲ ਦੇ ਫੁੱਲ ਦੀ ਤਰ੍ਹਾਂ ਉਪਰ ਦੀ ਸਤਾ ਤੇ ਹੀ ਰਹਿੰਦੇ ਹਨ।

## ਸਲੋਕ ਨੌਵਾਂ

"ਅੰਤਰ, ਹੋਰ ਅੰਤਰ ਸੁਨਿਹਰੀ ਕੋਸ਼ ਦੇ ਅੰਦਰ ਹੀ ਪੂਰਣ ਬ੍ਰਹਮਾ ਦਾ ਵਾਸਾ ਹੈ। ਆਤਮ ਗਿਆਨੀ ਇਸ ਨੂੰ ਪ੍ਰਾਪਤ ਕਰਕੇ ਹੀ ਇਸ ਦੀ ਚਮਕ ਦੀ ਰੋਸ਼ਨੀ ਦੇਖ ਸਕਦਾ ਹੈ, ਮਹਿਸੂਸ ਕਰ ਸਕਦਾ ਹੈ।"

ਇਸ ਸਲੋਕ ਵਿਚ ਦਸਿਆ ਗਿਆ ਹੈ, ਸਵੈ ਚਮਕੀਲਾ ਪ੍ਰਕਾਸ਼ਕ, ਬ੍ਰਹਮਾ ਸਭ ਤੋਂ ਵੱਡਾ ਸੁਨਿਹਰੀ ਕੋਸ਼ ਹੈ, ਇਹ ਸ਼ੁੱਧ ਹੈ ਸਭ ਤੋਂ ਵੱਧ ਚਮਕੀਲਾ ਚਮਕ ਦਮਕ ਵਾਲਾ। ਇਸ ਸਲੋਕ ਵਿਚ ਯੋਗ ਅਨੁਸਾਰ ਵਿਆਖਿਆ ਦਿਤੀ ਗਈ ਹੈ। ਪੰਜ ਕੋਸ਼ਾਂ ਦੇ ਅੰਦਰ ਆਤਮਾ ਲੁਕੀ ਪਈ ਹੈ ਕਹਿ ਲਵੋ ਦਬੀ ਪਈ ਹੈ। ਇਨ੍ਹਾਂ ਨੂੰ ਕੋਸ਼ ਕਹਿੰਦੇ ਹਨ ਪੰਜ ਕੋਸ਼ ਹਨ, ਅੰਨਮਈ ਕੋਸ਼, ਪ੍ਰਾਣਮਈ ਕੋਸ਼, ਮਨੋਮਈ ਕੋਸ਼ ਤੇ ਵਿਗਿਆਨ ਮਈ ਕੋਸ਼ ਤੇ ਪੰਜਵਾਂ ਹੈ, ਅਨੰਦਮਈ ਕੋਸ਼, ਅਨੰਦਪੂਰਣ ਅਨੰਦ। ਅਨੰਦਮਈ ਕੋਸ਼ ਦੇ ਅੰਦਰੋਂ ਝਾਤੀ ਪਾਉਂਦਾ ਹੈ ਉਹ ਸਿਆਣਾ ਨਾ ਦਿਸਣ ਵਾਲਾ ਬ੍ਰਹਮਾ ਜੋ ਕਿ ਨਿਰੋਲ ਹੈ, ਅਗਿਆਨ ਰਹਿਤ ਹੈ, ਬੇਦਾਗ ਹੈ। ਬਿਲਕੁਲ ਉਸ ਤਰ੍ਹਾਂ ਜਿਵੇਂ ਤਲਵਾਰ ਨੂੰ ਮਿਆਨ ਵਿਚ ਰੱਖਿਆ ਹੋਵੇ ਆਤਮਾ ਇਸ ਤਰ੍ਹਾਂ ਹੀ ਹੈ ਅਜਰ, ਅਮਰ, ਹੀਰਾ ਹੈ, ਰਤਨ ਹੈ, ਚਮਕਦੇ ਸੋਹਣੇ ਕੋਸ਼ ਵਿਚ ਇਸ ਦਾ ਵਾਸਾ ਹੈ, ਬ੍ਰਹਮਗਿਆਨੀ ਜਾਣਦੇ ਹਨ ਕਿ ਇਹ ਹੀ ਸਤਿ ਹੈ, ਇਹ ਹੀ ਸਵੈ ਹੈ, ਆਤਮਾ ਹੈ, ਆਪਾ ਹੈ।

ਇਕ ਲੈਂਪ ਲਵੋ ਜਿਸ ਦੇ ਪੰਜ ਰੰਗਾਂ ਦਾ ਭਾ ਪੈਦਾ ਹੋਵੇ ਤੇ ਜਿਹੜਾ ਚਾਨਣਾ ਹੈ, ਰੋਸ਼ਨੀ ਹੈ ਉਹ ਇਨ੍ਹਾਂ ਦੇ ਥੱਲੇ ਦਬੀ ਪਈ ਹੈ ਪਰ ਜਦੋਂ ਅਸੀਂ ਇਕ-ਇਕ ਕਰਕੇ ਇਹ ਰੰਗ ਇਹ ਕਪੜੇ ਉਤਾਰਨ ਲਗਦੇ ਹਾਂ ਫੇਰ ਸਾਨੂੰ ਉਹ ਰੋਸ਼ਨੀ ਉਹ ਚਾਨਣਾ ਠੀਕ ਤਰ੍ਹਾਂ ਨਾਲ ਸਾਫ ਦਿਸਣ ਲਗ ਪੈਂਦਾ ਹੈ। ਬਿਲਕੁਲ ਇਸ ਤਰ੍ਹਾਂ ਹੀ ਹੈ ਆਤਮਾ ਇਸ ਤਰ੍ਹਾਂ ਹੀ ਹੈ,

ਆਤਮਾ ਦਾ ਚਾਨਣਾ, ਆਤਮਾ ਦੀ ਲਾਈਟ, ਬਿਲਕੁਲ ਲਿਸ਼ਕਦੀ ਇਹ ਹੀ ਬੁੱਧੀ ਨੂੰ ਕੰਮ ਕਰਨ ਵਿਚ ਸਹਾਈ ਹੁੰਦੀ ਹੈ। ਇਹ ਹੀ ਕਾਰਣ ਹੈ ਕਿ ਬੁੱਧੀ ਵਿਵੇਕਮਈ ਹੈ, ਨਿਰਣਾ ਕਰਦੀ ਹੈ ਤੇ ਜਾਂਚਦੀ ਹੈ। ਆਤਮਾ ਮਨ ਦੀ ਸਹਾਇਤਾ ਵੀ ਕਰਦੀ ਹੈ ਇਹੋ ਹੀ ਕਾਰਣ ਹੈ ਕਿ ਮਨ ਅੰਤਰਮੁਖੀ ਵੀ ਹੈ ਤੇ ਬਾਹਰਮੁਖੀ ਵੀ। ਦੋਨੋਂ ਸ੍ਵਾਸ ਭਾਵ ਅੰਦਰ ਲੈਣਾ ਤੇ ਬਾਹਰ ਕੱਢਣਾ, ਐਨੇ ਸ਼ਕਤੀਸ਼ਾਲੀ ਹਨ ਕਿ ਇਹ ਇਕ ਦੁਆਰਪਾਲ ਦਾ ਕੰਮ ਕਰਦੇ ਹਨ, ਸਰੀਰ ਜਿਵੇਂ ਇਕ ਨਗਰ ਹੋਵੇ ਇਹ ਦੋਨੋਂ ਇਸ ਨਗਰ ਦੇ ਦੁਆਰਪਾਲ ਹੋਣ। ਆਤਮਾ ਦੇ ਬੱਧੇ ਪੰਜ ਤੱਤ ਧਰਤੀ, ਅਗਨੀ, ਪਾਣੀ, ਹਵਾ ਤੇ ਪੁਲਾੜ ਸਰੀਰ ਦਾ ਰੂਪ ਲੈਂਦੇ ਹਨ।

ਗਿਆਨੀ ਆਤਮਾ ਨੂੰ ਮਨ ਦੀਆਂ ਵੱਖ-ਵੱਖ ਅਵਸਥਾ ਮੰਨਦੇ ਹਨ, ਅੰਤਰ ਗਿਆਨ ਨਾਲ, ਆਤਮਾ ਦੇ ਗਿਆਨ ਨਾਲ ਹੀ ਜਗਿਆਸੂ ਮੋਖ ਪ੍ਰਾਪਤ ਕਰਦਾ ਹੈ। ਇਹ ਦਸਣਾ ਅਵਸ਼ਕ ਹੈ ਕਿ ਮੋਖ ਪ੍ਰਾਪਤੀ ਸੰਸਾਰਕ ਗੱਲਾਂ, ਸੰਸਾਰਕ ਵਿਸ਼ੇ ਪੜ੍ਹ ਕੇ, ਜਾਣ ਕੇ ਜਾਂ ਉਨ੍ਹਾਂ ਬਾਰੇ ਵਿਚਾਰ ਕਰਕੇ ਨਹੀਂ ਮਿਲ ਸਕਦੇ।

**ਸਲੋਕ ਦਸਵਾਂ**

ਬ੍ਰਹਮ ਲੋਕ ਵਿਚ ਨਾ ਸੂਰਜ ਚਮਕਦਾ ਹੈ, ਨਾ ਤਾਰੇ, ਨਾ ਚੰਦਰਮਾ, ਨਾ ਹੀ ਉਥੇ ਕਿਸੇ ਕਿਸਮ ਦੀ ਰੋਸ਼ਨੀ ਹੈ, ਸੰਸਾਰਕ ਰੋਸ਼ਨੀ ਦੀ ਤਾਂ ਗੱਲ ਹੀ ਛੱਡੋ। ਇਹ ਤਾਂ ਜਦੋਂ ਬ੍ਰਹਮਾ ਆਪ ਚਮਕਦੇ ਹਨ ਉਦੋਂ ਹੀ ਇਹ ਸਾਰੀਆਂ ਚੀਜ਼ਾਂ ਚਮਕਦੀਆਂ ਹਨ। ਬ੍ਰਹਮਾ ਦੇ ਚਾਨਣ ਨਾਲ ਹੀ ਸਾਰੇ ਵਿਸ਼ਵ ਵਿਚ ਚਾਨਣਾ ਹੈ, ਸਾਰਾ ਸੰਸਾਰ ਜਗਮਗਾਉਂਦਾ ਹੈ।

ਅਸੀਂ ਪਹਿਲਾਂ ਵੀ ਦੱਸ ਆਏ ਹਾਂ ਕਿ ਬੇਅੰਤ ਅਕਾਸ਼ ਗੰਗਾ ਹਨ, ਹਰ ਇਕ ਆਕਾਸ਼ ਗੰਗਾ ਦੀ ਆਪਣੀ ਸੂਰਜ ਪ੍ਰਣਾਲੀ ਹੈ। ਸਾਡੀ ਸੂਰਜ ਪ੍ਰਣਾਲੀ ਦਾ ਸੂਰਜ ਜਦੋਂ ਚਮਕਦਾ ਹੈ ਸਾਰੇ ਵਿਸ਼ਵਾਸ ਨੂੰ ਚਾਨਣਾ ਦਿੰਦਾ ਹੈ, ਰੋਸ਼ਨ ਕਰਦਾ ਹੈ, ਇਹ ਬ੍ਰਹਮਾ ਦੀ ਹੀ ਸ਼ਕਤੀ ਹੈ। 'ਤਿਸ ਦੇ ਚਾਨਣ ਸਭਿ ਮਹਿ ਚਾਨਣ ਹੋਇ।' ਸੂਰਜ ਦੀ ਚਮਕਣ ਦੀ ਆਪਣੀ ਕੋਈ ਸ਼ਕਤੀ ਨਹੀਂ ਹੈ।

ਅੰਤਰ ਆਤਮਾ ਹਰ ਇਕ ਦੇ ਅੰਦਰ ਚਮਕਦੀ ਹੈ, ਉਸੇ ਦੀ ਮੁਸਕਰਾਹਟ ਉਸੇ ਦਾ ਹੀ ਖੇੜਾ ਸਭ ਦੇ ਚਿਹਰਿਆਂ ਉਤੇ ਹੈ। ਇਥੇ ਜਿਹੜਾ ਸੂਰਜ ਚਮਕਦਾ ਹੈ ਉਹ ਪ੍ਰਤੀਕ ਹੈ, ਸੰਸਾਰਕ ਸੂਰਜ ਹਨ੍ਹੇਰੇ ਨੂੰ ਖਤਮ ਕਰਕੇ ਚਾਨਣ ਦਿੰਦਾ ਹੈ ਪਰ ਸੂਰਜ ਜਗਿਆਸੂ ਲਈ ਗਿਆਨ ਦਾ ਪ੍ਰਤੀਕ ਹੈ

ਤੇ ਉਹ ਸੰਸਾਰ ਤੋਂ ਪਰ੍ਹੇ ਹੈ।

ਇਕ ਸ਼ਿਸ਼ ਨੂੰ ਸੂਰਜ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਸਲੋਕ ਵਿਚ ਦਸਿਆ ਗਿਆ ਹੈ ਕਿ ਸੂਰਜ ਦੀ ਰੋਸ਼ਨੀ ਤੇ ਸੂਰਜ ਕੇਵਲ ਇਕ ਚਿੰਨ ਹਨ। ਸੂਰਜ ਆਪਣਾ ਤੇਜ, ਆਪਣੀ ਰੋਸ਼ਨੀ ਬ੍ਰਹਮਾ ਤੋਂ ਲੈਂਦਾ ਹੈ। ਇਸ ਤਰ੍ਹਾਂ ਹੀ ਇਹ ਸਭ ਕੁਝ ਸਾਡੇ ਸਰੀਰ ਬਾਰੇ ਵੀ ਸੱਚ ਹੈ, ਸਾਡੀ ਬੁੱਧੀ, ਪ੍ਰਾਣ ਤੇ ਸਾਰੀਆਂ ਇੰਦ੍ਰੀਆਂ ਸੰਵੇਗ ਸਭ ਕੁਝ ਆਤਮਾ ਦੀ ਚਮਕ ਨਾਲ ਹੀ ਚਲ ਰਹੇ ਹਨ, ਆਤਮਾ ਦੀ ਚਮਕ, ਲਿਸ਼ਕਾਰਾ ਹੀ ਸਭ ਕਾਸੀ ਤੇ ਪੈ ਰਿਹਾ ਹੈ।

ਆਤਮਾ ਹੀ ਵਾਸਤਵ ਵਿਚ ਬ੍ਰਹਮਾ ਹੈ, ਆਤਮਾ ਹੀ ਸਤਿ ਹੈ, ਕੇਵਲ ਆਤਮਾ ਦੀ ਹੀ ਹੋਂਦ ਹੈ। ਸੰਸਾਰਕ ਸਭ ਕੁਝ ਜਿਸ ਕਿਸੇ ਚੀਜ਼ ਦਾ ਵੀ ਨਾਮ ਹੈ, ਆਕਾਰ ਹੈ, ਵਾਸਤਵ ਵਿਚ ਉਹ ਸਭ ਸਥਾਈ ਹਨ, ਸਤਿ ਹਨ ਤੇ ਆਪਣੇ ਆਪ ਵਿਚ ਇਕ ਪੂਰਨ ਸਤਿ ਹਨ।

**ਸਲੋਕ ਗਿਆਰ੍ਹਾਂ**

"ਇਹ ਸਭ ਕੁਝ ਅਟੱਲ ਬ੍ਰਹਮ ਹੀ ਹੈ, ਬ੍ਰਹਮਾ ਹੀ ਪਹਿਲਾਂ ਸੀ, ਬ੍ਰਹਮਾ ਹੀ ਹੈ, ਅੱਗੇ ਪਿਛੇ ਸੱਜੇ ਖੱਬੇ ਉਪਰ ਥੱਲੇ ਸਭ ਬ੍ਰਹਮਾ ਹੀ ਹੈ। ਇਹ ਸਾਰਾ ਸੰਸਾਰ ਹੀ ਬ੍ਰਹਮਾ ਦਾ ਵਿਸਤਾਰ ਬ੍ਰਹਮਾ ਦਾ ਪਸਾਰਾ ਹੈ।"

ਸਾਰੇ ਨਾ ਸਾਰੇ ਆਕਾਰ ਸਭ ਬ੍ਰਹਮਾ ਦੇ ਹੀ ਰੂਪ ਹਨ, ਤਜਵੀਜ਼ਾਂ ਹਨ ਉਸ ਇਕ ਸਤਿ ਦਾ ਹੀ ਪਸਾਰਾ ਹੈ, ਦੂਸਰਾ ਕੋਈ ਹੈ ਹੀ ਨਹੀਂ। ਸਾਰਾ ਪ੍ਰਗਟਾਵਾ ਹੀ ਬ੍ਰਹਮਾ ਦਾ ਹੈ, ਸਭ ਕੁਝ ਹੈ ਹੀ ਇਸੇ ਲਈ ਕਿਉਂਕਿ ਬ੍ਰਹਮਾ ਹੈ। ਅਗਿਆਨੀ ਹੀ ਵੱਖ-ਵੱਖ ਨਾਮ ਦੇ ਵੱਖ-ਵੱਖ ਆਕਾਰ ਦੇਖਦਾ ਹੈ, ਉਹ ਭੁੱਲ ਰਿਹਾ ਹੈ ਕਿ ਸਿਵਾ ਬ੍ਰਹਮਾ ਦੇ ਹੋਰ ਕੁਝ ਹੈ ਹੀ ਨਹੀਂ। ਇਹ ਮਾਇਆ ਦਾ ਪਸਾਰਾ ਮਨ ਤੇ ਸਰੀਰ ਦੀ ਹੀ ਕਾਢ ਹੈ। ਗਿਆਨ ਅਗਿਆਨ ਜਨਮ ਮਰਣ ਜਿੰਨੇ ਵੀ ਵਿਪਰੀਤ ਹਨ, ਦੁਖ, ਸੁਖ, ਸੁਖੀ, ਗਮੀ ਇਹ ਸਭ ਅਗਿਆਨ ਦੇ ਹੀ ਕਾਰਣ ਹਨ।

ਗਿਆਨੀ ਨੂੰ ਤਾਂ ਕੇਵਲ ਆਤਮਾ ਹੀ ਦਿਸਦੀ ਹੈ, ਬ੍ਰਹਮਾ ਹੀ ਦਿਸਦਾ ਹੈ। ਸਭ ਤੋਂ ਵੱਡਾ ਚਮਤਕਾਰ ਹੈ ਕਿ ਅਵਿਨਾਸ਼ੀ ਆਤਮਾਵਾਂ ਵਿਸ਼ਵਾਸ਼ੀ ਭਾਂਡਿਆਂ ਵਿਚ ਹੋ ਕੇ ਇਸ ਸੰਸਾਰ ਵਿਚ ਵਿਚਰਦੀਆਂ ਹਨ, ਛਿਨਭੰਗਰ ਸੰਸਾਰ ਵਿਚ। ਉਸ ਇਕ ਪ੍ਰਭੂ ਦੀ ਸਾਰੀ ਸ਼ਾਨ ਹੈ ਉਸ ਇਕ ਦਾ ਹੀ ਪ੍ਰਤਾਪ ਹੈ ਉਸੇ ਦੀ ਹੀ ਠਾਠ ਬਾਠ ਹੈ। ਜਦੋਂ ਜਗਿਆਸੂ ਨੂੰ ਸਤਿ ਪਤਾ

ਲਗ ਜਾਂਦਾ ਹੈ ਉਸ ਨੂੰ ਆਤਮ ਸਿੱਧੀ ਹੋ ਜਾਂਦੀ ਹੈ, ਜਗਿਆਸੂ ਸਾਰੇ ਬੰਧਨਾਂ ਤੋਂ ਛੁਟ ਜਾਂਦਾ ਹੈ ਤੇ ਉਹ ਮੋਖ ਪ੍ਰਾਪਤ ਕਰ ਲੈਂਦਾ ਹੈ।

# ਅਧਿਆਇ ਤੀਸਰਾ

## ਸਲੋਕ ਪਹਿਲਾ

ਦੋ ਇਕੋ ਜਿਹੇ ਪੰਛੀ ਇਕ ਜੋੜਾ ਹੈ ਅਨੰਦ ਜੋੜਾ ਦਰਖਤ ਦੀ ਇਕੋ ਟਾਹਣੀ ਤੇ ਬੈਠੇ ਹਨ। ਇਕ ਤਾਂ ਸਾਰੇ ਫਲ ਖਾਂਦਾ ਹੈ, ਵੱਖ-ਵੱਖ ਸਵਾਦ ਦੇ ਫਲ ਹਨ, ਦੂਸਰਾ ਕੇਵਲ ਦੇਖਦਾ ਹੈ, ਉਹ ਖਾਂਦਾ ਨਹੀਂ।

ਇਕ ਬਹੁਤ ਹੀ ਸੋਹਣਾ ਅਲੰਕਾਰ ਲੈ ਕੇ ਇਹ ਦੱਸਿਆ ਗਿਆ ਹੈ ਕਿ ਜੀਵ ਆਤਮਾ ਵਿਚ, ਵਿਅਕਤੀਗਤ ਆਤਮਾ ਤੇ ਪ੍ਰਮਾਤਮਾ ਵਿਚ ਬ੍ਰਹਮਾ ਤੇ ਪੂਰਣ ਸੱਤ ਵਿਚ ਕੀ ਭੇਦ ਹੈ। ਇਹ ਇਸ ਤਰ੍ਹਾਂ ਦੱਸਿਆ ਗਿਆ ਹੈ ਤਾਂ ਜੋ ਜਗਿਆਸੂ ਸਮਝ ਜਾਏ, ਚੰਗੀ ਤਰ੍ਹਾਂ ਨਾਲ ਤੇ ਸੌਖੀ ਤਰ੍ਹਾਂ ਸਮਝ ਜਾਏ। ਵਾਸਤਵ ਵਿਚ ਗੁਣਾ ਕਰਕੇ ਇਹ ਇਕੋ ਹੀ ਗੱਲ ਹੈ, ਮਨੁੱਖੀ ਮਨ ਨੂੰ ਸਪਸ਼ਟੀਕਰਨ ਚਾਹੀਦਾ ਹੁੰਦਾ ਹੈ ਕਿਉਂਕਿ ਸ਼ਬਦ ਵੱਖ-ਵੱਖ ਹਨ ਜਿਸ ਕਰਕੇ ਜਗਿਆਸੂ ਉਨ੍ਹਾਂ ਦੇ ਅਰਥ ਜਾਨਣਾ ਚਾਹੁੰਦਾ ਹੈ। ਸਲੋਕ ਵਿਚ ਦੱਸਿਆ ਗਿਆ ਹੈ ਕਿ ਦੋ ਪੰਛੀ ਹਨ ਉਨ੍ਹਾਂ ਦੇ ਸੋਹਣੇ ਪੰਖ ਹਨ, ਉਨ੍ਹਾਂ ਦੀ ਆਪਸ ਵਿਚ ਬੜੀ ਦੋਸਤੀ ਹੈ ਜਿਵੇਂ ਜੋੜੇ ਹੋਣ ਤੇ ਇਕ ਦੂਸਰੇ ਤੋਂ ਅੱਡ ਨਾ ਹੋ ਸਕਦੇ ਹੋਣ। ਇਹ ਦੋਨੋਂ ਜੀਵਨ ਰੂਪੀ ਰੁਖ ਤੇ ਬੈਠੇ ਹਨ।

ਦ੍ਵੈਤਵਾਦ ਦੀ ਫਿਲੋਸਫੀ ਅਨੁਸਾਰ ਚੇਤਨ ਬਿੰਦੂ ਉਹ ਸ਼ਕਤੀ ਹੈ ਜਿਸ ਤੋਂ ਵੱਖ-ਵੱਖ ਮਾਤਰਾ ਵਿਚ ਚੇਤਨਾ ਦਾ ਪ੍ਰਵਾਹ ਹੁੰਦਾ ਹੈ। ਪਰ ਮਨੁੱਖ ਸਰੀਰ ਅਤੇ ਮਨ ਕਰਕੇ, ਬੱਧਾ ਹੋਇਆ ਹੈ ਜਿਸ ਕਰਕੇ ਉਹ ਮੋਹ ਵਿਚ ਫਸ ਜਾਂਦਾ ਹੈ ਤੇ ਉਸੇ ਪ੍ਰਭਾਵਿ ਥੱਲੇ ਕਰਮ ਕਰਦਾ ਹੈ ਉਸ ਦੇ ਹੀ ਫਲ ਭੋਗਦਾ ਹੈ। ਪ੍ਰਮਾਤਮਾ ਤਾਂ ਨਿਰੋਲ ਚੇਤਨਾ ਹੈ ਤੇ ਵਿਸ਼ਵ ਨਾਲ ਜੁੜੀ ਹੋਈ ਹੈ। ਬ੍ਰਹਮਾ ਨਾਲ ਜੁੜੀ ਹੋਈ ਹੈ। ਬ੍ਰਹਮਾ ਦੀ ਹੀ ਸ਼ਕਤੀ ਮਾਇਆ ਹੈ, ਮਨੁੱਖ ਮਾਇਆ ਨਾਲ ਜੁੜਿਆ ਹੋਇਆ ਹੈ ਪਰ ਨਿਰੋਲ ਬ੍ਰਹਮਾ ਤਾਂ ਅਵਿਦਿਆ ਰਹਿਤ ਹੈ, ਅਗਿਆਨ ਰਹਿਤ ਹੈ। ਨਿਰੋਲ ਬ੍ਰਹਮਾ ਅਨੰਤ ਹੈ, ਚਮਕਦਾਰ, ਬੁੱਧੀਮਾਨ ਤੇ ਸਰਬਤਰ ਹੈ।

ਬਹੁਤ ਸਾਰੇ ਬੁੱਧੀਜੀਵੀਆਂ ਦਾ ਵਿਚਾਰ ਹੈ ਕਿ ਜਿਹੜੇ ਦੋ ਪੰਛੀਆਂ ਬਾਰੇ ਕਿਹਾ ਗਿਆ ਹੈ ਉਹ ਮਨ ਤੇ ਜੀਵ ਆਤਮਾ ਬਾਰੇ ਹੈ। ਦੂਸਰਾ ਪੰਛੀ ਤਾਂ ਨਿਰੋਲ ਚੇਤਨਾ ਹੈ ਜਿਸ ਉਤੇ ਸੁਖ ਦੁਖ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਵਿਅਕਤੀਗਤ ਆਤਮਾ, ਪਾਰਬ੍ਰਹਮ ਦਾ ਪ੍ਰਤੀਕ ਹੈ ਜਿਸ ਦਾ ਅਕਸ ਮਨ ਰੂਪੀ ਸਾਗਰ ਤੇ ਪੈਂਦਾ ਹੈ। ਜਿਵੇਂ ਸੂਰਜ ਤੇ ਉਸ ਦੀ ਧੁੱਪ ਸੇਕ ਇਕ ਦੂਸਰੇ ਤੋਂ ਵੱਖ ਨਹੀਂ ਕੀਤੇ ਜਾ ਸਕਦੇ ਬਿਲਕੁਲ ਇਸੇ ਪ੍ਰਕਾਰ ਹੀ ਜੀਵ

ਆਤਮਾ ਪ੍ਰਮਾਤਮਾ ਇਕ ਦੂਸਰੇ ਤੋਂ ਵੱਖ ਨਹੀਂ ਕੀਤੇ ਜਾ ਸਕਦੇ। ਵਿਅਕਤੀਗਤ ਆਤਮਾ ਆਪਣੇ ਆਪ ਨੂੰ ਮਨ ਤੇ ਸਰੀਰ ਨਾਲ ਅਭੇਦ ਕਰਕੇ ਆਪਣੇ ਆਪ ਨੂੰ ਕਰਤਾ ਜਾਣਦੀ ਹੈ ਤੇ ਕਰਮ ਕਰਦੀ ਹੈ। ਇਹ ਮਨ ਦਾ ਹੀ ਪ੍ਰਭਾਵ ਹੈ ਜੋ ਕਿ ਜੀਵ ਦਾ ਇਕ ਸਾਧਨ ਹੈ ਜਿਸ ਰਾਹੀਂ ਜੀਵ ਵਿਪਰੀਤ ਮਹਿਸੂਸ ਕਰਦਾ ਹੈ ਜਿਵੇਂ ਸੁਖ, ਦੁਖ, ਮਾਨ, ਅਪਮਾਨ, ਇਨ੍ਹਾਂ ਦਾ ਅਨੁਭਵ ਕਰਦਾ ਹੈ।

ਭਗਵਤ ਗੀਤਾ ਜੋ ਕਿ ਉਪਨਿਸ਼ਦਾਂ ਤੋਂ ਲੈ ਕੇ ਰਚੀ ਗਈ ਹੈ ਉਸ ਵਿਚ ਦੱਸਿਆ ਗਿਆ ਹੈ ਕਿ ਵਿਪਰੀਤ ਉਦੋਂ ਹੀ ਮਨੁਖ ਅਨੁਭਵ ਕਰਦਾ ਹੈ ਜਦੋਂ ਇੰਦ੍ਰੀਆਂ ਰਾਹੀਂ ਉਹ ਬਾਹਰੀ ਸੰਸਾਰ ਦੀਆਂ ਵਸਤਾਂ ਨਾਲ ਆਪਣੇ ਆਪ ਨੂੰ ਉਲਝਾ ਲੈਂਦਾ ਹੈ। ਇਸ ਨਾਲ ਦੋ ਤਰ੍ਹਾਂ ਦਾ ਅਨੁਭਵ ਹੁੰਦਾ ਹੈ ਸੁਖ ਤੇ ਦੁਖ।

ਸਰੀਰ ਇਕ ਬਿਰਖ ਦੀ ਤਰ੍ਹਾਂ ਹੈ ਜਿਸ ਦੀਆਂ ਜੜ੍ਹਾਂ ਬ੍ਰਹਮਾ ਤੋਂ ਨਿਕਲੀਆਂ ਹਨ, ਬਿਲਕੁਲ ਉਸੇ ਪ੍ਰਕਾਰ ਜਿਵੇਂ ਸਾਰੇ ਵਿਸ਼ਵ ਦੀਆਂ ਜੜ੍ਹਾਂ ਬ੍ਰਹਮਾ ਹੈ। ਦ੍ਵੈਤ ਤੇ ਵਿਸ਼ੇਸ਼ ਅਦ੍ਵੈਤ ਵਾਲੇ ਮੰਨਦੇ ਹਨ ਕਿ ਜੀਵ ਬਿਲਕੁਲ ਵੱਖ ਹੈ ਤੇ ਕਰਮਾਂ ਦੇ ਫਲ ਭੋਗਦਾ ਹੈ ਪਰ ਅਦ੍ਵੈਤਾ ਦੇ ਦਾਰਸ਼ਨਿਕਾਂ ਅਨੁਸਾਰ ਵਿਅਕਤੀਗਤ ਆਤਮਾ ਚਿਤ, ਰੂਹ ਕਦੀ ਵੀ ਕਿਸੇ ਤਰ੍ਹਾਂ ਨਾਲ ਬਦਲ ਨਹੀਂ ਸਕਦੀ। ਸਰੀਰ ਤੇ ਮਨ ਜੋ ਮਨੁੱਖ ਉਤੇ ਰੱਖ ਦਿਤੇ ਗਏ ਹਨ ਉਹ ਦਸਦੇ ਹਨ ਕਿ ਜੀਵ ਮਨੁੱਖ ਦੀ ਆਤਮਾ ਇਕ ਵੱਖ ਰੂਪ ਹੈ ਜੋ ਕਿ ਬ੍ਰਹਮਾ ਤੋਂ ਵੱਖ ਹੈ ਤੇ ਫਰਕ ਹੈ। ਮਨ ਤੇ ਪਦਾਰਥ ਵਸਤੂ ਵੱਖ-ਵੱਖ ਅਨੁਭਵ ਹਨ ਤੇ ਵੱਖ-ਵੱਖ ਤਰ੍ਹਾਂ ਨਾਲ ਸੋਧੇ ਜਾਂਦੇ ਹਨ ਪਰ ਆਤਮਾ ਤਾਂ ਕਦੇ ਬਦਲਦੀ ਹੀ ਨਹੀਂ, ਕਿਉਂਕਿ ਇਹ ਰੂਹ ਹੈ ਇਸ ਕਰਕੇ ਇਸ ਕਰਕੇ ਇਸ ਨੂੰ ਸੋਧਿਆ ਵੀ ਨਹੀਂ ਜਾ ਸਕਦਾ। ਇਹ ਸਾਕਸ਼ੀ ਹੈ ਪਰ ਇਸ ਉਤੇ ਕਿਸੇ ਚੀਜ਼ ਦਾ ਪ੍ਰਭਾਵ ਨਹੀਂ ਪੈਂਦਾ, ਨਾ ਮਨ ਦਾ ਨਾ ਕਿਸੇ ਸੋਧ ਦਾ।

ਕੇਵਲ ਬ੍ਰਹਮਾ ਦਾ ਗਿਆਨ ਹੀ ਪਰਾਵਿਦਿਆ ਹੀ ਜਗਿਆਸੂ ਨੂੰ ਪਰਮ ਸਤਿ ਤਕ ਪਹੁੰਚਾ ਸਕਦੀ ਹੈ। ਇਸ ਗਿਆਨ ਨਾਲ ਵਹਿਮਾਂ ਦਾ, ਭਰਮਾਂ ਦਾ ਨਾਸ਼ ਹੋ ਜਾਂਦਾ ਹੈ। ਦੇਹ ਅਭਾਸ ਖਤਮ ਹੋ ਜਾਂਦਾ ਹੈ, ਸਤਿ ਤੇ ਪਏ ਪੜਦੇ ਖੁਲ੍ਹ ਜਾਂਦੇ ਹਨ, ਪ੍ਰੈਕਟੀਕਲ ਅਭਿਆਸ ਨਾਲ ਜਿਵੇਂ ਪਿਛਲੇ ਸਲੋਕ ਵਿਚ ਦਸਿਆ ਹੈ, ਬੜੇ ਹੀ ਸੋਹਣੇ ਤਰੀਕੇ ਨਾਲ ਤੀਰ ਕਮਾਨ ਤੇ ਤੀਰ ਦਾ ਅਲੰਕਾਰ ਦੇ ਕੇ ਸਮਝਾਇਆ ਗਿਆ ਹੈ। ਇਸ ਅਧਿਆਇ ਵਿਚ ਅਧਿਆਤਮਕ ਅਨੁਸਾਸ਼ਨ ਬਾਰੇ ਦਸਿਆ ਗਿਆ ਹੈ ਜਿਵੇਂ ਕਿ ਸੱਚ ਬੋਲਣਾ, ਮੈਡੀਟੇਸ਼ਨ ਕਰਨੀ, ਮਨ ਇਕਾਗਰ ਕਰਨਾ, ਆਤਮਾ ਤੇ ਧਿਆਨ

ਲਗਾਉਣਾ, ਨਿਰਲੇਪ ਹੋ ਕੇ ਕਾਰਜ ਕਰਨੇ।

ਜਗਿਆਸੂ ਇਸ ਤਰ੍ਹਾਂ ਕਰਕੇ ਕਸ਼ਟਾਂ ਤੋਂ ਛੁਟਕਾਰਾ ਪਾ ਲੈਂਦਾ ਹੈ, ਜਿਹੜੇ ਦੁਖ ਆਤਮਾ ਨੂੰ ਮਹਿਸੂਸ ਹੁੰਦੇ ਹਨ ਉਨ੍ਹਾਂ ਤੋਂ ਛੁਟ ਜਾਂਦਾ ਹੈ। ਵਿਅਕਤੀਗਤ ਆਤਮਾ ਤੋਂ ਭਾਵ ਹੈ ਰੂਹ, ਆਤਮਾ ਉਹ ਆਤਮਾ ਜਿਹੜੀ ਅਚੇਤ ਮਨ ਨੂੰ ਚਲਾ ਰਹੀ ਹੈ ਅਚੇਤ ਮਨ ਜਿਸ ਵਿਚ ਸਾਰੇ ਸੰਸਕਾਰ ਹਨ, ਸੋਚਾਂ ਹਨ, ਇਛਾਵਾਂ ਤੇ ਸੰਵੇਗ ਹਨ। ਜਦੋਂ ਤਕ ਵਿਅਕਤੀਗਤ ਰੂਹ ਨਿਰੋਲ ਆਤਮਾ ਅਚੇਤ ਮਨ ਦੀ ਵਰਤੋਂ ਕਰ ਰਹੀ ਹੈ ਠੀਕ ਹੈ, ਉਸ ਨੂੰ ਜੀਵ ਆਤਮਾ ਕਹਿੰਦੇ ਹਨ। ਅਸੀਂ ਇਸ ਨੂੰ ਇਸ ਤਰ੍ਹਾਂ ਨਾਲ ਵੀ ਕਹਿ ਸਕਦੇ ਹਾਂ ਜਦੋਂ ਜਗਿਆਸੂ ਮਨੁਖ ਦੀ ਰੂਹ ਨੂੰ ਅਚੇਤ ਮਨ ਦਾ ਇਕ ਰਥਵਾਨ ਦੇਖਦਾ ਹੈ ਉਦੋਂ ਉਸ ਨੂੰ ਜੀਵ ਆਤਮਾ ਕਿਹਾ ਜਾਂਦਾ ਹੈ। ਜਦੋਂ ਜਗਿਆਸੂ ਨਿਰੋਲ ਚੇਤਨਾ ਨੂੰ ਰਥਵਾਨ ਤੋਂ ਬਿਨਾਂ ਕਿਸੇ ਬਾਹਰੀ ਆਰੋਪਣ ਤੋਂ ਬਿਨਾਂ ਦੇਖਦਾ ਹੈ ਉਹ ਅਚੇਤ ਮਨ ਵੀ ਦੇਖਦਾ ਹੈ ਉਦੋਂ ਉਹ ਉਸ ਵਿਚ ਨਿਰੋਲ ਆਤਮਾ ਦੇਖਦਾ ਹੈ। ਹੋਰ ਕੋਈ ਵੀ ਬਾਹਰੀ ਪ੍ਰਭਾਵ ਉਦੋਂ ਖਤਮ ਹੋ ਜਾਂਦਾ ਹੈ ਜਗਿਆਸੂ ਆਤਮਾ ਨਾਲ ਇਕ ਹੋ ਜਾਂਦਾ ਹੈ ਉਦੋਂ ਕੋਈ ਹੋਰ ਹੁੰਦਾ ਹੀ ਨਹੀਂ।

## ਸਲੋਕ ਦੂਸਰਾ

ਇਕ ਬਿਰਖ ਤੇ ਬੈਠਾ ਮਨੁੱਖ ਭਰਮਿਆ ਪਿਆ ਹੈ ਚਿੰਤਾਵਾਂ ਤੇ ਮਜਬੂਰੀਆਂ ਵਿਚ ਉਲਝਿਆ ਪਿਆ ਹੈ। ਜਦੋਂ ਹੀ ਇਸ ਨੂੰ ਦੂਸਰੇ ਪੰਛੀ ਦੀ ਸ਼ਾਨ ਤੇ ਵਡਿਆਈ ਪਤਾ ਲਗਦੀ ਹੈ ਉਦੋਂ ਹੀ ਇਸ ਨੂੰ ਦੁਖ ਸੰਤਾਪ ਤੋਂ ਛੁਟਕਾਰਾ ਮਿਲ ਜਾਂਦਾ ਹੈ।

ਦੂਸਰੇ ਸਲੋਕ ਵਿਚ ਜਗਿਆਸੂ ਨੂੰ ਇਹ ਸਪਸ਼ਟ ਹੋ ਜਾਂਦਾ ਹੈ ਕਿ ਦੋ ਸੋਹਣੇ ਖੰਭਾਂ ਵਾਲੇ ਪੰਛੀ ਵਿਅਕਤੀਗਤ ਆਤਮਾ ਤੇ ਨਿਰੋਲ ਚੇਤਨਾ ਹੀ ਹੈ ਬਿਨਾਂ ਕਿਸੇ ਆਰੋਪਣ ਦੇ। ਬਿਨਾਂ ਬ੍ਰਹਮਗਿਆਨ ਦੇ ਦੋ ਭਾਵਨਾਵਾਂ ਪ੍ਰਬਲ ਹਨ, ਮਨੁੱਖ ਦੀ ਆਤਮਾ ਪਰੇਸ਼ਾਨ ਹੈ ਕਿਉਂਕਿ ਉਹ ਲਾਚਾਰ ਹੈ, ਭਾਵੇਂ ਉਹ ਲਾਚਾਰੀ ਆਪਣੀ ਹੀ ਬਣਾਈ ਹੋਈ ਹੈ ਕਿਉਂਕਿ ਉਸ ਨੇ ਆਪਣੇ ਆਪ ਨੂੰ ਮਨ ਦੀ ਸਮਰੂਪਤਾ ਤੇ ਹੋਰ ਵਸਤੂਆਂ ਨਾਲ ਜੋੜ ਲਿਆ ਹੈ ਜਿਹੜੇ ਹਰ ਸਮੇਂ ਬਦਲਦੇ ਰਹਿੰਦੇ ਹਨ ਤੇ ਨਾਸ਼ ਹੁੰਦੇ ਰਹਿੰਦੇ ਹਨ।

ਅਗਿਆਨ ਦੇ ਭਾਰ ਥੱਲੇ ਉਹ ਵੀ ਆਪਣਾ ਹੀ ਬਣਾਇਆ ਅਗਿਆਨ, ਇਛਾਵਾਂ, ਕਰਮ ਤੇ ਕਰਮਾਂ ਦੇ ਫਲਾਂ ਨੂੰ ਮਾਨਣ ਦੀ ਚਾਹ, ਮਨੁੱਖ ਦੀ ਆਤਮਾ ਡੁੱਬੀ ਰਹਿੰਦੀ ਹੈ। ਸੰਸਕਾਰਾਂ ਦੇ ਸਾਗਰ ਵਿਚ ਡੁੱਬੀ

ਰਹਿੰਦੀ ਹੈ। ਇਹ ਸੋਚੋ ਕਿ ਜੇ ਇਕ ਤਾਰੂ ਜਦੋਂ ਹੱਥ ਮਾਰ ਕੇ ਪਾਣੀ ਆਪਣੇ ਤੋਂ ਪਰ੍ਹੇ ਕਰਦਾ ਹੈ ਜੇ ਉਹ ਪਰ੍ਹੇ ਕਰਨ ਦੀ ਥਾਂ ਆਪਣੇ ਵਲ ਕਰ ਲਵੇ ਤਾਂ ਸ਼ਰਤੀਆ ਉਹ ਡੁਬੇਗਾ ਹੀ। ਜਦੋਂ ਤਕ ਮਨੁੱਖ ਦੀ ਆਤਮਾ ਨੂੰ ਇਹ ਗਿਆਨ ਨਹੀਂ ਹੋ ਜਾਂਦਾ ਕਿ ਤਿਆਗ ਕਿਵੇਂ ਕੀਤਾ ਜਾਵੇ। ਹਰ ਤਰ੍ਹਾਂ ਦੀਆਂ ਬੇੜੀਆਂ ਕਿਵੇਂ ਤੋੜੀਆਂ ਜਾਣ, ਜਦੋਂ ਤਕ ਤਿਆਗ ਕਰਕੇ ਅਨੰਦ ਨਹੀਂ ਲੈਣਾ ਆਉਂਦਾ, ਮਨੁੱਖ ਭਰਮ ਦੇ ਚਿੱਕੜ ਤੋਂ, ਦਲ ਦਲ ਤੋਂ ਨਹੀਂ ਨਿਕਲ ਸਕਦਾ। ਚਿੱਕੜ ਦਾ ਉਹ ਦਲ-ਦਲ ਜਿਹੜਾ ਉਸ ਦੇ ਸੰਸਕਾਰਾਂ ਦਾ ਬਣਿਆ ਹੋਇਆ ਹੈ।

ਜਦੋਂ ਜਗਿਆਸੂ ਜਾਂ ਉਹ ਹੀ ਤੈਰਨ ਵਾਲਾ ਤਿਆਗ ਦੀ ਤਕਨੀਕ ਜਾਣ ਲੈਂਦਾ ਹੈ ਉਸ ਨੂੰ ਵੈਰਾਗ ਹੋ ਜਾਂਦਾ ਹੈ ਉਹ ਆਪਣੀਆਂ ਬੇੜੀਆਂ ਤੋੜ ਲੈਂਦਾ ਹੈ ਜਿਹੜੀਆਂ ਉਸ ਨੇ ਆਪ ਹੀ ਬਣਾਈਆਂ ਸੀ। ਝੂਠੀ ਸਮਰੂਪਤਾ ਸ਼ਖਸ਼ੀਅਤ ਨੂੰ ਬਦਲ ਦਿੰਦੀ ਹੈ। ਅੰਗ੍ਰੇਜ਼ੀ ਦੇ personality ਸ਼ਬਦ ਯੂਨਾਨੀ persona ਸ਼ਬਦ ਤੋਂ ਆਇਆ ਹੈ ਜਿਸ ਦਾ ਅਰਥ ਹੈ ਮਖੌਟਾ ਜਿਹੜਾ ਕਿ ਡਰਾਮਾ ਕਰਨ ਲੱਗਿਆਂ ਕੋਈ ਵੀ ਐਕਟਰ ਪਾ ਲੈਂਦਾ ਹੈ ਜਿਹੜਾ ਵੀ ਉਸ ਦੇ ਪਾਰਟ ਦੇ ਅਨੁਸਾਰ ਹੋਵੇ। ਇਨ੍ਹਾਂ ਮਖੌਟਿਆਂ ਨੂੰ ਪਾ ਕੇ ਵੱਖ-ਵੱਖ ਰੋਲ ਕੀਤੇ ਜਾਂਦੇ ਹਨ ਤੇ ਵੱਖ-ਵੱਖ ਵਿਅਕਤੀਤਵ ਬਣਦੇ ਹਨ। ਵਿਅਕਤੀਗਤ ਆਤਮਾ ਵੀ ਖਾਸ ਤਰ੍ਹਾਂ ਦਾ ਮਖੌਟਾ ਪਾ ਕੇ ਵੱਖ-ਵੱਖ ਰੋਲ ਕਰਦੇ ਹਨ, ਪਿਤਾ, ਪੁੱਤਰ, ਪਤੀ, ਪਤਨੀ, ਹੋਰ ਸਾਰੇ ਹਰ ਇਕ ਰੋਲ ਨਾਲ ਇਕ ਨਵਾਂ ਵਿਅਕਤੀਤਵ ਬਣਦਾ ਹੈ ਤੇ ਨਵਾਂ ਹੀ ਮੋਹ ਪੈਂਦਾ ਹੈ। ਇਸ ਤਰ੍ਹਾਂ ਨਾਲ ਉਸ ਦੀ ਇਕ ਸਖਸ਼ੀਅਤ ਇਕ ਆਪਾ ਬਣ ਜਾਂਦਾ ਹੈ ਤੇ ਉਹ ਆਪਣਾ ਅਸਲੀ ਸਰੂਪ ਭੁੱਲ ਹੀ ਜਾਂਦਾ ਹੈ। ਇਸ ਤੋਂ ਬਾਅਦ ਫੇਰ ਉਸ ਨੂੰ ਵਿਪਰੀਤ ਮਹਿਸੂਸ ਹੋਣ ਲਗ ਪੈਂਦੇ ਹਨ, ਦੁਖ, ਸੁਖ, ਦਰਦ, ਅਨੰਦ ਇਸੇ ਸਖਸ਼ੀਅਤ ਕਾਰਨ ਉਸ ਨੂੰ ਜੰਮਣ ਤੇ ਮਰਨ ਦਾ ਦੁਖ ਹੈ। ਜਦੋਂ ਅਧਿਆਤਮਕ ਅਨੁਸਾਸ਼ਨ ਨਾਲ ਇਹ ਜਾਣ ਜਾਂਦਾ ਹੈ ਕਿ ਸੰਸਾਰ ਦੇ ਸਾਰੇ ਰਿਸ਼ਤੇ ਆਪਣੇ ਬਣਾਏ ਹੋਏ ਹਨ, ਵਾਸਤਵ ਵਿਚ ਉਹ ਕੇਵਲ ਆਤਮਾ ਹੈ ਉਸ ਦਾ ਸੁਭਾਅ ਆਤਮਾ ਹੈ, ਉਹ ਮੁਕਤ ਹੋ ਜਾਂਦਾ ਹੈ।

ਮਨੁੱਖ ਦੀ ਆਤਮਾ ਆਪਣੇ ਆਪ ਲਈ ਇਕ ਵਾਵਰੋਲਾ ਬਣਾ ਲੈਂਦੀ ਹੈ। ਅਨੇਕਾਂ ਬਖੇੜੇ, ਅਨੇਕਾਂ ਉਲਝਣਾਂ ਪੈਦਾ ਕਰ ਲੈਂਦਾ ਹੈ ਜਿਨ੍ਹਾਂ ਦੀ ਜੜ੍ਹ ਕੇਵਲ ਅਗਿਆਨ ਹੀ ਹੈ। ਇਸ ਤਰ੍ਹਾਂ ਕਰਨ ਨਾਲ ਮਨੁੱਖ ਲਾਚਾਰ ਤੇ ਨਿਤਾਣਾ ਮਹਿਸੂਸ ਕਰਦਾ ਹੈ, ਆਤਮ ਵਿਸ਼ਵਾਸ਼ ਜਾਂਦਾ ਰਹਿੰਦਾ ਹੈ ਭਾਵੇਂ ਉਸ ਕੋਲ ਸਭ ਕੁਝ ਹੈ, ਸਾਰਾ ਤਾਣ ਹੈ ਸਭ ਕੁਝ ਹੁੰਦਿਆਂ ਉਹ ਕਮਜ਼ੋਰ ਤੇ ਨਿਤਾਣਾ ਮਹਿਸੂਸ ਕਰਦਾ ਹੈ ਤੇ ਉਸ ਦੇ ਅੰਦਰ ਆਤਮ

ਨਿਖੇਦੀ ਦੇ ਵਿਚਾਰ ਪੈਦਾ ਹੁੰਦੇ ਹਨ। ਜਦੋਂ ਜਗਿਆਸੂ ਜੀਵਨ ਨੂੰ ਦੇਖ ਕੇ ਉਸ ਦਾ ਵਿਸ਼ਲੇਸ਼ਨ ਕਰਦਾ ਹੈ, ਉਸ ਨੂੰ ਜਾਂਚਦਾ ਹੈ ਸਾਰੇ ਜੀਵਨ ਦੀ ਫਿਲੌਸਫੀ ਨੂੰ ਦੇਖਦਾ ਹੈ, ਉਹ ਜਾਣ ਜਾਂਦਾ ਹੈ ਕਿ ਉਸ ਦੇ ਦੁੱਖਾਂ ਦਾ ਕਾਰਣ ਤਾਂ ਕੇਵਲ ਮਾਇਆ ਹੀ ਹੈ ਤੇ ਉਹ ਮਾਇਆ ਕਾਰਣ ਹੀ ਸਭ ਕੁਝ ਭੁੱਲ ਗਿਆ ਹੈ ਉਸ ਉਤੇ ਹੀ ਮਾਇਆ ਪਈ ਹੋਈ ਹੈ ਤੇ ਉਹ ਆਪਣੇ ਆਪ ਨੂੰ ਕੇਵਲ ਸਰੀਰ ਹੀ ਸਮਝ ਰਿਹਾ ਹੈ।

ਜਦੋਂ ਜਗਿਆਸੂ ਸੰਸਾਰਕ ਚੀਜ਼ਾਂ, ਸੰਸਾਰਕ ਗੱਲਾਂ ਛੱਡ ਕੇ ਆਤਮ ਮਾਰਗ ਤੇ ਚੱਲਣ ਦੀ ਤਾਂਘ ਪੈਦਾ ਕਰ ਲੈਂਦਾ ਹੈ ਜਾਂ ਕਹਿ ਲਓ ਪ੍ਰਭੂ ਕ੍ਰਿਪਾ ਨਾਲ ਇਹ ਤਾਂਘ ਪੈਦਾ ਹੋ ਜਾਂਦੀ ਹੈ। ਜਦੋਂ ਜਗਿਆਸੂ ਅਨੁਸਾਸ਼ਨ ਨਾਲ ਰਹਿਣ ਲਗ ਪੈਂਦਾ ਹੈ ਜਿਵੇਂ ਅਹਿੰਸਾ ਦਾ ਵਿਵਹਾਰ ਕਰਦਾ ਹੈ, ਸਚਾਈ ਤੇ ਚਲਦਾ ਹੈ, ਸੰਜਮ ਜਤ ਸਤ ਨਾਲ ਰਹਿੰਦਾ ਹੈ ਜਿਵੇਂ ਕਿ ਪੰਤਾਜਲ ਜੋ ਕਿ ਯੋਗ ਵਿਗਿਆਨ ਨੂੰ ਨਿਮਯਬੱਧ ਕਰਨ ਵਾਲੇ ਹਨ ਫੇਰ ਜਗਿਆਸੂ ਵਿਚ ਇਕ ਨਵੀਂ ਲਹਿਰ ਆ ਜਾਂਦੀ ਹੈ ਉਹ ਪੂਰਨ ਸ੍ਵੈ ਕਾਬੂ ਪ੍ਰਾਪਤ ਕਰ ਲੈਂਦਾ ਹੈ ਤੇ ਸ਼ਾਂਤ ਮਨ ਹੋ ਜਾਂਦਾ ਹੈ ਉਹ ਮੈਡੀਟੇਸ਼ਨ ਕਰਨ ਲਗ ਪੈਂਦਾ ਹੈ ਧਿਆਨ ਲਗਾਉਣ ਲਗ ਪੈਂਦਾ ਹੈ। ਅੰਤਰ ਆਤਮਾ ਫੇਰ ਬਾਹਰ ਦੇ ਸੰਸਾਰਕ ਝਮੇਲਿਆਂ ਤੋਂ ਪ੍ਰਭਾਵਿਤ ਨਹੀਂ ਹੁੰਦਾ, ਨਾ ਦੁਖੀ ਹੁੰਦੀ ਹੈ ਨਾ ਖੁਸ਼, ਨਾ ਭੁੱਖ ਨਾ ਪਿਆਸ ਅਫਸੋਸ ਨਹੀਂ, ਖੁਸ਼ੀ ਨਹੀਂ ਜਨਮ ਮਰਨ ਦੀ ਕੋਈ ਚਿੰਤਾ ਨਹੀਂ। ਇਹ ਸਾਰੇ ਬਦਲਾਵ ਸਰੀਰ ਵਿਚ ਡੂੰਘੇ ਰਚੇ ਹੁੰਦੇ ਹਨ, ਪਰ ਆਤਮਾ ਦੇ ਨਹੀਂ ਹੁੰਦੇ। ਜਦੋਂ ਜਗਿਆਸੂ ਅੰਤਰਮੁਖ ਹੋ ਕੇ ਦੇਖਦਾ ਹੈ ਉਹ ਉਸ ਪੰਛੀ ਨੂੰ ਜਾਣ ਲੈਂਦਾ ਹੈ ਜਿਹੜਾ ਦੇਖ ਰਿਹਾ ਹੈ। ਜਗਿਆਸੂ ਫੇਰ ਜਾਣ ਜਾਂਦਾ ਹੈ ਕਿ ਆਪਣੇ ਦੁਖਾਂ ਸੰਤਾਪਾਂ ਦਾ ਕਾਰਣ ਉਹ ਆਪ ਹੀ ਹੈ ਹੋਰ ਕੋਈ ਨਹੀਂ। ਉਹ ਇਹ ਵੀ ਜਾਣ ਲੈਂਦਾ ਹੈ ਕਿ ਉਸ ਨੇ ਆਪ ਹੀ ਇਹ ਅਗਿਆਨ ਦੀਆਂ ਬੇੜੀਆਂ ਤੋੜਨੀਆਂ ਹਨ ਤੇ ਆਪ ਹੀ ਉਸ ਨੇ ਇਨ੍ਹਾਂ ਤੋਂ ਮੁਕਤੀ ਪਾਉਣੀ ਹੈ ਤੇ ਉਹ ਪੰਛੀ ਬਣਨਾ ਹੈ ਜਿਹੜਾ ਸਰੀਰ ਵਿਚ ਰਹਿੰਦਿਆਂ ਪੂਰੀ ਤਰ੍ਹਾਂ ਨਾਲ ਸੁਤੰਤਰ ਹੈ।

## ਸਲੋਕ ਤੀਸਰਾ

"ਜਦੋਂ ਜਗਿਆਸੂ ਨੂੰ ਪਰਮਚੇਤਨਾ ਪੁਰਖ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ ਚੇਤਨਾ ਜਿਹੜੀ ਚਮਕੀਲੀ ਹੈ, ਤੇਜਮਈ ਹੈ, ਸਾਰੇ ਕਾਰਜਾਂ ਦੀ ਕਰਮਾਂ ਦੀ ਸ਼ਕਤੀ ਹੈ, ਜੋ ਬ੍ਰਹਮਾ ਹੈ ਗਿਆਨ ਦਾ ਸਰੋਤ ਹੈ ਇਸ ਤੋਂ ਬਾਅਦ ਜਗਿਆਸੂ ਦੇ ਸਾਰੇ ਸੰਸਕਾਰ, ਚੰਗੇ ਤੇ ਮੰਦੇ ਸਭ ਸ਼ੁੱਧ ਹੋ ਜਾਂਦੇ ਹਨ ਤੇ ਸਮਚਿਤ ਹੋ ਜਾਂਦੇ ਹਨ।"

ਤੀਸਰੇ ਸਲੋਕ ਵਿਚ ਦੱਸਿਆ ਹੈ ਜਦੋਂ ਸ਼ਿਸ਼ ਸਿਮਰਨ ਕਰਨਾ ਸਿੱਖ ਲੈਂਦਾ ਹੈ ਮੈਡੀਟੇਸ਼ਨ ਕਰਨ ਲਗ ਪੈਂਦਾ ਹੈ, ਉਹ ਸੁਨਿਹਰੀ ਰੰਗ ਦੇਖਣ ਲਗ ਜਾਵੇ ਭਾਵ ਉਸ ਨੂੰ ਸੁਨਿਹਰੀ ਭਾਹ ਪੈਣ ਲਗ ਜਾਵੇ ਫੇਰ ਸਮਝੋ ਕਿ ਉਸਨੂੰ ਬ੍ਰਹਮਾ ਦੀ ਸ਼ਾਨਦਾਰ ਖੁਸ਼ੀ ਪ੍ਰਾਪਤ ਹੋ ਗਈ ਹੈ। ਅਜਰ, ਅਮਰ, ਅਟੱਲ, ਬ੍ਰਹਮਾ ਦ੍ਵੈਤ ਤੋਂ ਸੁਤੰਤਰਤਾ ਦਾ ਭਾਵ ਹੈ ਕਿ ਤੁਸੀਂ ਆਤਮ ਸਿੱਧੀ ਕਰ ਲਈ। ਬ੍ਰਹਮਾ ਦੀ ਪ੍ਰਾਪਤੀ ਕਰ ਲਈ। ਜਗਿਆਸੂ ਨੂੰ ਚਾਹੀਦਾ ਹੈ ਕਿ ਆਤਮ ਮਾਰਗ ਤੇ ਦ੍ਰਿੜ੍ਹ ਹੋ ਕੇ ਚੱਲੇ ਤੇ ਮਨ ਵਿਚ ਖਿੱਚ, ਲੋਚਾ ਪੈਦਾ ਕਰੇ, ਸੰਸਾਰਕ ਇਛਾਵਾਂ ਛੱਡ ਕੇ ਸੰਸਾਰ ਖੁਸ਼ੀਆਂ ਦੀ ਲੋਚਾ ਛੱਡ ਕੇ ਉਸ ਇਕ ਦੀ ਲੋਚਾ ਰੱਖੇ ਤੇ ਉਸ ਸਤਿ ਨੂੰ ਪ੍ਰਾਪਤ ਕਰਕੇ ਸੁਤੰਤਰਤਾ ਪ੍ਰਾਪਤ ਕਰੇ। ਇਸ ਸਤਿ ਦੀ ਪਰਾਪਤੀ ਹੁਣੇ ਇਸੇ ਜੀਵਨ ਵਿਚ ਹੋ ਸਕਦੀ ਹੈ। ਕਮਾਲ ਹੈ ਐਸੇ ਉਪਨਿਸ਼ਦਾਂ ਦੇ ਗਿਆਨ ਦਾ ਜਿਹੜਾ ਕਮਜ਼ੋਰ ਢੱਠੇ ਹੋਏ ਨੂੰ ਵੀ ਖੜ੍ਹਾ ਕਰਕੇ ਆਤਮ ਸਿੱਧੀ ਪ੍ਰਾਪਤ ਕਰਾ ਸਕਦਾ ਹੈ। ਆਤਮ ਸਿੱਧੀ ਪ੍ਰਾਪਤ ਕਰਕੇ ਜਗਿਆਸੂ ਨੂੰ ਸੰਸਾਰ ਵਿਚ ਵੀ ਰਹਿਣ ਦੀ ਜਾਚ ਆ ਜਾਂਦੀ ਹੈ, ਅੰਤਰ ਤੋਂ ਸਦਾ ਹੈ ਉਸ ਬ੍ਰਹਮਾ ਨਾਲ ਜੁੜੇ ਰਹਿਣ ਦੀ ਵੀ ਜਾਚ ਆ ਜਾਂਦੀ ਹੈ, ਕਿਉਂਕਿ ਉਹ ਅੰਦਰੋਂ ਸੰਸਾਰ ਤਿਆਗ ਚੁੱਕਾ ਹੈ।

## ਸਲੋਕ ਚੌਥਾ

ਇਸ ਸਤਿ ਨੂੰ ਜਾਣਦੇ ਹੋਏ ਕਿ ਹਰ ਚੇਤਨ ਵਸਤ ਵਿਚ ਪ੍ਰਾਣਾਂ ਦੀ ਹੀ ਚਮਕ ਦਮਕ ਹੈ ਇਹ ਆਤਮ ਸਿੱਧ ਯੋਗੀ ਕਦੀ ਵੀ ਸਿਧਾਂਤਮਈ ਵਿਦਵਤਾ ਭਰਪੂਰ ਵਾਦ ਵਿਵਾਦ ਵਿਚ ਨਹੀਂ ਪੈਂਦਾ। ਉਹ ਤਾਂ ਆਤਮਾ ਵਿਚ ਹੀ ਵਸਦਾ ਰਹਿੰਦਾ ਹੈ, ਮੈਡੀਟੇਸ਼ਨ ਵਿਚ ਮਗਨ ਰਹਿੰਦਾ ਹੈ ਤੇ ਉਸ ਨੂੰ ਉਹ ਪਰਮ ਸਥਾਨ ਪ੍ਰਾਪਤ ਹੈ ਜਿਹੜਾ ਕਿਸੇ ਬ੍ਰਹਮਗਿਆਨੀ ਨੂੰ ਹੈ।

ਇਸ ਸਲੋਕ ਵਿਚ ਪ੍ਰਾਣ ਸ਼ਬਦ ਜੀਵਨ ਦੇ ਪਹਿਲੇ ਪੜਾਅ ਲਈ ਵਰਤਿਆ ਗਿਆ ਹੈ ਜੋ ਕਿ ਅਨੰਤ ਲਹਿਰ ਹੈ ਤੇ ਜਿਹੜੀ ਅਨੰਦ ਦੇ ਸਾਗਰ ਤੋਂ ਉਤਪੰਨ ਹੋਈ ਹੈ। ਇਸ ਨੂੰ ਉਤਮ ਪੁਰਖ ਵੀ ਕਿਹਾ ਜਾ ਸਕਦਾ ਹੈ, ਇਹ ਉਹ ਪਹਿਲੀ ਲਹਿਰ ਹੈ ਜਿਹੜੀ ਉਹ ਚ੍ਹਣ ਹੈ ਜਿਸ ਤੋਂ ਅਨੇਕਾਂ ਹੀ ਬੁਲਬੁਲੇ ਉਠਦੇ ਹਨ ਜਿਵੇਂ ਮਨ, ਅਨੇਕਾਂ ਸੋਧਾ ਇੰਦ੍ਰੀਆਂ ਤੇ ਸਰੀਰ ਦੇ ਕਿੰਨੇ ਹੀ ਤੱਤ। ਇਥੇ ਪ੍ਰਾਣਾਂ ਤੋਂ ਭਾਵ ਸ੍ਵਾਸ ਨਹੀਂ ਅੰਦਰ ਜਾਂਦੇ ਤੇ ਬਾਹਰ ਆਉਂਦੇ, ਸ੍ਵਾਸ ਨਹੀਂ ਜਿਹੜੇ ਪਹਿਰੇਦਾਰ ਹਨ। ਪਹੁੰਚਿਆ ਹੋਇਆ ਸ਼ਿਸ਼ ਜਾਣਦਾ ਹੈ, ਜਿਸ ਨੇ ਉਪਨਿਸ਼ਦਾਂ ਦਾ ਵਿਗਿਆਨ ਪੜ੍ਹਿਆ ਤੇ ਜਾਣਿਆ ਹੈ ਸ੍ਵਾਸ ਇਕ ਘੋੜੇ ਦੀ ਤਰ੍ਹਾਂ ਹਨ ਤੇ ਉਸ ਦੀ ਸਵਾਰੀ ਕਰਦੇ

ਹਨ ਪ੍ਰਾਣ ਇਕ ਕੇਵਲ ਇਕ ਸਵਾਰੀ ਹੈ ਤੇ ਦੂਸਰਾ ਸਵਾਰ।

ਪ੍ਰਾਣਾਯਾਮ ਉਹ ਵਿਗਿਆਨ ਹੈ ਜਿਸ ਨੂੰ ਸਿੱਖ ਕੇ ਕਰਕੇ ਇਹ ਗਿਆਨ ਹੋ ਜਾਂਦਾ ਹੈ ਕਿ ਜੀਵਨ ਦੀ ਹਰ ਉਭਾਰ ਦੇ ਧੁਰ ਅੰਦਰ ਦੀ ਲਹਿਰ ਹੈ ਤੇ ਉਹ ਲਹਿਰ ਹੈ ਪ੍ਰਾਣ, ਇਹ ਸਿਥਲ ਨਹੀਂ ਇਹ ਜੜ੍ਹ ਨਹੀਂ ਇਹ ਤਾਂ ਚੇਤਨ ਬਿੰਦੂ ਹੈ, ਅੰਤਰ ਵਸਦਾ ਚੇਤਨ ਬਿੰਦੂ, ਸਭ ਤੋਂ ਪਹਿਲਾਂ ਹੋਂਦ ਵਿਚ ਆਉਣ ਵਾਲਾ ਹਿਰਦੇ ਦੀ ਗੁਫਾ ਵਿਚ ਵਸਦਾ ਜਿਵੇਂ ਕਿ ਅਸੀਂ ਪਹਿਲਾਂ ਉਪਰ ਦਸ ਆਏ ਹਾਂ।

ਸਾਧਨਾ ਦੇ ਤਿੰਨ ਮਾਰਗ ਹਨ ਪਹਿਲਾ ਹੈ ਮਨ ਨਾਲ ਸਾਧਨਾ, ਬੁੱਧੀ ਨਾਲ, ਸੰਵੇਗ ਨਾਲ, ਇਹ ਭਗਤੀ ਦਾ ਮਾਰਗ ਹੈ ਗਿਆਨ ਦਾ ਮਾਰਗ ਹੈ ਦੂਸਰਾ ਹੈ ਬ੍ਰਹਮਚਾਰੀ ਸਾਧਨਾ ਜਿਸ ਤੋਂ ਭਾਵ ਹੈ ਦ੍ਰਿੜ੍ਹ ਸਦਾਚਾਰ ਰੱਖ ਕੇ ਤਪਸਿਆ ਕਰਨੀ। ਇੰਦ੍ਰੀਆਂ ਨੂੰ ਪੂਰੀ ਤਰ੍ਹਾਂ ਨਾਲ ਕਾਬੂ ਰੱਖਣਾ, ਕੰਟਰੋਲ ਰੱਖਣਾ ਜਾਂ ਇਹ ਕਹਿ ਲਵੋ ਕਿ ਬ੍ਰਹਮ ਚੇਤਨਾ ਵਿਚ ਹੀ ਹਰ ਸਮੇਂ ਵਿਚਰਨਾ, ਤੀਸਰਾ ਮਾਰਗ ਹੈ ਵਾਯੂ ਮਾਰਗ, ਜਿਸ ਤੋਂ ਕੇਵਲ ਇਹ ਹੀ ਨਹੀਂ ਕਿ ਸ੍ਵਾਸ ਦਾ ਅਭਿਆਸ ਕਰਨਾ, ਇਹ ਸ੍ਵਾਸ ਅਭਿਆਸ ਫੇਫੜਿਆਂ ਦੀ ਗਤੀ ਨੂੰ ਸਾਮਾਨ ਕਰਦਾ ਹੈ, ਸਰੀਰ ਬਿਲਕੁਲ ਠੀਕ ਰਹਿੰਦਾ ਹੈ, ਸੁਆਸਥ ਰਹਿੰਦਾ ਹੈ ਤੇ ਸਾਧਨਾ ਕਰਨ ਯੋਗ ਹੋ ਜਾਂਦਾ ਹੈ ਸਰੀਰ ਸਾਧਨਾ ਵਿਚ ਬਾਧਾ ਨਹੀਂ ਵਿਘਨ ਨਹੀਂ ਪਾਉਂਦਾ। ਆਤਮਕ ਸਿੱਧੀ ਪ੍ਰਾਪਤ ਕਰਨ ਵਿਚ ਸਹਾਈ ਹੁੰਦਾ ਹੈ। ਸਾਰੇ ਸ੍ਵਾਸ ਅਭਿਆਸ ਬਿਲਕੁਲ ਠੀਕ ਹਨ, ਜ਼ਰੂਰੀ ਹਨ ਪਰ ਜਗਿਆਸੂ ਜਾਣਦਾ ਹੈ ਕਿ ਸਭ ਤੋਂ ਪਹਿਲੀ ਪੌੜੀ ਪ੍ਰਾਣ ਹਨ। ਪ੍ਰਾਣ ਦੀ ਸਹਾਇਤਾ ਨਾਲ ਹੀ ਮਨ, ਬੁੱਧੀ ਤੀਖਣ ਹੋ ਕੇ ਕਾਰਜ ਕਰਦੇ ਹਨ, ਇੰਦ੍ਰੀਆਂ ਦੀ ਸ਼ਕਤੀ ਵੀ ਇਸੇ ਨਾਲ ਕੰਮ ਕਰਦੀ ਹੈ। ਅਸੀਂ ਦੇਖਦੇ ਹਾਂ, ਸੁਆਦ ਲੈਂਦੇ ਹਾਂ ਹੱਥ ਲਗਾ ਕੇ ਦੇਖਦੇ ਹਾਂ ਤੇ ਸੁੰਘਦੇ ਹਾਂ। ਜਿਹੜੀ ਚਮਕ ਜੋ ਵੀ ਸਰੀਰ ਦੀ ਸ਼ਕਤੀ ਹੈ ਉਹ ਪ੍ਰਾਣਾਂ ਤੋਂ ਹੀ ਆਉਂਦੀ ਹੈ। ਇਹ ਚਮਕ ਲਿਸ਼ਕਾਰਾ ਤੀਬਰ ਬੁੱਧੀ, ਸਿਆਣਪ ਦੀ ਹੀ ਚਮਕ ਹੈ। ਇਸ ਦਾ ਵਾਸਾ ਸਰੀਰ ਵਿਚ ਹੈ।

## ਸਲੋਕ ਪੰਜਵਾਂ

"ਆਤਮਾ ਨੂੰ ਲਗਾਤਾਰ ਸਤਿ, ਤਪ, ਸਹੀ ਗਿਆਨ ਤੇ ਬ੍ਰਹਮਚਰੀਆ ਨਾਲ ਹੀ ਅਨੁਭਵ ਕੀਤਾ ਜਾ ਸਕਦਾ ਹੈ। ਯੋਗੀ ਜਿਹੜੇ ਪੂਰੀ ਤਰ੍ਹਾਂ ਨਾਲ ਸ਼ੁੱਧ ਹੋ ਕੇ ਸਾਰੀਆਂ ਅਸ਼ੁਧੀਆਂ ਸਾਰੇ ਅਵਗੁਣਾਂ ਤੋਂ ਰਹਿਤ ਹੋ ਕੇ ਆਪਣੇ ਅੰਦਰ ਇਸ ਆਤਮਾ ਦੀ ਰੋਸ਼ਨੀ ਨੂੰ ਜਗਾ ਲੈਂਦੇ ਹਨ, ਇਸ ਚਮਕ ਨੂੰ

ਦੇਖ ਲੈਂਦੇ ਹਨ, ਇਸ ਆਪਣੇ ਸਰੀਰ ਦੇ ਅੰਦਰ ਹੀ ਉਜਵਲ ਕਰ ਲੈਂਦੇ ਹਨ।"

ਇਹ ਸਲੋਕ ਇਕ ਅਗਾਂਹ ਵਧੂ ਜਗਿਆਸੂ ਨੂੰ ਜਿਹੜਾ ਪੂਰਨ ਦ੍ਰਿੜ੍ਹਤਾ ਨਾਲ ਆਤਮ ਮਾਰਗ ਤੇ ਚਲਦਾ ਹੈ ਉਸ ਨੂੰ ਪ੍ਰਭੂ ਦੇ ਅਧਿਆਤਮਕ ਰਾਜ ਦੀ ਚਾਬੀ ਸੌਂਪ ਦਿੰਦਾ ਹੈ। ਇਹ ਅਧਿਆਤਮਕ ਰਾਜ ਅੰਦਰ ਦਾ ਰਾਜ ਹੀ ਹੈ। ਅਸੀਂ ਇਹ ਦੱਸ ਆਏ ਹਾਂ ਕਿ ਮੌਤ ਦੇ ਗੇਟ ਤੇ ਪਹੁੰਚਣ ਲਈ ਬਹੁਤ ਹੀ ਸੱਚਾ, ਸੁਹਿਰਦ, ਸੰਜਮ ਦੀ ਕਠੋਰ ਤਪਸਿਆ, ਸਹੀ ਗਿਆਨ, ਸ੍ਵੈ ਕਾਬੂ, ਸੰਜਮ ਚਾਹੀਦਾ ਹੈ, ਇਹ ਸਾਰੇ ਅਭਿਆਸ ਆਤਮਾ ਨੂੰ ਸ਼ੁਧ ਕਰਦੇ ਹਨ ਉਸ ਦੇ ਪਿਛੋਂ ਹੀ ਆਤਮਾ ਦੀ ਨੂਰਾਨੀ ਚਮਕ ਉਘੜਦੀ ਹੈ।

ਉਪਨਿਸ਼ਦਾਂ ਵਿਚ ਬਾਰ-ਬਾਰ ਜਗਿਆਸੂ ਨੂੰ ਮੈਡੀਟੇਸ਼ਨ ਤੇ ਸਿਮਰਨ ਧਿਆਨ ਦਾ ਮਾਰਗ ਦੱਸਿਆ ਜਾਂਦਾ ਹੈ। ਉਪਨਿਸ਼ਦਾਂ ਨੂੰ ਜਾਨਣ ਵਾਲੇ ਸਿੱਧ ਪੁਰਸ਼ ਰਿਸ਼ੀ ਮੁਨੀ ਬਹੁਤ ਵਾਰੀ ਇਕੋ ਹੀ ਗੱਲ ਕਹਿ ਚੁੱਕੇ ਹਨ ਕਿ ਆਤਮਾ ਦਾ ਵਾਸਾ ਅੰਤਰ ਹੀ ਹੈ ਹਿਰਦੇ ਦੇ ਅੰਦਰ ਤੇ ਨਾਲ ਹੀ ਇਹ ਵੀ ਦਸਦੇ ਹਨ ਕਿ ਆਤਮਾ ਸਾਰੇ ਵਿਸ਼ਵ ਵਿਚ ਹੈ, ਗਿਆਨ ਸਾਰੇ ਵਿਸ਼ਵ ਵਿਚ ਹੈ ਸੰਸਾਰ ਵਿਚ ਹੈ, ਪਰ ਅੰਤਰ ਵਸਦੀ ਆਤਮਾ ਅੰਤਰ ਵਸਦਾ ਗਿਆਨ ਵੱਖ ਹੈ, ਇਸ ਅੰਤਰ ਵਸਦੇ ਗਿਆਨ ਨੂੰ ਤੁਸੀਂ ਜਾਣ ਸਕਦੇ ਹੋ, ਅਮਲੀ ਰੂਪ ਵਿਚ ਪ੍ਰਾਪਤ ਕਰ ਸਕਦੇ ਹੋ, ਸਿੱਧਾ ਜਾਣ ਸਕਦੇ ਹੋ।

ਜੇ ਤੁਸੀਂ ਮੈਡੀਟੇਸ਼ਨ ਕਰਨਾ ਚਾਹੁੰਦੇ ਹੋ ਤਾਂ ਅਨੇਕਾਂ ਤਰੀਕੇ ਹਨ। ਸਭ ਤੋਂ ਪਹਿਲਾਂ ਤਾਂ ਤੁਹਾਨੂੰ ਇਕ ਸਮਾਂ ਰੱਖਣਾ ਪਵੇਗਾ ਮੈਡੀਟੇਸ਼ਨ ਕਰਨ ਲਈ। ਉਸ ਸਮੇਂ ਤੇ ਜ਼ਰੂਰ ਹੀ ਬੈਠੋ ਤੇ ਤੁਹਾਨੂੰ ਕੋਈ ਕੁਝ ਕਹਿਣ ਵਾਲਾ ਬੁਲਾਉਣ ਵਾਲਾ ਨਹੀਂ ਹੋਣਾ ਚਾਹੀਦਾ, ਦੂਸਰਾ ਇਹ ਕਿ ਘਰ ਦੇ ਉਸ ਕੋਨੇ ਵਿਚ ਤੁਸੀਂ ਬੈਠੋ ਜਿਥੇ ਕੋਈ ਰੌਲਾ ਰੱਪਾ ਨਾ ਹੋਵੇ, ਆਵਾਜ਼ ਨਾ ਜਾਏ। ਤੀਸਰਾ ਇਹ ਕਿ ਸਮਾਂ, ਜਗ੍ਹਾ ਤੇ ਤੁਸੀਂ ਕਿਵੇਂ ਕਿਸ ਤਰੀਕੇ ਨਾਲ ਬੈਠਦੇ ਹੋ, ਇਨ੍ਹਾਂ ਸਾਰੀਆਂ ਗੱਲਾਂ ਦੀ ਇਕ ਬਹੁਤ ਹੀ ਮਹੱਤਵਪੂਰਨ ਭੂਮਿਕਾ ਹੈ।

ਜਦੋਂ ਤੁਸੀਂ ਮੈਡੀਟੇਸ਼ਨ ਲਈ ਬੈਠਦੇ ਹੋ, ਤੁਹਾਨੂੰ ਹਮੇਸ਼ਾ ਬਿਲਕੁਲ ਸਿੱਧੇ ਬੈਠਣਾ ਚਾਹੀਦਾ ਹੈ ਸਿਰ ਗਰਦਨ ਗੀੜ੍ਹ ਦੀ ਹੱਡੀ ਬਿਲਕੁਲ ਸਿੱਧੇ ਹੋਣੇ ਚਾਹੀਦੇ ਹਨ, ਕਿਸੇ ਕਿਸਮ ਦੀ ਕੋਈ ਅਕੜਾਹਟ ਨਹੀਂ ਹੋਣੀ ਚਾਹੀਦੀ। ਸਾਰਾ ਸਰੀਰ ਹੀ ਪੂਰੀ ਤਰ੍ਹਾਂ ਨਾਲ ਨਿਸਲ ਹੋਣਾ ਚਾਹੀਦਾ ਹੈ, ਜਦੋਂ ਸਰੀਰ ਨਿਸਲ ਹੁੰਦਾ ਹੈ, ਤੁਸੀਂ ਥੋੜ੍ਹਾ ਅਨੰਦ ਮਹਿਸੂਸ ਕਰਦੇ ਹੋ।

ਸ੍ਵਾਸ ਅਭਿਆਸ ਤੁਹਾਨੂੰ ਸ੍ਵਾਸਾਂ ਦੀ ਸ਼ੁੱਧੀ ਦਿੰਦਾ ਹੈ ਸ੍ਵਾਸ ਸਥਿਰ

ਕਰਦਾ ਹੈ, ਸ੍ਵਾਸਾਂ ਦੀ ਸਥਿਰਤਾ ਲਿਆਉਣ ਲਈ ਕੋਈ ਕਿਸੇ ਕਿਸਮ ਦਾ ਰੌਲਾ ਨਹੀਂ ਹੋਣਾ ਚਾਹੀਦਾ, ਕੋਈ ਝਟਕਾ ਨਹੀਂ ਲਗਣਾ ਚਾਹੀਦਾ। ਸ੍ਵਾਸ ਡੂੰਘੇ ਹੋਣੇ ਚਾਹੀਦੇ ਹਨ, ਇਹ ਸ੍ਵਾਸਾਂ ਦੀ ਸਥਿਰਤਾ ਸੁਤੇ ਹੀ ਆ ਜਾਂਦੀ ਹੈ ਜਦੋਂ ਤੁਸੀਂ ਡਾਇਫਰਮੈਟਿਕ (diaphramaic) ਬਰੀਦਿੰਗ ਸਿੱਖ ਲੈਂਦੇ ਹੋ। ਦੂਸਰੀਆਂ ਵਰਜਿਸ਼ਾਂ ਦਾ ਅਭਿਆਸ ਜਿਵੇਂ ਨਾੜੀ ਸ਼ੋਧਨ ਸ੍ਵਾਸ ਬਾਹਰ ਅੰਦਰ ਕਰਕੇ ਰੋਕਣੇ ਇਹ ਸਭ ਕੁਝ ਕਿਸੇ ਚੰਗੇ ਗੁਰੂ ਦੀ ਦੇਖ ਰੇਖ ਹੇਠਾਂ ਹੀ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਸ੍ਵਾਸ ਵਿਚ ਸ਼ਾਂਤੀ ਆ ਜਾਂਦੀ ਹੈ। ਸ੍ਵਾਸ ਸਥਿਰ ਹੋ ਜਾਂਦੇ ਹਨ। ਇਸ ਤਰ੍ਹਾਂ ਕਰਨ ਤੋਂ ਬਾਅਦ ਜਗਿਆਸੂ ਆਪਣੇ ਵਿਚਾਰਾਂ ਨਾਲ ਸਿੱਝਣਾ ਸਿੱਖ ਲੈਂਦਾ ਹੈ, ਆਪਣੇ ਅਚੇਤ ਮਨ ਦੇ ਬਾਰੇ ਜਾਣ ਲੈਂਦਾ ਹੈ ਉਸ ਦੇ ਗੁਣ ਤੇ ਅਵਗੁਣ ਸਮਝ ਲੈਂਦਾ ਹੈ। ਇਸ ਤਰ੍ਹਾਂ ਕਰਨ ਨਾਲ ਜਗਿਆਸੂ ਇਕ ਸਾਕਸ਼ੀ ਬਣ ਜਾਂਦਾ ਹੈ, ਉਹ ਆਪਣੇ ਆਪ ਨੂੰ ਇਸ ਸਭ ਕੁਝ ਨਾਲ ਜੋੜਦਾ ਨਹੀਂ, ਕਿਸੇ ਵੀ ਚੰਗੇ ਮੰਦੇ ਬੁਰੇ ਭਲੇ ਵਿਚਾਰ ਨਾਲ ਆਪਣੇ ਆਪ ਨੂੰ ਨਹੀਂ ਜੋੜਦਾ. ਕੇਵਲ ਦੇਖਦਾ ਹੈ।

ਅੰਤ ਵਿਚ ਇਕ ਸਮਾਂ ਐਸਾ ਆਉਂਦਾ ਹੈ ਜਦੋਂ ਉਹ ਇਕ ਮਹਾਂਪੁਰਖ ਹੋਣ ਦਾ ਇਕ ਬ੍ਰਹਮਗਿਆਨੀ ਹੋਣ ਵਿਚ ਅਨੰਦ ਲੈਂਦਾ ਹੈ। ਉਸ ਦਾ ਮਨ, ਵਿਚਾਰ ਤੇ ਭਾਵਨਾਵਾਂ ਉਸਨੂੰ ਔਖਾ ਨਹੀਂ ਕਰਦੀਆਂ। ਜਦੋਂ ਮਨ ਦੀ ਇਹ ਅਵਸਥਾ ਆ ਜਾਂਦੀ ਹੈ ਜਗਿਆਸੂ ਚੁੱਪ ਕਰ ਜਾਂਦਾ ਹੈ ਉਹ ਚੁੱਪ ਦਾ ਅਨੰਦ ਮਾਣਦਾ ਹੈ, ਇਸ ਚੁੱਪ ਨਾਲ ਉਸਨੂੰ ਮਾਨਸਿਕ ਪੱਖੋਂ ਤੇ ਸਰੀਰ ਪੱਖੋਂ ਬਹੁਤ ਹੀ ਲਾਭ ਪਹੁੰਚਦਾ ਹੈ। ਮੈਡੀਟੇਸ਼ਨ ਨਾਲ ਸਰੀਰ ਤੇ ਮਨ ਦੋਨੋਂ ਹੀ ਅਰੋਗ ਹੁੰਦੇ ਹਨ। ਮੈਡੀਟੇਸ਼ਨ ਕਰਨ ਦਾ ਸੌਖਾ, ਸਿੱਧਾ ਤਰੀਕਾ ਰੱਖਿਆ ਹੋਇਆ। ਇਕ ਚੰਗੇ ਆਗੂ ਦੇ ਥੱਲੇ ਇਸ ਤਰੀਕੇ ਦਾ ਅਭਿਆਸ ਕੀਤਾ ਹੋਇਆ ਜਗਿਆਸੂ ਨੂੰ ਅੰਦਰ ਦੀ ਸਥਿਰਤਾ, ਅੰਦਰ ਦਾ ਅਨੰਦ, ਸ਼ਾਂਤੀ ਨੂੰ ਮਾਨਣਯੋਗ ਕਰ ਦਿੰਦਾ ਹੈ।

ਇਸ ਤਰ੍ਹਾਂ ਨਾਲ ਮਨ ਸੁਧ ਹੋ ਜਾਂਦਾ ਹੈ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਸੋਨੇ ਨੂੰ ਸ਼ੁਧ ਕੀਤਾ ਜਾਂਦਾ ਹੈ, ਭੱਠੀ ਵਿਚ ਪਾ ਕੇ ਸੋਨੇ ਨੂੰ ਸ਼ੁਧ ਕੀਤਾ ਜਾਂਦਾ ਹੈ। ਸ਼ੁੱਧ ਹੋਇਆ ਮਨ ਇਕ ਸ਼ਾਂਤ ਝੀਲ ਦੀ ਤਰ੍ਹਾਂ ਹੋ ਜਾਂਦਾ ਹੈ ਤੇ ਜੋ ਕੁਝ ਵੀ ਉਸ ਪਾਣੀ ਦੇ ਥੱਲੇ ਹੋਵੇ ਤੁਸੀਂ ਦੇਖ ਸਕਦੇ ਹੋ। ਤੁਸੀਂ ਦੇਖ ਸਕਦੇ ਹੋ ਕਿ ਥੱਲੇ ਇਕ ਚਮਕਦੇ ਲਾਲ ਦੀ ਤਰ੍ਹਾਂ ਚਮਕਦੀ ਆਤਮਾ ਪਈ ਹੈ। ਇਸ ਅਵਸਥਾ ਨੂੰ ਪ੍ਰਾਪਤ ਕਰਕੇ ਜਗਿਆਸੂ ਸ਼ਾਂਤ ਹੋ ਜਾਂਦਾ ਹੈ ਉਹ ਸ਼ਾਂਤੀ ਜਿਸ ਨੂੰ ਸਮਾਧੀ ਕਹਿੰਦੇ ਹਨ ਉਸ ਨੂੰ ਪ੍ਰਾਪਤ ਕਰ ਲੈਂਦਾ ਹੈ। ਇਸ ਅਭਿਆਸ ਨੂੰ ਕਰਕੇ ਪ੍ਰਾਪਤ ਕਰਕੇ ਸਰੀਰ ਦੀਆਂ ਆਦਤਾਂ

ਛੁੱਟ ਜਾਂਦੀਆਂ ਹਨ ਮਨ ਦੇ ਵਿਕਾਰ ਟੁੱਟ ਜਾਂਦੇ ਹਨ, ਜੋ ਕੁਝ ਪਹਿਲਾਂ ਸੁਭਾਅ ਹੁੰਦਾ ਹੈ, ਪਹਿਲੇ ਨਿਯਮ ਹੁੰਦੇ ਹਨ ਉਹ ਟੁੱਟ ਜਾਂਦੇ ਹਨ। ਇਸ ਪਿਛੋਂ ਚੇਤਨਾ ਦਾ ਵਿਕਾਸ ਹੁੰਦਾ ਹੈ ਤੇ ਉਹ ਵਿਗਸਿਤ ਹੋਈ, ਫੈਲੀ ਹੋਈ ਚੇਤਨਾ ਹੀ ਸਦਾ ਲਈ ਠਹਿਰ ਜਾਂਦੀ ਹੈ।

ਉਪਨਿਸ਼ਦਾਂ ਵਿਚੋਂ ਕੀਤਾ ਪਾਠ ਸਿਮਰਨ, ਮੈਡੀਟੇਸ਼ਨ ਮਹਾਂਵਾਕ ਤੇ ਧਿਆਨ ਲਗਾਉਣਾ ਇਸ ਸਭ ਕੁਝ ਨਾਲ ਜਗਿਆਸੂ ਦੀ ਚੇਤਨਾ ਵਧਦੀ ਹੈ ਇਸ ਕਰਕੇ ਅਰਦਾਸ ਤੇ ਸਿਮਰਨ ਮੈਡੀਟੇਸ਼ਨ ਦੇ ਅਵੱਸ਼ਕ ਅੰਗ ਹਨ ਜਿਹੜੇ ਨਾਲ ਹੀ ਚਲਣੇ ਚਾਹੀਦੇ ਹਨ।

ਕਿਸੇ ਵੀ ਜਗਿਆਸੂ ਨੂੰ ਇਹ ਅੰਦਰ ਦੇ ਸਾਧਨ ਕਦੇ ਨਹੀਂ ਛੱਡਣੇ ਚਾਹੀਦੇ ਤੇ ਜਗਿਆਸੂ ਨੂੰ ਕਦੇ ਵੀ ਆਤਮ ਮਾਰਗ ਛੱਡ ਕੇ ਰਿਧੀਆਂ ਸਿੱਧੀਆਂ ਵਿਚ ਨਹੀਂ ਪੈਣਾ ਚਾਹੀਦਾ। ਨਾ ਹੀ ਕਿਸੇ ਦੂਸਰੇ ਅਸਚਰਜਤਾਮਈ ਕਾਂਡਾਂ ਵਿਚ ਪੈਣਾ ਚਾਹੀਦਾ ਹੈ ਕਿਉਂਕਿ ਇਹ ਸੌਖੇ ਹੀ ਜਗਿਆਸੂ ਦੇ ਰਾਹ ਤੇ ਆ ਜਾਂਦੇ ਹਨ। ਬਹੁਤ ਸਾਰੀਆਂ ਕਰਾਮਾਤਾਂ ਕਰਾਮਾਤਾਂ ਨਹੀਂ ਹੁੰਦੀਆਂ ਜਦੋਂ ਤੁਸੀਂ ਸਭ ਕੁਝ ਸਮਝ ਜਾਂਦੇ ਹੋ, ਤੁਸੀਂ ਐਸਾ ਦੇਖੋਗੇ।

ਇੰਦ੍ਰੀਆਂ ਦਾ ਅਨੁਭਵ ਤਾਂ ਸੀਮਤ ਹੀ ਹੁੰਦਾ ਹੈ, ਚੇਤਨ ਮਨ ਦਾ ਖੇਤਰ ਵੀ ਸੀਮਤ ਹੀ ਹੁੰਦਾ ਹੈ, ਅਚੇਤ ਮਨ ਦਾ ਖੇਤਰ ਬਹੁਤ ਵੱਡਾ, ਡੂੰਘਾ ਹੁੰਦਾ ਹੈ ਤੇ ਸੰਘਣੇ ਜੰਗਲ ਦੀ ਤਰ੍ਹਾਂ ਹੁੰਦਾ ਹੈ, ਉਸ ਵਿਚ ਜਾਣਾ ਉਸ ਤਕ ਪਹੁੰਚਣਾ ਕੋਈ ਸੌਖਈ ਗੱਲ ਨਹੀਂ ਹੈ, ਉਸ ਤੱਕ ਪਹੁੰਚਣ ਲਈ ਚੰਗੇ ਅਧਿਆਪਕ ਦੀ ਲੋੜ ਹੈ, ਗੁਰੂ ਦੀ ਲੋੜ ਹੈ, ਮੈਡੀਟੇਸ਼ਨ ਦੀ ਲੋੜ ਹੈ, ਰੋਜ਼ ਦੇ ਨਿਯਮਬੱਧ ਕੀਤੀ ਮੈਡੀਟੇਸ਼ਨ ਬਹੁਤ ਸਹਾਇਕ ਹੋ ਸਕਦੀ ਹੈ।

## ਸਲੋਕ ਛੇਵਾਂ

"ਸੱਤ ਦੀ ਹੀ ਜਿੱਤ ਹੈ, ਝੂਠ ਕਦੇ ਵੀ ਕਿਸੇ ਦਾ ਵੀ ਜੇਤੂ ਨਹੀਂ ਹੁੰਦਾ। ਪ੍ਰਮਾਤਮਾ ਦਾ ਮਾਰਗ ਸਤਿ ਦਾ ਮਾਰਗ ਹੈ, ਸਤਿ ਦੇ ਮਾਰਗ ਤੇ ਚੱਲ ਕੇ ਬ੍ਰਹਮਗਿਆਨੀ ਸਤਿ ਪੁਰਖ, ਜਿਹੜਾ ਸਾਰੀਆਂ ਇਛਾਵਾਂ ਤੋਂ ਮੁਕਤ ਹੈ ਉਹ ਸਤਿ ਨੂੰ ਪ੍ਰਾਪਤ ਕਰ ਹੀ ਲੈਂਦਾ ਹੈ।"

ਇਸ ਸਲੋਕ ਦੀ ਪਹਿਲੀ ਪੰਗਤੀ ਬਹੁਤ ਸਾਰੇ ਲਿਖਾਰੀ ਵਕਤਾ ਆਪਣੇ ਲਿਖਣ ਵਿਚ ਬੋਲਣ ਵਿਚ ਵਰਤਦੇ ਹਨ ਤੇ ਉਸ ਨੂੰ ਆਪਣੇ ਅਨੁਸਾਰ ਹੀ ਉਸ ਦਾ ਵਿਸ਼ਲੇਸ਼ਨ ਵੀ ਕਰਦੇ ਹਨ, ਪਰ ਜਦੋਂ ਵੀ ਕੋਈ ਵੀ ਸਤਿ ਦਾ ਅਭਿਆਸ ਕਰਦਾ, ਸਤਿ ਬੋਲਦਾ ਹੈ, ਸਤਿ ਹੀ ਮਨ ਵਿਚ

ਰਖਦਾ ਹੈ ਤੇ ਸਤਿ ਦੇ ਕਰਮ ਕਰਦਾ ਹੈ ਉਹ ਇਸ ਮਾਰਗ ਤੇ ਜੇਤੂ ਹੁੰਦਾ ਹੈ। ਜਿਹੜਾ ਅਧਿਆਤਮਵਾਦ ਦੇ ਅਸੂਲਾਂ ਨਾਲ ਜੀਉਂਦਾ ਹੈ ਉਨ੍ਹਾਂ ਤੇ ਚਲਦਾ ਹੈ, ਇਹ ਜਾਣਦਾ ਹੈ ਕਿ ਸਤਿ ਦਾ ਅਭਿਆਸ ਕਰਕੇ, ਅਨੁਸਾਸ਼ਨ ਵਿਚ ਰਹਿ ਕੇ ਉਹ ਇਸ ਮਾਰਗ ਦਾ ਪਾਂਧੀ ਬਣ ਕੇ ਉਹ ਇਕ ਦਿਨ ਸਤਿ ਪ੍ਰਾਪਤ ਕਰ ਹੀ ਲਵੇਗਾ। ਚਮਕਦਾ ਆਤਮ ਮਾਰਗ ਇਹੋ ਜਿਹੇ ਪਾਂਧੀ ਸਰੀਰ ਛੱਡਣ ਤੋਂ ਬਾਅਦ ਮੁਕਤੀ ਪ੍ਰਾਪਤ ਕਰ ਹੀ ਲੈਂਦੇ ਹਨ।

ਈਸ਼ ਉਪਨਿਸ਼ਦ ਦਾ ਅਠਾਰ੍ਹਵਾਂ ਮੰਤਰ ਸਾਨੂੰ ਚਾਨਣ ਦੇ ਮਾਰਗ ਬਾਰੇ ਦਸਦਾ ਹੈ। ਸਤਿ ਦਾ ਅਭਿਆਸ ਕਰਨ ਤੋਂ ਪਹਿਲਾਂ ਅਸੂਲਾਂ ਤੇ ਨਿਯਮਾਂ ਤੇ ਚੱਲਣਾ ਬਹੁਤ ਹੀ ਅਵਸ਼ਕ ਹੈ। ਸਭ ਤੋਂ ਪਹਿਲਾਂ ਝੂਠ ਕਦੀ ਨਾ ਬੋਲੋ। ਝੂਠ ਤੋਂ ਭਾਵ ਹੈ ਕਦੀ ਵੀ ਉਹ ਗੱਲ ਨਾ ਕਹੋ ਜਿਹੜੀ ਠੀਕ ਨਹੀਂ ਜਿਸ ਦਾ ਸਬੰਧ ਜਿਸ ਨਾਲ ਨਹੀਂ ਉਹ ਕਦੀ ਨਾ ਕਰੋ। ਜਦੋਂ ਤੁਸੀਂ ਇਸ ਪ੍ਰਕਾਰ ਝੂਠ ਨਹੀਂ ਬੋਲੋਗੇ ਤੇ ਤੁਸੀਂ ਸੱਚ ਹੀ ਕਹੋਗੇ। ਇਸ ਤਰ੍ਹਾਂ ਨਾਲ ਤੁਸੀਂ ਸੱਚ ਬੋਲਣ ਦੇ ਨਿਯਮ ਦੀ ਪਾਲਣਾ ਕਰੋਗੇ। ਜਦੋਂ ਜਗਿਆਸੂ ਉਪਨਿਸ਼ਦਾਂ ਦੇ ਨਿਯਮ ਜੀਵਨ ਵਿਚ ਉਤਾਰ ਕੇ ਜੀਵਨ ਜੀਉਣ ਲਗ ਪੈਂਦੇ ਹਨ ਉਦੋਂ ਜੀਵਨ ਹੀ ਬਦਲ ਜਾਂਦਾ ਹੈ। ਝੂਠ ਨਾ ਬੋਲਣ ਨਾਲ ਸਤਿ ਦਾ ਪਾਂਧੀ ਬਣ ਜਾਂਦਾ ਹੈ। ਇਸ ਸਲੋਕ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਸ਼ਿਸ਼ ਨੂੰ ਆਪਣੀ ਬੋਲੀ ਕਿਵੇਂ ਸੁਧਾਰਨੀ ਚਾਹੀਦੀ ਹੈ ਕਿਵੇਂ ਉਸ ਨੂੰ ਨਵੀਂ ਦਿਸ਼ਾ ਦੇਣੀ ਚਾਹੀਦੀ ਹੈ। ਮਨ ਵਿਚ ਸਤਿ ਰੱਖਣ ਦਾ ਅਭਿਆਸ ਸਤਿ ਬੋਲਣ ਦਾ ਅਭਿਆਸ, ਸਤਿ ਦੇ ਕਰਮ ਕਰਨ ਦਾ ਅਭਿਆਸ, ਇਹ ਹੀ ਸਤਿ ਦਾ ਪੂਰਨ ਅਭਿਆਸ ਹੈ ਉਸ ਤੋਂ ਬਾਅਦ ਜਗਿਆਸੂ ਉਹ ਕੁਝ ਵੀ ਨਹੀਂ ਕਰਦਾ ਜੋ ਉਸ ਨੂੰ ਨਹੀਂ ਕਰਨਾ ਚਾਹੀਦਾ। ਉਹ ਨਹੀਂ ਸੋਚਦਾ ਜੋ ਉਸਨੂੰ ਨਹੀਂ ਸੋਚਣਾ ਚਾਹੀਦਾ, ਉਹ ਨਹੀਂ ਬੋਲਦਾ ਜੋ ਵੀ ਉਸ ਨੂੰ ਨਹੀਂ ਬੋਲਣਾ ਚਾਹੀਦਾ। ਕੋਈ ਵੀ ਗਲਤ ਗੱਲ ਨਾ ਕਰਕੇ, ਨਾ ਸੋਚ ਕੇ, ਨਾ ਕੋਈ ਗਲਤ ਕਰਮ ਕਰਕੇ ਜਗਿਆਸੂ ਸਹੀ, ਠੀਕ ਸੋਚਣ ਲਗ ਪੈਂਦਾ ਹੈ। ਠੀਕ ਵੀਚਾਰ ਰੱਖਣ ਲਗ ਪੈਂਦਾ ਹੈ ਠੀਕ ਤੇ ਚੰਗੇ ਕਰਮ ਕਰਨ ਲਗ ਪੈਂਦਾ ਹੈ। ਮਿੱਠਾ ਤੇ ਠੀਕ ਬੋਲ ਬੋਲਦਾ ਹੈ। ਜੋ ਕੁਝ ਵੀ ਸਲੋਕ ਵਿਚ ਲਿਖਿਆ ਹੈ ਉਹ ਜਗਿਆਸੂ ਕਰਨ ਲਗ ਪੈਂਦਾ ਹੈ ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਅਸੂਲ, ਨਿਯਮ ਹੋਣੇ ਤੇ ਉਨ੍ਹਾਂ ਦਾ ਅਭਿਆਸ ਕਰਨਾ ਇਹ ਦੋ ਵੱਖ-ਵੱਖ ਗੱਲਾਂ ਹਨ। ਜਗਿਆਸੂ ਜਿਹੜੇ ਕਿਸੇ ਭਰਮ ਵਿਚ ਨਹੀਂ, ਕਿਸੇ ਝੂਠੀ ਸ਼ਾਨ ਵਿਚ ਨਹੀਂ, ਕਿਸੇ ਮੋਹ ਵਿਚ ਨਹੀਂ, ਕਿਸੇ ਸੰਸਾਰਕ ਲਪੇਟ ਵਿਚ ਨਹੀਂ, ਜਿਨ੍ਹਾਂ ਦੀਆਂ ਕੋਈ ਇਛਾਵਾਂ ਨਹੀਂ, ਉਹ ਇਸ ਅਵਸਥਾ ਨੂੰ ਪ੍ਰਾਪਤ ਹੋ ਜਾਂਦੇ ਹਨ।

## ਸਲੋਕ ਸੱਤਵਾਂ

"ਉਹ ਅਸੀਮ ਹੈ, ਇਲਾਹੀ ਹੈ, ਰੂਹਾਨੀ ਹੈ, ਵਿਆਖਿਆ ਤੋਂ ਪਰ੍ਹੇ ਹੈ, ਸੂਖਮ ਤੋਂ ਵੀ ਵੱਧ ਸੂਖਮ ਹੈ, ਪਰ੍ਹੇ ਤੋਂ ਪਰ੍ਹੇ ਹੈ, ਦੂਰ ਤੋਂ ਦੂਰ ਹੈ, ਇਹ ਸਭ ਕੁਝ ਹੁੰਦਿਆਂ ਵੀ ਜਿਹੜੇ ਉਸ ਨੂੰ ਦੇਖ ਲੈਂਦੇ ਹਨ, ਉਹ ਉਸ ਨੂੰ ਆਪਣੇ ਅੰਗ ਸੰਗ ਹੀ ਮਹਿਸੂਸ ਕਰਦੇ ਹਨ ਉਹ ਉਨ੍ਹਾਂ ਦੇ ਅੰਗ ਸੰਗ ਹੈ, ਨਾਲ ਹੈ ਉਨ੍ਹਾਂ ਦੇ ਹਿਰਦੇ ਦੀ ਗੁਫਾ ਵਿਚ ਰਹਿੰਦਾ ਹੈ।"

ਇਸ ਸਲੋਕ ਵਿਚ ਵਿਸ਼ਾਲ ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਭਾਵ ਅਪਾਰ ਦੀ, ਵਿਸ਼ਾਲ, ਅਪਾਰ ਸ਼ਬਦ ਅਨੰਦ ਤੇ ਪ੍ਰਸੰਨਤਾ ਦੇ ਅਨੁਭਵ ਦੀ ਵਿਆਖਿਆ ਲਈ ਵਰਤਿਆ ਗਿਆ ਹੈ। ਉਹ ਐਨਾ ਵਿਸ਼ਾਲ ਤੇ ਅਪਾਰ ਹੈ ਜਿੰਨੀ ਕਲਪਨਾ, ਉਹ ਐਨਾ ਸੂਖਮ ਹੈ ਕਿ ਸੂਖਮ ਤੋਂ ਵੀ ਸੂਖਮ ਸਵੈ ਪ੍ਰਕਾਸ਼ਮਾਨ ਹੈ, ਵਾਸਤਵ ਵਿਚ ਜਦੋਂ ਉਸ ਪਾਰਬ੍ਰਹਮ ਦੀ ਝਲਕ ਪੈ ਜਾਂਦੀ ਹੈ, ਜਗਿਆਸੂ ਨੂੰ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਜਗਿਆਸੂ ਜਾਣ ਜਾਂਦਾ ਹੈ ਕਿ ਪ੍ਰਮੇਸ਼ਰ ਦੂਰ ਹੁੰਦਿਆਂ ਵੀ ਕਿੰਨਾ ਨੇੜੇ ਹੈ, ਉਹ ਤਾਂ ਮੇਰੇ ਹੀ ਅੰਦਰ ਵਸਦਾ ਹੈ ਵਾਸਤਵ ਵਿਚ ਉਸ ਦਾ ਹੀ ਵਾਸਾ ਸਭ ਦੇ ਅੰਦਰ ਹੈ।

ਜਗਿਆਸੂ ਜਾਣ ਲੈਂਦਾ ਹੈ ਕਿ ਸਤਿ ਹੀ ਉਸਨੂੰ ਉਸ ਗਿਆਨ ਦੇ ਅਨੁਭਵ ਤੇ ਲੈ ਆਇਆ ਹੈ ਜਿਹੜੇ ਸਵੈ ਪ੍ਰਕਾਸ਼ਮਾਨ ਹੈ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਸੂਰਜ, ਚੰਦਰਮਾ ਤੇ ਤਾਰੇ, ਇਹ ਸਾਰਾ ਗਿਆਨ ਅਕਾਸ਼, ਪੁਲਾੜ ਦੇ ਗਿਆਨ ਨਾਲੋਂ ਵੀ ਸੂਖਮ ਹੈ। ਬ੍ਰਹਮਗਿਆਨੀ ਇਸ ਕਰਕੇ ਆਪਣੇ ਆਪ ਨੂੰ ਦਿਬਜਦ੍ਰਿਸ਼ਟੀਵਾਨ ਬਣਾ ਲੈਂਦੇ ਹਨ ਤੇ ਉਸ ਪ੍ਰਮਾਤਮਾ ਨੂੰ ਹੀ ਹਰ ਚੀਜ਼ ਵਿਚ ਦੇਖਦੇ ਹਨ –

***ਬ੍ਰਹਮ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***

***ਅੰਗ – 846***

## ਸਲੋਕ ਅੱਠਵਾਂ

"ਉਸ ਨੂੰ ਅੱਖਾਂ ਨਾਲ ਦੇਖਿਆ ਨਹੀਂ ਜਾ ਸਕਦਾ, ਸ਼ਬਦ ਨਾਲ ਉਸ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਗਿਆਨ ਇੰਦਰੀਆਂ ਰਾਹੀਂ ਉਸਨੂੰ ਜਾਣਿਆ ਨਹੀਂ ਜਾ ਸਕਦਾ, ਨਾ ਹੀ ਤਪ ਕਰਕੇ, ਕਰਮ ਕਾਂਡ ਕਰਕੇ ਰੀਤੀ ਰਿਵਾਜ ਕਰਕੇ ਵੀ ਉਸ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਜਦੋਂ ਗਿਆਨ ਨਾਲ ਮਨ ਪਵਿੱਤਰ ਹੋ ਜਾਂਦਾ ਹੈ, ਸ਼ਾਂਤ ਹੋ ਜਾਂਦਾ ਹੈ ਉਸ ਸਮੇਂ ਯੋਗੀ ਨੂੰ

ਉਸ ਇਕ ਦਾ ਪ੍ਰਤੱਖ ਅਨੁਭਵ ਹੋ ਜਾਂਦਾ ਹੈ।”

ਇਸ ਸਲੋਕ ਵਿਚ ਬ੍ਰਹਮਾ ਦੀ ਪ੍ਰਾਪਤੀ ਲਈ ਖਾਸ ਤਰੀਕਾ ਦਸਿਆ ਗਿਆ ਹੈ। ਇਸ ਸਪਸ਼ਟ ਦੱਸੇ ਸਤਿ ਨੂੰ ਠੀਕ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ। ਮੈਂ ਪਾਠਕਾਂ ਨੂੰ ਇਕ ਛੋਟੀ ਕਹਾਣੀ ਸੁਣਾਂਦਾ ਹਾਂ।

ਇਕ ਵਾਰੀ ਮੈਂ ਇਕ ਮੁਸਲਮਾਨ ਨੂੰ ਮਿਲਿਆ, ਬਹੁਤ ਹੀ ਭਲੇ ਆਦਮੀ ਸੀ ਉਹ ਪਰ ਉਸਨੂੰ ਕੁਰਾਨ ਸ਼ਰੀਫ ਦਾ ਕੋਈ ਗਿਆਨ ਨਹੀਂ ਸੀ। ਮੈਂ ਉਸ ਨੂੰ ਪੁਛਿਆ, ਤੁਸੀਂ ਨਮਾਜ਼ ਪੜ੍ਹਦੇ ਹੋ। ਉਹ ਕਹਿਣ ਲੱਗੇ, ਕੁਰਾਨ ਵਿਚ ਲਿਖਿਆ ਹੈ। ਨਮਾਜ਼ ਨਾ ਪੜ੍ਹੋ, ਕੁਰਾਨ ਨਾ ਪੜ੍ਹੋ ਸੋ ਮੈਂ ਨਾ ਨਮਾਜ਼ ਪੜ੍ਹਦਾ ਹਾਂ, ਨਾ ਹੀ ਕੁਰਾਨ।

ਮੈਂ ਤਾਂ ਸੁਣ ਕੇ ਜਿਵੇਂ ਸੁੰਨ ਹੋ ਗਿਆ ਮੈਨੂੰ ਜਿਵੇਂ ਕਰੰਟ ਲਗ ਗਿਆ ਹੋਵੇ। ਮੈਂ ਕਿਹਾ, ਤੁਸੀਂ ਮੈਨੂੰ ਦਿਖਾ ਸਕਦੇ ਹੋ ਕਿਥੇ ਲਿਖਿਆ ਹੈ, ਉਹ ਕੁਰਾਨ ਲੈ ਆਏ ਜਿਹੜਾ ਨੀਲੇ ਕਪੜੇ ਵਿਚ ਲਪੇਟਿਆ ਹੋਇਆ ਸੀ ਉਨ੍ਹਾਂ ਨੇ ਖੋਲ੍ਹਿਆ ਤੇ ਮੈਨੂੰ ਉਹ ਤੁਕ ਦਿਖਾਈ ਜਿਥੇ ਲਿਖਿਆ ਸੀ ਕੁਰਾਨ ਨਾ ਪੜ੍ਹੋ, ਇਹ ਦਿਖਾ ਕੇ ਉਸ ਨੇ ਛੇਤੀ ਨਾਲ ਕੁਰਾਨ ਬੰਦ ਕਰ ਦਿਤਾ।

ਮੈਂ ਕਿਹਾ ਕੁਰਾਨ ਖੋਲ੍ਹੋ ਤੇ ਮੈਨੂੰ ਪੜ੍ਹਾਓ ਕਿ ਉਸ ਦੇ ਅੱਗੇ ਪਿਛੇ ਕੀ ਲਿਖਿਆ ਹੈ ਵਾਸਤਵ ਵਿਚ ਉਥੇ ਲਿਖਿਆ ਸੀ ਤੁਸੀਂ ਕੁਰਾਨ ਨਾ ਪੜ੍ਹੋ ਜਦੋਂ ਤੁਸੀਂ ਸਾਫ ਨਹੀਂ ਪਵਿੱਤਰ ਨਹੀਂ।

ਇਸ ਤਰ੍ਹਾਂ ਗ੍ਰੰਥ ਨੂੰ ਵਿਚੋਂ ਵਿਚੋਂ ਪੜ੍ਹਨਾ, ਉਪਰੋਂ ਉਪਰੋਂ ਪੜ੍ਹਨਾ ਤੇ ਅਧਿਆਤਮਕ ਅਨੁਸਾਸ਼ਨ ਨਾ ਰੱਖਣਾ ਇਸ ਨਾਲ ਜਗਿਆਸੂ ਕਦੀ ਵੀ ਸੂਰਜ ਚੰਦਰਮਾ ਪਾਰ ਨਹੀਂ ਕਰ ਸਕਦਾ। ਗ੍ਰੰਥ ਪੜ੍ਹਨ ਨਾਲ ਤਾਂ ਕੇਵਲ ਖੋਖਲਾਪਣ ਹੀ ਆਉਂਦਾ ਹੈ, ਝੂਠਾ ਪਾਖੰਡ ਹੀ ਵਧਦਾ ਹੈ ਇਸੇ ਕਰਕੇ ਬੁੱਧੀਜੀਵੀ ਤਾਂ ਹਉਮੈ ਦੇ ਭਰੇ ਹੀ ਹੁੰਦੇ ਹਨ, ਵਾਸਤਵ ਵਿਚ ਉਨ੍ਹਾਂ ਨੂੰ ਕੋਈ ਗਿਆਨ ਨਹੀਂ ਹੁੰਦਾ ਇਹ ਹੀ ਗੱਲ ਉਨ੍ਹਾਂ ਦੀ ਹੈ ਜਿਹੜੇ ਮਹਾਂਦਾਨੀ ਪੁਰਖ ਹਨ, ਜਿਹੜੇ ਮਨੁੱਖ ਜਾਤੀ ਦੀ ਭਲਾਈ ਦਾ ਕੰਮ ਕਰਦੇ ਹਨ, ਪਰ ਨਾਲ ਹੀ ਆਪਣਾ ਨਾਮ ਚਾਹੁੰਦੇ ਹਨ, ਪ੍ਰਭਤਾ ਚਾਹੁੰਦੇ ਹਨ, ਆਪਣੀ ਵਾਹ ਵਾਹ ਚਾਹੁੰਦੇ ਹਨ, ਪਰ ਦਾਨ ਕਰਕੇ ਲੋਕ ਭਲਾਈ ਦਾ ਕੰਮ ਕਰਕੇ ਉਨ੍ਹਾਂ ਦੀ ਅੰਦਰ ਦੀ ਵਾਹ ਵਾਹ ਦੀ ਇੱਛਾ ਖਤਮ ਨਹੀਂ ਹੋ ਸਕਦੀ, ਉਨ੍ਹਾਂ ਦਾ ਮਨ ਬਦਲ ਨਹੀਂ ਜਾਂਦਾ। ਇਸ ਸਲੋਕ ਵਿਚ ਲਿਖਿਆ ਹੈ ਲੋਕ ਭਲਾਈ ਦੇ ਕੰਮ ਕਰਕੇ ਦਾਨ ਦੇ ਕੇ ਅਗਿਆਨ ਖਤਮ ਨਹੀਂ ਹੋ ਜਾਂਦਾ ਪਰ ਇਸ ਤੋਂ ਇਹ ਭਾਵ ਨਹੀਂ ਗ੍ਰੰਥ ਨਹੀਂ ਪੜ੍ਹਨੇ ਚਾਹੀਦੇ, ਦਾਨ ਨਹੀਂ ਕਰਨਾ

ਚਾਹੀਦਾ।

ਸਲੋਕ ਵਿਚ ਇਹ ਵੀ ਦਸਿਆ ਗਿਆ ਹੈ ਕਿ ਗਿਆਨ ਇੰਦ੍ਰੀਆਂ ਨਾਲ ਬ੍ਰਹਮਾ ਨੂੰ ਨਹੀਂ ਅਨੁਭਵ ਕੀਤਾ ਜਾ ਸਕਦਾ, ਨਾ ਹੀ ਤਪ ਤਪਸਿਆ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ, ਜੇ ਕੋਈ ਇਸ ਨੂੰ ਨਾ ਜਾਣੇ, ਨਾ ਸਮਝੇ ਤਾਂ ਉਸ ਨੂੰ ਬੁੱਝ ਨਹੀਂ ਸਕਦਾ, ਜਾਣ ਨਹੀਂ ਸਕਦਾ। ਇਸ ਦਾ ਭਾਵ ਅਰਥ ਇਹ ਹੈ ਜਿਹੜੇ ਅਹੰਕਾਰੀ ਲੋਕ ਹਨ, ਹਉਮੈ ਦੇ ਡਰ ਦੇ ਭਰੇ ਹੋਏ ਹਨ ਜਿਹੜੇ ਆਪਣੇ ਆਪ ਨੂੰ ਗਿਆਨੀ ਸਮਝਦੇ ਹਨ, ਉਪਨਿਸ਼ਦਾਂ ਦੇ ਜਾਣੂ ਅਖਵਾਉਂਦੇ ਹਨ, ਉਹ ਬ੍ਰਹਮਾ ਦੀ ਪ੍ਰਾਪਤੀ ਨਹੀਂ ਕਰ ਸਕਦੇ। ਜਿਹੜੇ ਆਤਮਾ ਤੋਂ ਜਾਣੂ ਹਨ ਜਿਨ੍ਹਾਂ ਦੀ ਅੰਤਰ ਸ਼ਕਤੀ ਹੈ, ਜਿਨ੍ਹਾਂ ਦੀ ਤੀਖਣ ਬੁੱਧੀ ਹੈ, ਪਰ ਉਹ ਤਾਂ ਬਾਹਰੀ ਸੰਸਾਰ ਨੂੰ ਜਾਨਣ ਲਈ ਹੀ ਸਾਰਾ ਕੁਝ ਹੈ, ਇਹ ਲੋਕ ਕਦੀ ਵੀ ਬ੍ਰਹਮਾ ਦੀ ਪ੍ਰਾਪਤੀ ਨਹੀਂ ਕਰ ਸਕਦੇ।

ਚੰਗੇ ਤੋਂ ਚੰਗੇ ਕਰਮ, ਦਾਨ ਦੇਣਾ ਲੋਕ ਭਲਾਈ ਦੇ ਕੰਮ ਕਰਨੇ ਇਸ ਸਭ ਕੁਝ ਨਾਲ ਅੰਤਰ ਸ਼ਾਂਤ ਨਹੀਂ ਹੁੰਦਾ ਕਿਉਂਕਿ ਇਹ ਸਾਰੇ ਕਰਮ ਤਾਂ ਨਾਮ ਕਮਾਣ ਲਈ ਸ਼ੋਹਰਤ ਲਈ ਹੀ ਕੀਤੇ ਗਏ ਹਨ, ਆਪਣੀ ਹਉਮੈ ਨੂੰ ਹੀ ਪੱਠੇ ਪਾਏ ਗਏ ਹਨ। 'ਲੇਖੇ ਨਹੀਂ ਲਗਣੀ ਜੀ ਹਉਮੈ ਵਿਚ ਕੀਤੀ ਸੇਵਾ' ਸਲੋਕ ਵਿਚ ਦੱਸਿਆ ਗਿਆ ਹੈ ਕਿ ਗ੍ਰੰਥਾਂ ਨੂੰ ਪੜ੍ਹ ਲੈਣਾ, ਲੋਕ ਭਲਾਈ ਦੇ ਕੰਮ ਕਰ ਲੈਣੇ, ਦਾਨ ਕਰ ਲੈਣਾ ਇਸ ਕਰਕੇ ਜਗਿਆਸੂ ਅਧਿਆਤਮਕ ਨਹੀਂ ਹੋ ਜਾਂਦਾ। ਬੁੱਧੀ ਮਨੁੱਖ ਦਾ ਸਭ ਤੋਂ ਉਤਮ ਸੋਧਿਆ ਹੋਇਆ ਗਿਆਨ ਦਾ ਜੰਤਰ ਹੈ, ਇਹ ਆਪਣੇ ਸੁਭਾਅ ਅਨੁਸਾਰ ਹੀ ਸ਼ੁਧ ਹੈ, ਪਵਿੱਤਰ ਹੈ। ਜੇ ਅਸੀਂ ਪਾਣੀ ਵਿਚ ਪੱਥਰ ਨਾ ਸੁੱਟੀਏ ਤਾਂ ਪਾਣੀ ਸ਼ਾਂਤ ਹੀ ਰਹਿੰਦਾ ਹੈ ਪਰ ਜੇ ਤੁਸੀਂ ਝੀਲ ਵਿਚ ਪੱਥਰ ਸੁਟਦੇ ਹੀ ਜਾਓ, ਪਾਣੀ ਹਿਲਦਾ ਹੀ ਜਾਏਗਾ ਤੇ ਤੁਸੀਂ ਹੇਠਾਂ ਦੇਖ ਹੀ ਨਹੀਂ ਸਕੋਗੇ ਕਿ ਥੱਲੇ ਕੀ ਹੈ। ਇਸੇ ਤਰ੍ਹਾਂ ਮਨ ਦੀ ਝੀਲ ਤਾਂ ਸੁਆਰਥੀ ਇਛਾਵਾਂ ਨਾਲ ਭਰਪੂਰ ਹੈ, ਸੰਸਾਰਕ ਮੋਹ ਨਾਲ ਗ੍ਰਸਤ ਹੈ।

ਇਸੇ ਕਰਕੇ ਬੁੱਧੀ ਬ੍ਰਹਮਾ ਨੂੰ ਜਾਣਦੀ ਹੀ ਨਹੀਂ, ਬ੍ਰਹਮਾ ਲਈ ਸੁਚੇਤ ਹੀ ਨਹੀਂ। ਜੇ ਮਨ ਰੂਪੀ ਝੀਲ ਵਿਚ ਪੱਥਰ ਨਾ ਸੁੱਟੇ ਜਾਣ ਜੇ ਇਛਾਵਾਂ, ਵਿਚਾਰ, ਸੰਵੇਗ, ਰੁਚੀ, ਇਹ ਸਭ ਮਨ ਨੂੰ ਅਸ਼ਾਂਤ ਨਹੀਂ ਕਰਦੀਆਂ ਉਸ ਸਮੇਂ ਮਨ ਸ਼ਾਂਤ ਤੇ ਸਥਿਰ। ਸ਼ੁੱਧ ਤੇ ਉਚੇਰੀ ਬੁੱਧੀ ਨਾਲ ਪ੍ਰਾਪਤੀ ਹੁੰਦੀ ਹੈ, ਸਚੇਤਨਤਾ ਆਉਂਦੀ ਹੈ, ਜਾਣਕਾਰੀ ਹੁੰਦੀ ਹੈ।

## ਸਲੋਕ ਨੌਵਾਂ

ਆਤਮਾ ਜਿਹੜੀ ਅਤਿ ਸੂਖਮ ਹੈ, ਇਸ ਦਾ ਵਾਸਾ ਹਿਰਦੇ ਦੀ ਗੁਫਾ ਅੰਦਰ ਹੈ, ਇਸ ਨੂੰ ਸ਼ੁੱਧ ਪਵਿੱਤਰ ਬੁੱਧੀ ਨਾਲ ਜਾਣਿਆ ਜਾ ਸਕਦਾ ਹੈ। ਸਰੀਰ ਵਿਚ ਪੰਜ ਪ੍ਰਾਣ ਹਨ, ਮਨ ਸਾਰੇ ਸਰੀਰ ਦਾ ਰਾਜਾ ਹੈ, ਸਾਰੀਆਂ ਚੇਤਨਾ ਦਾ ਚੇਤਨ ਵਿਚ ਵਿਚਰ ਰਿਹਾ ਹੈ। ਜਦੋਂ ਸਰੀਰ ਤੇ ਮਨ ਦਾ ਮਿਲਣ ਸ਼ੁੱਧ ਪਵਿੱਤਰ ਰੂਪ ਵਿਚ ਹੁੰਦਾ ਹੈ, ਆਤਮਾ ਚਮਕ ਕੇ ਉਭਰ ਆਉਂਦੀ ਹੈ।

ਆਤਮ ਸ਼ੁੱਧੀ ਦਾ ਤਰੀਕ ਇਸ ਵਿਚ ਦਸਿਆ ਗਿਆ ਹੈ ਵਿਸ਼ੇਸ਼ ਤੌਰ ਤੇ ਬੁੱਧੀ ਦੀ ਸ਼ੁਧੀ ਦੀ ਵਿਆਖਿਆ ਕੀਤੀ ਗਈ ਹੈ। ਪਿਛਲੇ ਸਲੋਕ ਵਿਚ ਤਰਤੀਬਵਾਰ ਠੀਕ ਤਰੀਕੇ ਨਾਲ ਮੈਡੀਟੇਸ਼ਨ ਕਰਨ ਬਾਰੇ ਦੱਸਿਆ ਗਿਆ ਸੀ। ਇਹ ਵੀ ਦੱਸਿਆ ਗਿਆ ਸੀ ਕਿ ਭਜਨ ਸਿਮਰਨ ਕਰਨਾ ਕਿਉਂ ਜ਼ਰੂਰੀ ਹੈ, ਅਰਦਾਸ ਕਰਨੀ ਕਿਉਂ ਜ਼ਰੂਰੀ ਹੈ। ਇਸ ਸਲੋਕ ਵਿਚ ਅਰਥ ਕੁਝ ਵੱਖਰੇ ਹਨ ਇਥੇ ਬੁੱਧੀ ਦੇ ਮਾਰਗ ਤੋਂ ਭਾਵ ਗਿਆਨ ਮਾਰਗ ਹੈ। ਬੁੱਧੀ ਸ਼ਬਦ ਦੇ ਅਰਥ ਅੱਜ ਦੇ ਬੁਧੀਜੀਵੀ ਬਹੁਤ ਹੀ ਵਖਰੇ ਤਰੀਕੇ ਨਾਲ ਕਰਦੇ ਹਨ, ਬੁੱਧੀਜੀਵੀ ਬੁੱਧੀ ਸ਼ਬਦ ਦੀ ਵਿਆਖਿਆ ਆਪਣੇ ਵਿਚਾਰਾਂ ਅਨੁਸਾਰ ਕਰਦੇ ਹਨ, ਆਪਣੀ ਬੁੱਧੀ ਤੇ ਲੋੜ ਅਨੁਸਾਰ ਕਰਦੇ ਹਨ, ਉਨ੍ਹਾਂ ਦਾ ਆਪਣਾ ਅਨੁਭਵ ਤਾਂ ਕੋਈ ਹੁੰਦਾ ਨਹੀਂ, ਪਰ ਉਹ ਆਪਣੇ ਆਪ ਨੂੰ ਗਿਆਨੀ ਅਖਵਾਉਂਦੇ ਹਨ। ਗਿਆਨ ਦਾ ਮਾਰਗ ਖੰਡੇ ਦੀ ਧਾਰ ਤੇ ਚੱਲਣ ਦੀ ਤਰ੍ਹਾਂ ਹੀ ਹੈ, ਗਿਆਨ ਮਾਰਗ ਤੇ ਚੱਲਣਾ ਤਾਂ ਹੀ ਸੰਭਵ ਹੈ, ਜਦੋਂ ਤੁਸੀਂ ਬੁੱਧੀ ਨੂੰ ਸ਼ੁੱਧ ਕਰ ਲੈਂਦੇ ਹੋ, ਜਗਿਆਸੂ ਬੁੱਧੀ ਸ਼ੁੱਧ ਕਰਕੇ ਉਤਲੀ ਬੁੱਧੀ ਤੇ ਉਚੇਰੀ ਬੁੱਧੀ ਤੇ ਪਹੁੰਚ ਜਾਂਦਾ ਹੈ। ਉਚੇਰੀ ਬੁੱਧੀ ਦੇ ਆਪਣੇ ਗੁਣ ਹਨ ਉਹ ਹਰ ਤਰ੍ਹਾਂ ਨਾਲ ਸੰਪੂਰਣ ਹੈ ਸਪਸ਼ਟ ਹਨ, ਵਿਵੇਕ ਪ੍ਰਧਾਨ ਹੈ, ਠੀਕ ਗਲਤ ਵਿਚ ਨਿਰਣਾ ਕਰਦੀ ਹੈ, ਸਤਿ, ਅਮਰ ਅਟੱਲ ਕੀ ਹੈ, ਨਾਸ਼ਵਾਨ ਕੀ ਹੈ। ਸਮੇਂ ਸਿਰ ਨਿਰਣਾ ਲੈਣਾ ਇਹ ਸ਼ੁੱਧ ਬੁਧੀ ਦਾ ਹੀ ਗੁਣ ਹੈ, ਪਰਖ ਕਰਨੀ, ਇਹ ਸ਼ੁੱਧ ਬੁੱਧੀ ਦੇ ਗੁਣ ਹਨ।

ਜਦੋਂ ਬੁੱਧੀ ਮਹਾਂਪੁਰਖਾਂ ਦੇ ਬਚਨ ਸੁਣ ਕੇ ਗ੍ਰੰਥ ਪੜ੍ਹ ਕੇ ਭਜਨ ਸਿਮਰਨ ਕਰਕੇ, ਵਿਚਾਰ ਸ਼ੁੱਧ ਕਰਕੇ ਸ਼ੁੱਧ ਹੋ ਜਾਂਦੀ ਹੈ, ਜਗਿਆਸੂ ਸਾਸ਼ਤਰਕਾਰ ਦੇ ਮਾਰਗ ਤੇ ਤੁਰ ਪੈਂਦਾ ਹੈ, ਭਾਵ ਉਹ ਸਤਿ ਨੂੰ ਸਾਮ੍ਹਣੇ ਦੇਖਣ ਲਗ ਪੈਂਦਾ ਹੈ। ਸਤਿ ਅਨੁਭਵ ਕਰਨ ਲਗ ਪੈਂਦਾ ਹੈ, ਆਤਮਾ ਸਰੀਰ ਵਿਚ ਹੀ ਜਾਗ੍ਰਤ ਹੋ ਜਾਂਦੀ ਹੈ, ਸਰੀਰ ਦੇ ਪਹਿਲੇ ਇਕ ਮਾਤਰ ਟੁਕੜੇ ਤੋਂ, ਭਾਗ ਤੋਂ ਵੱਖ ਹੁੰਦੀ ਹੈ, ਫਰਕ ਵਾਲੀ ਹੁੰਦੀ ਹੈ, ਜੀਵਨ ਦੇ ਬਹੁਤ ਪਹਿਲੂ ਹਨ ਪਰ ਗ੍ਰੰਥਾਂ ਵਿਚ ਤਾਂ ਪੰਜ ਹੀ ਦੱਸੇ ਗਏ ਹਨ।

ਗਿਆਨ ਯੋਗ ਦੇ ਮਾਰਗ ਤੇ ਬੁੱਧੀ ਸਭ ਤੋਂ ਨਿਰਮਲ ਸੋਹਣਾ ਤੇ ਉਤਮ ਗਿਆਨ ਪ੍ਰਾਪਤੀ ਦਾ ਜੰਤਰ ਹੈ ਇਹ ਸਿੱਧਾ ਹੀ ਸ਼ੁੱਧ ਹੋ ਜਾਂਦਾ ਹੈ। ਸ਼ੁੱਧ ਕਰਨ ਦੇ ਤਰੀਕੇ ਸਿੱਧੇ ਹਨ, ਬੁੱਧੀ ਨੂੰ ਬਾਰ-ਬਾਰ ਇੰਦਰੀ ਬੋਧ, ਇੰਦਰੀ ਗਿਆਨ ਤੋਂ ਹਟਾਓ, ਸੰਕਲਪੀਕਰਣ ਤੋਂ ਹਟਾਓ, ਹੋੜੋ ਕਿਉਂ ਜੋ ਹਰ ਮਨੁੱਖ ਦੇ ਮਨ ਵਿਚ ਇਕ ਵਿਕਾਰ ਚਲਦੇ ਰਹਿੰਦੇ ਹਨ। ਬਹੁਤ ਸਾਰੇ ਜਗਿਆਸੂ ਇਹ ਸੋਚਦੇ ਹਨ ਕਿ ਗਿਆਨ ਮਾਰਗ ਤੇ ਤੁਰਦਿਆਂ ਉਹ ਕੁਝ ਵੀ ਕਰ ਸਕਦੇ ਹਨ, ਜੋ ਚਾਹੇ ਬੋਲ ਸਕਦੇ ਹਨ, ਜੋ ਚਾਹੁੰਣ ਉਹ ਕਰਮ ਕਰ ਸਕਦੇ ਹਨ ਪਰ ਇਹ ਸੱਚ ਨਹੀਂ। ਬੁੱਧੀ ਨੂੰ ਸ਼ੁੱਧ ਕਰਨ ਦੇ ਅਭਿਆਸ ਬਹੁਤ ਸੂਖਮ ਹਨ ਤੇ ਬਹੁਤ ਥੋੜ੍ਹੇ ਕੋਈ ਭਾਗਾਂ ਵਾਲੇ ਹੀ ਗਿਆਨ ਮਾਰਗ ਤੇ ਚੱਲ ਕੇ ਬੁੱਧੀ ਸ਼ੁੱਧ ਕਰ ਸਕਦੇ ਹਨ।

**ਸਲੋਕ ਦਸਵਾਂ**

ਸ਼ੁੱਧ ਮਨ ਵਾਲਾ ਜਗਿਆਸੂ ਕੁਝ ਵੀ ਪ੍ਰਾਪਤੀ ਕਰ ਸਕਦਾ ਹੈ, ਕੋਈ ਵੀ ਚੀਜ਼ ਕੋਈ ਵੀ ਇੱਛਾ ਹੋਂਦ ਦੇ ਕਿਸੇ ਵੀ ਪੱਧਰ ਤੇ ਉਹ ਪਹੁੰਚ ਸਕਦਾ ਹੈ। ਜੋ ਜੋ ਵੀ ਕੋਈ ਸੁਖੀ ਹੋਣ ਦੀ ਇੱਛਾ ਰਖਦਾ ਹੈ ਸੁਭਾਗਸ਼ਾਲੀ ਹੋਣਾ ਚਾਹੁੰਦਾ ਹੈ ਉਸ ਨੂੰ ਚਾਹੀਦਾ ਹੈ ਆਤਮਾ ਨੂੰ ਜਾਣੇ, ਪਛਾਣੇ।

ਦਸਵੇਂ ਸਲੋਕ ਵਿਚ ਬਹੁਤ ਹੀ ਸੂਖਮ ਤਰੀਕੇ ਨਾਲ ਜਗਿਆਸੂ ਨੂੰ ਜਾਣੂ ਕਰਾਇਆ ਗਿਆ ਹੈ, ਉਸ ਜਗਿਆਸੂ ਨੂੰ ਜਿਹੜਾ ਗਿਆਨ ਦੇ ਮਾਰਗ ਤੇ ਚੱਲ ਰਿਹਾ ਹੈ, ਆਤਮ ਸਿੱਧੀ ਦੇ ਮਾਰਗ ਤੇ ਚੱਲ ਰਿਹਾ ਹੈ, ਨਿਰਸੁਆਰਥ ਕਰਮ ਕਰਨ ਦੇ ਮਾਰਗ ਤੇ ਚਲ ਰਿਹਾ ਹੈ, ਪਿਆਰ ਤੇ ਸ਼ਰਧਾ ਦੇ ਮਾਰਗ ਤੇ ਚੱਲ ਰਿਹਾ ਹੈ ਭਾਵੇਂ ਗਿਆਨ ਯੋਗ ਦੇ ਮਾਰਗ ਤੇ ਭਾਵੇਂ ਰਾਜ ਯੋਗ ਦੇ ਮਾਰਗ ਤੇ ਚੱਲ ਰਿਹਾ ਹੈ। ਇਨ੍ਹਾਂ ਵਿਚੋਂ ਕਿਸੇ ਵੀ ਮਾਰਗ ਤੇ ਚੱਲਣ ਲਈ ਅੰਤਰ ਦੀ ਸ਼ੁੱਧਤਾ ਅਤਿਅਵੱਸ਼ਕ ਹੈ, ਖਾਸ ਕਰਕੇ ਇਛਾਵਾਂ ਦੀ ਸ਼ੁੱਧਤਾ, ਕਿਸੇ ਵੀ ਚੀਜ਼ ਤੇ ਜਦੋਂ ਜਗਿਆਸੂ ਆਪਣਾ ਮਨ ਟਿਕਾਉਂਦਾ ਹੈ ਜਿਸ ਕਿਸੇ ਦਾ ਵੀ ਧਿਆਨ ਧਰ ਕੇ ਉਹ ਮੈਡੀਟੇਸ਼ਨ ਕਰਦਾ ਹੈ, ਜਗਿਆਸੂ ਉਸ ਦੀ ਪ੍ਰਾਪਤੀ ਕਰ ਲੈਂਦਾ ਹੈ। ਬਹੁਤ ਸਾਰੇ ਜਗਿਆਸੂ ਜਪ ਕਰਦੇ ਹਨ ਪਰ ਜਦੋਂ ਉਹ ਜਪ ਕਰ ਰਹੇ ਹੁੰਦੇ ਹਨ ਉਨ੍ਹਾਂ ਦਾ ਮਨ ਤਾਂ ਕਿਤੇ ਹੋਰ ਹੀ ਹੁੰਦਾ ਹੈ, ਸੰਸਾਰ ਵਿਚ ਕਿਤੇ ਕਿਤੇ ਘੁੰਮ ਰਿਹਾ ਹੁੰਦਾ ਹੈ। ਜਦੋਂ ਇਸ ਤਰ੍ਹਾਂ ਹੁੰਦਾ ਹੈ ਜਪ ਕੇਵਲ ਇਕ ਮੁਹਾਰਨੀ ਹੀ ਬਣ ਜਾਂਦਾ ਹੈ। ਪਾਤੰਜਲ ਜਿਸ ਨੇ ਯੋਗ ਨੂੰ ਕਰਮਬਧ ਕੀਤਾ ਹੈ ਉਹ ਕਹਿੰਦੇ ਹਨ, "ਤਦ ਜਪਸ ਤਦਰਾਥ ਭਾਵਨਾਮ" (Tad japas tadartha bhavanam) ਭਾਵ ਉਦੋਂ ਜਪੋ ਜਦੋਂ ਪੂਰੀ ਭਾਵਨਾ ਨਾਲ ਕਰ ਸਕੋ। ਜਪ ਆਪਣੇ ਆਪ

ਵਿਚ ਸੰਪੂਰਨ ਹੈ ਜੇ ਪੂਰੀ ਸ਼ਰਧਾ ਤੇ ਗਿਆਨ ਨਾਲ ਕੀਤਾ ਜਾਵੇ।

ਫੇਰ ਉਹ ਹੀ ਜਾਪ ਅਜਪਾ ਜਾਪ ਬਣ ਜਾਂਦਾ ਹੈ ਜਦੋਂ ਮਨ ਦੇ ਸਾਰੇ ਵਿਕਾਰਾਂ ਦੀ ਸ਼ੁੱਧੀ ਹੋ ਜਾਂਦੀ ਹੈ ਜਦੋਂ ਸੰਪੂਰਨ ਮਨ ਇਕ ਹੋ ਕੇ ਇਕਾਗਰ ਹੋ ਜਾਂਦਾ ਹੈ ਉਦੋਂ ਜਪ ਆਪਣੇ ਆਪ ਸੁਤੇ ਹੀ ਚਲਦਾ ਹੈ, ਸੁੱਤਿਆਂ ਪਿਆ ਵੀ ਚਲਦਾ ਹੈ।

ਜਿਨ੍ਹਾਂ ਨੇ ਚੇਤੰਨਯ ਮਹਾਂਪ੍ਰਭੂ ਨੂੰ ਪੜ੍ਹਿਆ ਹੈ ਉਹ ਜਾਣਦੇ ਹਨ ਕਿ ਉਹ ਸੁਤਿਆਂ ਪਿਆ ਵੀ ਮੰਤਰ ਜਪ ਨਾਲ ਹੀ ਸੁਆਸ ਅੰਦਰ ਬਾਹਰ ਕਰਦੇ ਸੀ। ਜੋ ਵੀ ਕਮਰੇ ਵਿਚ ਬੈਠਾ ਹੁੰਦਾ ਸੀ ਉਹ ਬੜੀ ਚੰਗੀ ਤਰ੍ਹਾਂ ਮੰਤਰ ਸੁਣ ਸਕਦਾ ਸੀ। ਜਦੋਂ ਜਗਿਆਸੂ ਮੰਤਰ ਨਾਲ ਸੁਆਸ ਲੈਂਦਾ ਹੈ, ਖਾਂਦਾ ਮੰਤਰ ਨਾਲ ਹੈ, ਸੌਂਦਾ ਮੰਤਰ ਨਾਲ ਹੈ, ਤੁਰਦਾ ਮੰਤਰ ਨਾਲ ਹੈ ਇਸ ਤਰ੍ਹਾਂ ਕਰਨ ਨਾਲ ਸਪਸ਼ਟ ਅਨੁਭਵ ਹੀ ਨਹੀਂ ਹੁੰਦਾ, ਉਸ ਨਾਲ ਆਤਮਾ ਸਵੈ ਜਾਗ੍ਰਤ ਹੋ ਜਾਂਦੀ ਹੈ।

ਇਸ ਸਲੋਕ ਵਿਚ ਦੱਸਿਆ ਗਿਆ ਹੈ ਕਿ ਇਹੋ ਜਿਹੇ ਮਹਾਂਪੁਰਖ, ਬ੍ਰਹਮਗਿਆਨੀ ਦੀ ਹਾਜ਼ਰੀ ਵਿਚ ਹਰ ਇਕ ਤੇ ਬਖਸ਼ਿਸ਼ ਹੁੰਦੀ ਹੈ, ਮਿਹਰ ਹੁੰਦੀ ਹੈ ਤੇ ਉਹ ਹੈ ਦਰਸ਼ਨ ਇਨ੍ਹਾਂ ਦੇ ਦਰਸ਼ਨ ਕਰਕੇ ਹਰ ਕੋਈ ਸੁਭਾਗਾ ਬਣ ਜਾਂਦਾ ਹੈ, ਬਖਸ਼ਿਆ ਜਾਂਦਾ ਹੈ, ਗੁਰੂ ਦੀ ਮਿਹਰ ਦਾ ਪਾਤਰ ਬਣ ਜਾਂਦਾ ਹੈ। ਧੰਨ ਹਨ ਉਹ ਜਿਹੜੇ ਬਖਸ਼ੇ ਹੋਏ ਹਨ ਜਿਹੜੇ ਉਸ ਇਕ ਨਾਲ ਇਕ ਹੋ ਗਏ ਹਨ, ਆਓ ਅਸੀਂ ਉਨ੍ਹਾਂ ਨੂੰ ਸੀਸ ਨਿਵਾਈਏ ਤੇ ਆਪਣੀ ਸ਼ਰਧਾ ਦੇ ਫੁੱਲ ਉਨ੍ਹਾਂ ਦੇ ਚਰਨਾਂ ਤੇ ਰੱਖੀਏ। ਇਹ ਤੀਸਰੇ ਅਧਿਆਇ ਦੇ ਪਹਿਲੇ ਭਾਗ ਦਾ ਅੰਤ ਹੈ।

## ਅਧਿਆਇ ਤੀਸਰਾ, ਭਾਗ ਦੂਸਰਾ

### ਸਲੋਕ ਪਹਿਲਾ

"ਜਿਹੜੇ ਬ੍ਰਹਮ ਨੂੰ ਜਾਣਦੇ ਹਨ, ਉਹ ਇਸ ਸਤਿ ਨੂੰ ਸਮਝਦੇ ਹਨ ਕਿ ਸਭ ਕੁਝ ਇਸ ਸੰਸਾਰ ਵਿਚ ਬ੍ਰਹਮ ਦਾ ਹੀ ਪਸਾਰਾ ਹੈ, ਬ੍ਰਹਮ ਦੇ ਚਾਨਣ ਨਾਲ ਹੀ ਸਾਰੇ ਜਗ ਵਿਚ ਚਾਨਣ ਹੈ। ਜਿਹੜੇ ਸਾਰੀਆਂ ਸੰਸਾਰਕ ਇਛਾਵਾਂ ਤਿਆਗ ਕੇ ਕੇਵਲ ਬ੍ਰਹਮ ਨੂੰ ਹੀ ਪੂਜਦੇ ਹਨ, ਆਤਮਾ ਨੂੰ ਜਾਣਦੇ ਹਨ, ਸ਼ੁਧ ਚੇਤਨਤਾ ਨੂੰ ਪੂਜਦੇ ਹਨ ਉਹ ਜਨਮ ਮਰਨ ਦੇ ਚੌਰਾਸੀ ਦੇ ਚੱਕਰਾਂ ਤੋਂ ਛੁਟ ਜਾਂਦੇ ਹਨ।"

ਪਿਛਲੇ ਸਲੋਕ ਵਿਚ ਦਸਿਆ ਗਿਆ ਸੀ ਜੇ ਜਗਿਆਸੂ ਸੰਸਾਰਕ

ਇਛਾਵਾਂ ਨੂੰ ਮੁੱਖ ਰਖਕੇ ਧਿਆਉਂਦਾ ਹੈ, ਪੂਜਾ ਕਰਦਾ ਹੈ ਉਹ ਸੰਸਾਰਕ ਪਦਾਰਥ ਪ੍ਰਾਪਤ ਕਰ ਲੈਂਦਾ ਹੈ, ਪਰ ਫੇਰ ਉਹ ਆਤਮ ਮਾਰਗ ਤੇ ਨਹੀਂ ਚਲਦੇ ਨਾ ਹੀ ਉਨ੍ਹਾਂ ਨੂੰ ਉਸ ਤੇ ਸਫਲਤਾ ਮਿਲਦੀ ਹੈ। ਇਸ ਨੂੰ 'ਸਾਕਾਮ ਪੂਜਾ' ਕਿਹਾ ਜਾਂਦਾ ਹੈ, ਜੋ ਇਛਾਵਾਂ ਨੂੰ ਮੁੱਖ ਰਖ ਕੇ ਕੀਤੀ ਜਾਂਦੀ ਹੈ। ਇਸ ਸਲੋਕ ਵਿਚ ਦਸਿਆ ਗਿਆ ਹੈ ਕਿ ਸੰਸਾਰਕ ਇਛਾਵਾਂ ਤੋਂ ਮੁਕਤ ਹੋ ਕੇ ਜਿਹੜੀ ਪੂਜਾ ਕੀਤੀ ਜਾਂਦੀ ਹੈ ਕੇਵਲ ਅਧਿਆਤਮਕ ਪ੍ਰਾਪਤੀਆਂ ਲਈ ਕੀਤੀ ਜਾਂਦੀ ਹੈ, ਉਹ ਹੀ ਮੁਕਤੀ ਦਾ ਸਾਧਨ ਬਣਦੀ ਹੈ।

ਕੇਵਲ ਆਤਮ ਸਾਧਨਾ ਵਾਲਾ ਆਤਮ ਸਿੱਧੀ ਵਾਲਾ ਹੀ ਜਾਣਦਾ ਹੈ ਕਿ ਬ੍ਰਹਮ ਕੀ ਹੈ, ਏਕੋ ਹੈ ਉਸ ਇਕ ਦਾ ਕੋਈ ਦੂਸਰਾ ਹੈ ਹੀ ਨਹੀਂ, ਗਿਆਨੀ ਜਿਹੜੇ ਆਪਣਾ ਸਾਰਾ ਸਮਾਂ ਆਤਮ ਸਿੱਧੀ ਤੇ ਲਗਾਉਂਦੇ ਹਨ ਉਹ ਮੁਕਤੀ ਪ੍ਰਾਪਤ ਕਰਕੇ ਆਵਾਗੌਣ ਦੇ ਚੱਕਰਾਂ ਤੋਂ ਛੁਟ ਜਾਂਦੇ ਹਨ।

ਜਿਸ ਨੇ ਆਤਮਾ ਨੂੰ ਜਾਣ ਲਿਆ, ਜਿਸ ਨੇ ਪਛਾਣ ਲਿਆ ਕੇ ਸਭ ਇਕ ਹੈ 'ਅਨੇਕ ਹੈ, ਫਿਰ ਏਕ ਹੈ' ਉਸ ਦੀ ਸਾਰੀ ਦੁਬਿਧਾ ਖਤਮ ਹੋ ਗਈ, ਸਾਰੇ ਦੁਖ ਖਤਮ ਹੋ ਗਏ, ਉਹ ਸਾਰਿਆਂ ਨੂੰ ਆਤਮਾ ਹੀ ਦੇਖਦਾ ਹੈ। ਉਹ ਸਭ ਨੂੰ ਪਿਆਰ ਕਰਦਾ ਹੈ, ਕਿਸੇ ਨੂੰ ਨਫਰਤ ਨਹੀਂ ਕਰਦਾ, ਉਹ ਤਾਂ ਸਭ ਨੂੰ ਪਿਆਰ ਹੀ ਕਰਦਾ ਹੈ, ਜਗਿਆਸੂ ਹਰ ਸਮੇਂ ਇਹ ਹੀ ਦੇਖਦਾ ਹੈ ਕਿ ਉਸ ਦੀ ਆਪਣੀ ਆਤਮਾ ਦਾ ਪਸਾਰਾ ਹੈ, ਪ੍ਰਮਾਤਮਾ ਦਾ ਪਸਾਰਾ ਹੈ, ਇਸ ਦਾ ਕੋਈ ਅੰਤ ਨਹੀਂ, ਪ੍ਰਮਾਤਮਾ ਹੀ ਸਭ ਵਿਚ ਹੈ, ਇਹ ਹੀ ਸਤਿ ਹੈ। ਜਦੋਂ ਆਤਮ ਪ੍ਰਾਪਤੀ ਕਰਕੇ ਜਗਿਆਸੂ ਇਹ ਜਾਣ ਜਾਂਦਾ ਹੈ ਕਿ ਇਕੋ ਆਤਮਾ ਹੀ ਸਭ ਵਿਚ ਵਿਚਰ ਰਹੀ ਹੈ। ਉਹ ਕਿਸੇ ਦੂਸਰੇ ਤੋਂ ਵੱਖ ਕਿਵੇਂ ਹੋ ਸਕਦਾ ਹੈ? ਕਿਸ ਨੂੰ ਨਫਰਤ ਕਰੇ। ਇਕੋ ਆਤਮਾ ਦਾ ਪਸਾਰਾ ਹੈ, ਇਕੋ ਆਤਮਾ ਹੀ ਸਾਰਿਆਂ ਵਿਚ ਹੈ, ਆਤਮਾ ਨੂੰ ਕੇਵਲ ਪਿਆਰ ਨਾਲ ਹੀ ਸਾਰੇ ਵਿਸ਼ਵ ਵਿਚ ਸਾਰੇ ਸੰਸਾਰ ਵਿਚ ਦੱਸਿਆ ਜਾ ਸਕਦਾ ਹੈ, ਪਿਆਰ ਹੀ ਜੀਵਨ ਦਾ ਆਧਾਰ ਹੈ, ਪਿਆਰ ਕੇਵਲ ਪਿਆਰ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਪ੍ਰਭੂ ਪ੍ਰਾਪਤੀ ਦਾ ਸਾਧਨ ਹੈ, ਨਫਰਤ ਜੁਦਾ ਕਰਦੀ ਹੈ, ਵੱਖ ਕਰਦੀ ਹੈ, ਫਾੜਦੀ ਹੈ, ਪਿਆਰ ਇਕੱਠਾ ਕਰਦਾ ਹੈ, ਪਿਆਰ ਜੀਵਨ ਦੀ ਸਭ ਤੋਂ ਉਤਮ ਉਪਲਬਧੀ ਹੈ।

ਸਰਬੱਤ ਮਨੁੱਖ ਜਾਤੀ ਇਸ ਅਵਸਥਾ ਦੀ ਸਭਿਅਤਾ ਤੇ ਪਹੁੰਚਣਾ ਲੋਚਦੀ ਹੈ, ਅਫਸੋਸ ਇਸ ਗੱਲ ਦਾ ਹੈ ਕਿ ਅਜਿਹੇ ਮਨੁੱਖ ਬਹੁਤ ਹੀ ਥੋੜ੍ਹੇ ਹਨ, ਜ਼ਰੂਰ ਹਨ ਹਰ ਪਰਪਾਟੀ ਵਿਚ ਹਨ, ਹਰ ਸਭਿਆਚਾਰ ਵਿਚ ਹਨ ਪਰ ਵਿਰਲੇ। ਪਰ ਜੇ ਸੰਸਾਰ ਦੀਆਂ ਸਾਰੀਆਂ ਸਮਾਜਿਕ ਪ੍ਰਣਾਲੀਆਂ ਵਿਚ

ਇਹੋ ਜਿਹੇ ਮਹਾਂਪੁਰਖ ਹੋ ਗਏ, ਫੇਰ ਤਾਂ ਮਨੁੱਖਾਂ ਦੀ ਇਹ ਅਵਸਥਾ ਦੀ ਲੋਚਾ ਹੀ ਖਤਮ ਹੋ ਜਾਵੇਗੀ, ਸਵਰਗ ਦੀ ਲੋਚਾ ਹੀ ਜਾਂਦੀ ਰਹੇਗੀ, ਸਾਰੀਆਂ ਖੁਸ਼ੀਆਂ ਦੀ ਇੱਛਾ ਜਾਂਦੀ ਰਹੇਗੀ ਫੇਰ ਤਾਂ ਬ੍ਰਹਮ ਦੀ ਪ੍ਰਾਪਤੀ ਵੀ ਹੁਣੇ ਹੀ ਇਸੇ ਸਮੇਂ ਪ੍ਰਾਪਤ ਹੋ ਜਾਵੇਗੀ। ਉਹ ਪਿਆਰ, ਪ੍ਰੇਮ ਦੇ ਮਸੀਹੇ ਕਿਥੇ ਹਨ ? ਦਿਮਾਗ ਨਾਲ ਨਹੀਂ ਜੇ ਕੋਈ ਮਨੁੱਖ ਜਾਤੀ ਨੂੰ ਬਦਲ ਸਕਦਾ ਹੈ ਤਾਂ ਉਹ ਹੈ ਪਿਆਰ ਭਰਿਆ ਹਿਰਦਾ। 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।'

ਜਦੋਂ ਮਨੁੱਖ ਆਪਣੇ ਆਪ ਨੂੰ ਸਹੀ ਸਮਝ ਕੇ ਉਸ ਨਾਲ ਜੁੜ ਜਾਂਦਾ ਹੈ, ਆਪਣੇ ਆਪ ਨੂੰ ਕੇਵਲ ਇਹ ਦੇਹ ਹੀ ਮੰਨ ਲੈਂਦਾ ਹੈ, ਉਸ ਸਮੇਂ ਮਨੁੱਖ ਦੁਖਾਂ ਸੰਤਾਪਾਂ ਵਿਚ ਪੈ ਜਾਂਦਾ ਹੈ, ਫਿਕਾ ਪੈ ਜਾਂਦਾ ਹੈ ਜਦੋਂ ਮਨ ਤੇ ਸਰੀਰ ਦੇ ਪਿਛੇ ਲਗ ਤੁਰਦਾ ਹੈ ਜਦੋਂ ਮਨੁੱਖ ਆਪਣੇ ਆਪ ਨੂੰ ਆਤਮਾ ਤੋਂ ਪਰ੍ਹੇ ਆਤਮਾ ਤੋਂ ਬਾਹਰ ਜੋੜ ਲੈਂਦਾ ਹੈ, ਹੋਂਦ ਨਾਲ ਜੋੜ ਲੈਂਦਾ ਹੈ ਉਹ ਦੁਰਬਲ ਹੋ ਜਾਂਦਾ ਹੈ, ਮਜਬੂਰ ਹੋ ਜਾਂਦਾ ਹੈ ਬਹੁਤ ਸਾਰੀਆਂ ਗਲਤੀਆਂ ਕਰ ਲੈਂਦਾ ਹੈ, ਬਹੁਤ ਤਨਾਅ ਅਨੁਭਵ ਕਰਦਾ ਹੈ, ਦੁਖ ਸੰਤਾਪ ਥੱਲੇ ਆ ਜਾਂਦਾ ਹੈ। ਆਪਣੇ ਆਪ ਨੂੰ ਵੱਖਰਾ, ਅਲੱਗ ਹੋਣ ਦੀ ਹੋਂਦ ਦਾ ਬਹੁਤ ਹੀ ਸੰਕਟਮਈ ਪ੍ਰਭਾਵ ਪੈਂਦਾ ਹੈ ਜਿਸ ਕਰਕੇ ਮਨ, ਬੁੱਧੀ ਤੇ ਵਿਕਾਸ ਤੇ ਪ੍ਰਭਾਵ ਪੈਂਦਾ ਹੈ ਤੇ ਸਮਾਜ ਤੇ ਪ੍ਰਭਾਵ ਪੈਂਦਾ ਹੈ।

ਜੀਸਸ ਨੇ ਕਿਹਾ ਹੈ, ਆਪਣੇ ਗੁਆਂਢੀ ਨੂੰ ਉਨਾਂ ਪਿਆਰ ਕਰੋ ਜਿੰਨਾਂ ਆਪਣੇ ਆਪ ਨੂੰ, ਉਪਨਿਸ਼ਦਾਂ ਵਿਚ ਕਿਹਾ ਹੈ, ਸਾਰਾ ਸੰਸਾਰ ਹੀ ਤੁਹਾਡਾ ਪਰਿਵਾਰ ਹੈ। ਵਾਸੁਦੇਵ ਕੁਟੰਬ ਸਾਰੇ ਸੰਸਾਰ ਦੇ ਪ੍ਰਾਣੀ ਤੁਹਾਡੇ ਪਰਿਵਾਰ ਦੇ ਸਦਸਿਆ ਹਨ, ਅਧਿਆਤਮਵਾਦ ਦਾ ਸਭ ਤੋਂ ਵੱਡਾ ਲਕਸ਼ ਹੈ, ਹੋਂਦ ਖਤਮ ਕਰਨਾ, ਵੱਖਰਾ ਪਣ ਖਤਮ ਕਰਨਾ। ਜੇ ਨਦੀ ਆਪਣੇ ਮੁੱਢ ਤੋਂ ਵੱਖ ਹੋ ਕੇ ਵਖਰੀ ਹੋ ਜਾਵੇ ਉਸ ਦਾ ਪਾਣੀ ਗੰਦਾ ਹੋ ਜਾਂਦਾ ਹੈ, ਵਖਰਾ ਹੋ ਜਾਂਦਾ ਹੈ। ਇਹੀ ਹੀ ਹਾਲ ਮਨੁੱਖ ਦਾ ਹੈ, ਜਦੋਂ ਮਨੁੱਖ ਆਪਣੀ ਆਤਮਾ ਤੋਂ ਵੱਖ ਹੋ ਜਾਂਦਾ ਹੈ, ਆਪਣੇ ਆਪ ਨੂੰ ਕੇਵਲ ਦੇਹ ਹੀ ਸਮਝਣ ਲਗ ਪੈਂਦਾ ਹੈ, ਉਹ ਦੁਖਾਂ, ਸੰਤਾਪਾਂ ਤੇ ਭਰਮਾਂ ਵਿਚ ਪੈ ਜਾਂਦਾ ਹੈ।

## ਸਲੋਕ ਦੂਸਰਾ

"ਇਸ ਤੋਂ ਉਲਟ ਜਿਹੜੇ ਇਛਾਵਾਂ ਦਾ ਤਿਆਗ ਨਹੀਂ ਕਰਦੇ, ਨਹੀਂ ਛੱਡਦੇ, ਸੰਸਾਰ ਇਛਾਵਾਂ ਦੇ ਪਿਛੇ ਲੱਗੇ ਰਹਿੰਦੇ ਹਨ, ਦੌੜੇ ਰਹਿੰਦੇ ਹਨ, ਮੁੜ ਮੁੜ ਕੇ ਜਨਮ ਲੈਂਦੇ ਰਹਿੰਦੇ ਹਨ, ਉਨ੍ਹਾਂ ਹੀ ਹਾਲਤਾਂ ਵਿਚ ਆਉਂਦੇ

ਰਹਿੰਦੇ ਹਨ, ਕਿਉਂਕਿ ਉਨ੍ਹਾਂ ਦੀ ਇਛਾਵਾਂ ਹੀ ਪੂਰੀਆਂ ਨਹੀਂ ਹੁੰਦੀਆਂ। ਪਰ ਉਹ ਜਿਨ੍ਹਾਂ ਦੀਆਂ ਇਛਾਵਾਂ ਪੂਰੀਆਂ ਹੋ ਗਈਆਂ ਹਨ ਜਾਂ ਜਿਨ੍ਹਾਂ ਨੇ ਇਛਾਵਾਂ ਤੇ ਕਾਬੂ ਪਾ ਲਿਆ ਹੈ ਜਿਹੜੇ ਆਪਣੇ ਆਪ ਵਿਚ ਸਥਿਰ ਹੋ ਗਏ ਹਨ, ਉਨ੍ਹਾਂ ਦੀਆਂ ਇਛਾਵਾਂ ਖਤਮ ਹੋ ਗਈਆਂ ਹਨ, ਜੀਵਨ ਭਰ ਲਈ ਖਤਮ ਹੋ ਗਈਆਂ ਹਨ ਕੋਈ ਕਿਸੇ ਕਿਸਮ ਦੀ ਇਛਾ ਰਹੀ ਹੀ ਨਹੀਂ।

ਇਸ ਸਲੋਕ ਵਿਚ ਉਹ ਹੀ ਕਿਹਾ ਗਿਆ ਹੈ ਜੋ ਕਿ ਪਿਛਲੇ ਸਲੋਕ ਵਿਚ। ਜਿਹੜੇ ਇਛਾਵਾਂ ਰਖਦੇ ਹਨ ਤੇ ਇਛਾਵਾਂ ਦੇ ਫਲ ਦਾ ਅਨੰਦ ਲੈਂਦੇ ਹਨ, ਮਾਣਦੇ ਹਨ ਹਰ ਸਮੇਂ ਕੋਈ ਨਾ ਕੋਈ ਇੱਛਾ ਉਨ੍ਹਾਂ ਦੇ ਮਨ ਵਿਚ ਰਹਿੰਦੀ ਹੈ, ਉਹ ਇਛਾਵਾਂ ਦੇ ਜਾਲ ਵਿਚ ਫਸ ਕੇ ਚੌਰਾਸੀ ਦੇ ਜਾਲ ਵਿਚ ਪੈ ਜਾਂਦੇ ਹਨ। ਵਾਸਤਵ ਵਿਚ ਅਨਪੂਰਤ ਇਛਾਵਾਂ ਹੀ ਚੌਰਾਸੀ ਦੇ ਗੇੜ ਦਾ ਕਾਰਣ ਹਨ। ਸਾਰੀਆਂ ਇਛਾਵਾਂ ਦਾ ਮੁਢ ਮੋਹ ਹੈ, ਮੋਹ ਹੀ ਮਨੁੱਖ ਨੂੰ ਬਾਰ-ਬਾਰ ਸੰਸਾਰ ਵਿਚ ਖਿਚਦਾ ਹੈ। ਮਰਨ ਲਗਿਆਂ ਜੋ ਵੀ ਪ੍ਰਬਲ ਇੱਛਾ ਹੁੰਦੀ ਹੈ ਮਨੁੱਖ ਉਸ ਦੇ ਅਨੁਸਾਰ ਹੀ ਜਨਮ ਲੈਂਦਾ ਹੈ ਤਾਂ ਜੋ ਉਹ ਇੱਛਾ ਪੂਰੀ ਕਰ ਸਕੇ।

ਜਦੋਂ ਮਹਾਂਪੁਰਖ ਬ੍ਰਹਮਗਿਆਨੀ ਆਤਮ ਮਾਰਗ ਤੇ ਚਲਦੇ ਹਨ, ਸੱਚੇ ਸੁੱਚੇ ਹੋ ਕੇ ਚਲਦੇ ਹਨ, ਸੰਸਾਰ ਨਾਲ ਕਿਸੇ ਕਿਸਮ ਦਾ ਮੋਹ ਨਹੀਂ ਰਖਦੇ, ਉਨ੍ਹਾਂ ਦੀ ਇਕੋ ਹੀ ਇੱਛਾ ਹੁੰਦੀ ਹੈ ਉਹ ਹੈ ਬ੍ਰਹਮ ਪ੍ਰਾਪਤੀ ਦੀ, ਉਹ ਵੀ ਜੇ ਇਸ ਜਨਮ ਵਿਚ ਪੂਰੀ ਨਾ ਹੋਵੇ, ਤਾਂ ਵੀ ਉਹ ਇੱਛਾ ਹੀ ਮੁਕਤੀ ਲਈ ਹੈ, ਆਤਮ ਸਿੱਧੀ ਦੀ ਇੱਛਾ ਹੈ, ਇਹ ਇੱਛਾ ਉਸਨੂੰ ਬ੍ਰਹਮ ਪ੍ਰਾਪਤੀ ਲਈ ਹੀ ਪ੍ਰੇਰਦੀ ਹੈ, ਜੇ ਉਹ ਇਹ ਹੀ ਇੱਛਾ ਲੈ ਕੇ ਮਰਦਾ ਹੈ ਤੇ ਇਹ ਹੀ ਇੱਛਾ ਲੈ ਕੇ ਜਨਮ ਲੈਂਦਾ ਹੈ ਤੇ ਬ੍ਰਹਮ ਪ੍ਰਾਪਤੀ ਲਈ ਹੀ ਆਤਮ ਮਾਰਗ ਤੇ ਤੁਰ ਪੈਂਦਾ ਹੈ। ਗਿਆਨੀ ਉਹ ਹੀ ਹਨ ਜਿਹੜੇ ਆਤਮ ਅਨੁਸ਼ਾਸਨ ਨਾਲ ਰਹਿੰਦੇ ਹਨ, ਅਗਿਆਨ ਦੇ ਬੰਧਨ ਤੋੜ ਕੇ ਜੀਵਨ ਨੂੰ ਸੰਪੂਰਨ ਬਣਾਉਂਦੇ ਹਨ ਜੀਵਨ ਜੀਉਣ ਦੀ ਜਾਚ ਸਿੱਖ ਲੈਂਦੇ ਹਨ।

## ਸਲੋਕ ਤੀਸਰਾ

ਆਤਮਾ ਦਾ ਗਿਆਨ ਗੱਲਾਂਬਾਤਾਂ ਰਾਹੀਂ ਨਹੀਂ ਪ੍ਰਾਪਤ ਹੋ ਸਕਦਾ, ਬੌਧਿਕ ਵਿਸ਼ਲੇਸ਼ਨ ਨਾਲ ਨਹੀਂ ਹੋ ਸਕਦਾ, ਬਹੁਤ ਸ਼ਾਸਤਰ, ਗ੍ਰੰਥ ਪੜ੍ਹਨ ਨਾਲ ਨਹੀਂ ਹੋ ਸਕਦਾ, ਆਤਮਾ ਦਾ ਪ੍ਰਕਾਸ਼ ਉਨ੍ਹਾਂ ਨੂੰ ਹੀ ਹੁੰਦਾ ਹੈ ਜਿਨ੍ਹਾਂ ਤੇ ਕ੍ਰਿਪਾ ਹੋਵੇ ਗੁਰੂ ਕ੍ਰਿਪਾ।

ਆਤਮਕ ਸਿੱਧੀ ਦੇ ਮਾਰਗ ਤੇ ਜਦੋਂ ਸਾਰੀਆਂ ਕੋਸ਼ਿਸ਼ਾਂ, ਸਾਰੇ

ਉਪਰਾਲੇ, ਸਾਰਾ ਅਨੁਸ਼ਾਸਨ ਪੂਰੀ ਤਰ੍ਹਾਂ ਸਫਲਤਾ ਨਾਲ ਸੰਪੂਰਨ ਹੋ ਜਾਂਦੇ ਹਨ, ਫੇਰ ਇਕ ਇਹੋ ਜਿਹੀ ਅਵਸਥਾ ਆਉਂਦੀ ਹੈ ਜਦੋਂ ਕੋਈ ਇੱਛਾ ਰਹਿ ਹੀ ਨਹੀਂ ਜਾਂਦੀ। ਇਹ ਅਵਸਥਾ ਉਦੋਂ ਹੀ ਆਉਂਦੀ ਹੈ ਜਦੋਂ ਜਗਿਆਸੂ ਇਕ ਮਨ ਇਕ ਚਿੱਤ ਹੋ ਕੇ ਪੂਰੀ ਸ਼ਰਧਾ ਨਾਲ ਉਸ ਪ੍ਰਭੂ ਨੂੰ ਅਰਾਧਦਾ ਹੈ, ਧਿਆਉਂਦਾ ਹੈ, ਮਨ, ਚਿਤ ਇਕਾਗਰ ਕਰਕੇ ਉਸ ਨੂੰ ਸਮਰਪਤ ਹੁੰਦਾ ਹੈ। ਫੇਰ ਉਨ੍ਹਾਂ ਨੂੰ ਆਤਮਾ ਪ੍ਰਗਟ ਹੁੰਦੀ ਹੈ, ਭਾਵ ਉਨ੍ਹਾਂ ਨੂੰ ਪੂਰਨ ਸ਼ਾਂਤੀ ਅਨੰਦ ਤੇ ਸੁਖ ਦੀ ਪ੍ਰਾਪਤੀ ਹੁੰਦੀ ਹੈ, ਉਹ ਸਤਿ, ਚਿਤ, ਅਨੰਦ ਹੋ ਜਾਂਦੇ ਹਨ।

ਅਧਿਆਤਮਕ ਅਨੁਸ਼ਾਸਨ ਅਗਿਆਨ ਦਾ ਪੜਦਾ ਖਤਮ ਕਰ ਦਿੰਦਾ ਹੈ, ਬ੍ਰਹਮ ਦੀ ਪ੍ਰਾਪਤੀ ਦੀ ਲਗਨ ਲੋਚਾ ਅਗਿਆਨ ਖਤਮ ਕਰਦੀ ਹੈ, ਅਨੁਸ਼ਾਸਨ ਲਿਆਉਂਦੀ ਹੈ, ਆਤਮਾ ਤਾਂ ਹੈ, ਆਤਮਾ ਨਾ ਤਾਂ ਕਿਤੋਂ ਆਉਂਦੀ ਹੈ, ਨਾ ਹੀ ਕਿਤੋਂ ਲਿਆਈ ਜਾ ਸਕਦੀ ਹੈ, ਇਹ ਤਾਂ ਤੁਹਾਡੇ ਅੰਦਰ ਹੀ, ਆਤਮਾ ਤਾਂ ਪ੍ਰਕਾਸ਼ਮਾਨ ਹੁੰਦੀ ਹੈ, ਆਤਮਾ ਉਸ ਸਮੇਂ ਪ੍ਰਗਟ ਹੁੰਦੀ ਹੈ ਜਦੋਂ ਜਗਿਆਸੂ ਦੀ ਅਧਿਆਤਮਕ ਸਾਧਨਾ ਪੂਰੀ ਹੋ ਜਾਂਦੀ ਹੈ ਜਦੋਂ ਮਨ, ਬੁੱਧੀ ਤੇ ਹਿਰਦਾ ਸ਼ੁੱਧ ਪਵਿੱਤਰ ਹੋ ਜਾਂਦੇ ਹਨ।

ਇਥੇ ਇਹ ਵੀ ਦਸਣਾ ਅਵੱਸ਼ਕ ਹੈ ਕਿ ਗੁਰੂ ਕ੍ਰਿਪਾ ਬਹੁਤ ਹੀ ਅਵਸ਼ਕ ਇਕ ਜ਼ਰੂਰੀ ਚੀਜ਼ ਹੈ, ਇਸ ਤੋਂ ਬਿਨਾਂ ਜਗਿਆਸੂ ਕੁਛ ਵੀ ਪ੍ਰਾਪਤੀ ਨਹੀਂ ਕਰ ਸਕਦਾ। ਜਗਿਆਸੂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਆਤਮਕ ਸਿੱਧੀ ਕੇਵਲ ਪੜ੍ਹ ਕੇ ਪ੍ਰਵਚਨ ਸੁਣ ਕੇ, ਬੁੱਧੀ ਸਤਰ ਤੇ ਗੋਸ਼ਟੀਆਂ ਕਰਕੇ ਪ੍ਰਾਪਤ ਨਹੀਂ ਹੁੰਦੀ, ਇਹ ਤਾਂ ਕੇਵਲ ਗੁਰ ਕ੍ਰਿਪਾ ਮਿਹਰ ਨਾਲ ਹੀ ਪ੍ਰਾਪਤ ਹੁੰਦੀ ਹੈ, ਕਿਸੇ ਵਿਰਲੇ ਨੂੰ ਹੀ ਇਸ ਦੀ ਪ੍ਰਾਪਤੀ ਹੁੰਦੀ ਹੈ, ਜਿਹੜੇ ਉਸ ਪ੍ਰਮਾਤਮਾ ਨੂੰ ਅਰਾਧਦੇ, ਆਪ ਹੀ ਪ੍ਰਮਾਤਮਾ ਹੋ ਜਾਂਦੇ ਹਨ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ।

ਜਦੋਂ ਜਗਿਆਸੂ ਆਪਣੀ ਸਾਧਨਾ ਕੇਵਲ ਸਰੀਰ ਤਕ ਹੀ ਨਹੀਂ ਰਹਿਣ ਦਿੰਦਾ ਜੋ ਉਹ ਸਰੀਰ ਤੋਂ ਚੁੱਕ ਕੇ ਮਨ ਤੇ ਲੈ ਜਾਂਦਾ ਹੈ ਤੇ ਫੇਰ ਮਨ ਤੋਂ ਅਧਿਆਤਮਕ ਬਣਾ ਲੈਂਦਾ ਹੈ ਤੇ ਅੰਤ ਵਿਚ ਜਦੋਂ ਉਹ ਆਤਮਾ ਦੇ ਸਾਮ੍ਹਣੇ ਖੜ੍ਹਾ ਹੋ ਜਾਂਦਾ ਹੈ, ਉਹ ਆਤਮਾ ਵਿਚ ਸਮਾ ਕੇ ਅਜਰ ਅਮਰ ਹੋ ਜਾਂਦਾ ਹੈ, ਇਹੋ ਜਿਹੇ ਜਗਿਆਸੂ ਨੂੰ ਆਤਮਾ ਆਪਣੇ ਵਾਸਤਵ ਰੂਪ ਵਿਚ ਪ੍ਰਗਟ ਹੁੰਦੀ ਹੈ।

## ਸਲੋਕ ਚਾਰ

"ਆਤਮਾ ਦੀ ਪ੍ਰਾਪਤੀ ਉਨ੍ਹਾਂ ਨੂੰ ਨਹੀਂ ਹੋ ਸਕਦੀ ਜਿਨ੍ਹਾਂ ਦੇ ਅੰਦਰ ਬਲ ਨਹੀਂ, ਜਿਹੜੇ ਅੰਦਰੋਂ ਸੱਚੇ ਨਹੀਂ। ਜਿਨ੍ਹਾਂ ਦੇ ਅੰਦਰ ਤਪ ਨਹੀਂ, ਜਿਨ੍ਹਾਂ ਦਾ ਅੰਦਰ ਸ਼ਾਂਤ ਨਹੀਂ, ਜਿਨ੍ਹਾਂ ਦੇ ਕੋਲ ਇਹ ਸਭ ਕੁਝ ਹੈ ਪ੍ਰਮਾਤਮਾ ਦੀ ਕ੍ਰਿਪਾ ਨਾਲ ਇਨ੍ਹਾਂ ਦੀ ਪ੍ਰਾਪਤੀ ਉਨ੍ਹਾਂ ਨੂੰ ਹੋ ਚੁੱਕੀ ਹੈ ਉਨ੍ਹਾਂ ਨੂੰ ਆਤਮਕ ਸਿੱਧੀ ਪ੍ਰਾਪਤ ਹੁੰਦੀ ਹੈ ਤੇ ਅੰਤ ਵਿਚ ਉਹ ਬ੍ਰਹਮ ਦੀ ਪ੍ਰਾਪਤੀ ਕਰ ਲੈਂਦੇ ਹਨ।"

ਇਸ ਸਲੋਕ ਵਿਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਜਗਿਆਸੂ ਸਭ ਤੋਂ ਪਹਿਲਾਂ ਸ਼ਕਤੀ ਇਕੱਠੀ ਕਰੇ ਅੰਦਰ ਦਾ ਬਲ ਇਕੱਠਾ ਕਰੇ, ਇਹ ਕਰਨ ਲਈ ਜਗਿਆਸੂ ਨੂੰ ਇਛਾਵਾਂ ਦਾ ਤੇ ਭੋਗਾਂ ਦਾ ਤਿਆਗ ਕਰਨਾ ਪਵੇਗਾ, ਮਨ ਨੂੰ ਇੰਦ੍ਰੀਆਂ ਦੇ ਭੋਗਾਂ ਤੋਂ ਰੋਕਣਾ ਪਵੇਗਾ, ਬਿਲਕੁਲ ਉਸ ਤਰ੍ਹਾਂ ਹੀ ਰੋਕਣਾ ਪਵੇਗਾ ਜਿਵੇਂ ਜੇ ਅਸੀਂ ਮੋਮਬੱਤੀ ਜਲਾਈਏ ਤਾਂ ਉਸ ਨੂੰ ਹਵਾ ਦੇ ਹਰ ਝੋਕੇ ਤੋਂ ਬਚਾ ਕੇ ਰਖਣਾ ਪੈਂਦਾ ਹੈ। ਜੇ ਬਚਾ ਕੇ ਨਾ ਰੱਖੀ ਜਾਵੇ ਤਾਂ ਉਸ ਮੋਮਬੱਤੀ ਤੋਂ ਅੱਗ ਲੱਗ ਸਕਦੀ ਹੈ, ਬਹੁਤ ਨੁਕਸਾਨ ਹੋ ਸਕਦਾ ਹੈ।

ਜਦੋਂ ਮਨ ਨੂੰ ਬਚਾ ਕੇ ਰੱਖਿਆ ਜਾਵੇ, ਕਿਸੇ ਵੀ ਵਿਚਾਰ ਤੋਂ ਮਨ ਨੂੰ ਦੁਖੀ ਨਾ ਹੋਣ ਦਿਤਾ ਜਾਵੇ ਤਾਂ ਸਾਰੇ ਨਖੇਧੀ ਦੇ ਵਿਚਾਰ ਆਪ ਹੀ ਖਤਮ ਹੋਣ ਲਗ ਪੈਂਦੇ ਹਨ, ਰੁਕਾਵਟਾਂ ਬਣਨ ਦੀ ਥਾਂ, ਉਹ ਜਗਿਆਸੂ ਦੀ ਸਹਾਇਤਾ ਕਰਨ ਲਗ ਪੈਂਦੇ ਹਨ ਤੇ ਜੀਵਨ ਦੀਆਂ ਵੱਖ-ਵੱਖ ਪਰਤਾਂ ਖੁਲ੍ਹਣ ਲਗ ਪੈਂਦੀਆਂ ਹਨ। ਜਿਹੜੇ ਜਗਿਆਸੂ ਦੀ ਅੰਦਰ ਦੀ ਸ਼ਕਤੀ ਨਾ ਹੋਵੇ ਤਾਕਤ ਨਾ ਹੋਵੇ ਉਹ ਇਸ ਤਰ੍ਹਾਂ ਦੀ ਪ੍ਰਾਪਤੀ ਨਹੀਂ ਕਰ ਸਕਦਾ, ਜਗਿਆਸੂ ਨੂੰ ਸਭ ਤੋਂ ਪਹਿਲਾਂ ਅੰਦਰ ਦੀ ਸ਼ਕਤੀ ਦੀ ਲੋੜ ਹੈ, ਦ੍ਰਿੜ੍ਹਤਾ ਦੀ ਲੋੜ ਹੈ। ਸਭ ਤੋਂ ਵੱਧ ਸਮੱਸਿਆ ਆਉਂਦੀ ਹੈ ਪ੍ਰਭਤਾ ਦੀ, ਸੁਸਤੀ ਦੀ ਲਾਪਰਵਾਹੀ ਦੀ, ਇਹ ਚੀਜ਼ਾਂ ਸਾਧਕ ਦੀ ਸਭ ਤੋਂ ਵੱਡੀਆਂ ਸ਼ਤਰੂ ਹਨ ਜਿਨ੍ਹਾਂ ਕਰਕੇ ਜਗਿਆਸੂ ਦਾ ਦ੍ਰਿਸ਼ਟੀਕੋਣ ਖਰਾਬ ਹੋ ਸਕਦਾ ਹੈ, ਆਤਮਾ ਦਾ ਦ੍ਰਿਸ਼ ਧੁੰਦਲਾ ਪੈ ਸਕਦਾ ਹੈ।

ਗਿਆਨੀ ਉਹ ਹੈ ਜਿਹੜਾ ਆਪਣੇ ਅੰਦਰ ਦੀ ਤਾਕਤ ਪੈਦਾ ਕਰਦਾ ਹੈ, ਜਿਹੜਾ ਸਵੈ ਅਨੁਸਾਸ਼ਨ ਦਾ ਅਭਿਆਸ ਕਰਦਾ ਹੈ, ਪੂਰੀ ਦ੍ਰਿੜ੍ਹਤਾ ਨਾਲ ਕਰਦਾ ਹੈ ਇਹੋ ਜਿਹੇ ਗਿਆਨੀ ਪੂਰੀ ਤਾਕਤ ਨਾਲ ਇਕਾਗਰ ਹੋ ਕੇ ਲਗ ਜਾਂਦੇ ਹਨ ਤੇ ਅੰਤ ਵਿਚ ਬ੍ਰਹਮ ਦੀ ਪ੍ਰਾਪਤੀ ਕਰ ਹੀ ਲੈਂਦੇ ਹਨ। ਬਿਨ੍ਹਾਂ ਆਪਣੇ ਆਪ ਨੂੰ ਬ੍ਰਹਮ ਨਾਲ ਜੋੜਿਆਂ, ਆਪਣੇ ਆਪ ਨੂੰ ਵਿਸ਼ਵ ਦਾ ਬਣਾਏ ਬਿਨਾਂ ਸਵੈ ਅਨੁਸ਼ਾਸਨ ਦਾ ਅਭਿਆਸ ਕੀਤੇ ਬਿਨਾਂ ਜੀਵਨ

ਦੇ ਉਦੇਸ਼ ਦੀ ਪ੍ਰਾਪਤੀ ਨਹੀਂ ਹੋ ਸਕਦੀ। ਝੂਠੀ ਤਪਸਿਆ ਸਾਧਨਾ ਜਾਂ ਮਨ ਮਾਰਨ ਨਾਲ ਕੋਈ ਲਾਭ ਨਹੀਂ ਹੁੰਦਾ।

## ਸਲੋਕ ਪੰਜਵਾਂ

"ਇਸ ਸਭ ਦੀ ਪ੍ਰਾਪਤੀ ਕਰਨ ਤੋਂ ਬਾਅਦ ਸਿੱਧ ਪੁਰਸ਼ ਗਿਆਨ ਸੰਤੋਖੀ ਹੋ ਜਾਂਦਾ ਹੈ ਉਹ ਆਤਮਾ ਵਿਚ ਪੂਰੀ ਤਰ੍ਹਾਂ ਸਥਾਈ ਹੋ ਜਾਂਦਾ ਹੈ, ਭਾਵ ਸਥਾਪਤ ਹੋ ਜਾਂਦਾ ਹੈ ਤੇ ਪੂਰਨ ਸ਼ਾਂਤ ਹੋ ਜਾਂਦਾ ਹੈ। ਸਰਬ ਵਿਆਪਕ ਚੇਤਨਾ ਪ੍ਰਾਪਤ ਕਰਨ ਤੋਂ ਬਾਅਦ, ਆਤਮ ਸਿੱਧ ਆਤਮਾ ਬ੍ਰਹਮ ਦੇ ਜਗਤ ਬ੍ਰਹਮ ਲੋਕ ਵਿਚ ਮਿਲ ਜਾਂਦਾ ਹੈ।"

ਸਿੱਧ ਪੁਰਸ਼ ਆਤਮ ਸਿੱਧੀ ਗਿਆਨ ਪ੍ਰਾਪਤ ਕਰਕੇ ਸੰਤੋਖੀ ਹੋ ਜਾਂਦੇ ਹਨ। ਉਹ ਪੂਰੀ ਤਰ੍ਹਾਂ ਪਰਮ ਅਨੰਦ ਵਿਚ ਸਥਿਰ ਹੋ ਜਾਂਦੇ ਹਨ, ਲੋਭ ਮੋਹ ਤੋਂ ਛੁਟ ਜਾਂਦੇ ਹਨ, ਸਾਂਤ ਟਿਕੀ ਹੋਈ ਆਤਮਾ ਪੂਰੀ ਤਰ੍ਹਾਂ ਨਾਲ ਪ੍ਰਮਾਤਮਾ ਨਾਲ ਇਕ ਹੋ ਜਾਂਦੀਆਂ ਹਨ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਨਦੀ ਸਮੁੰਦਰ ਵਿਚ ਜਾ ਮਿਲਦੀ ਹੈ।

ਬ੍ਰਹਮਾ ਨਿਰੋਲ ਚੇਤਨਾ ਹੈ, ਮਨੁੱਖ ਵਖਰਾ ਹੈ, ਆਪਣੇ ਸਰੀਰ ਨਾਲ ਹੈ, ਇੰਦ੍ਰੀਆਂ ਕਰਕੇ ਹੈ, ਮਨ ਕਰਕੇ ਹੈ, ਇਹ ਸਭ ਕੁਝ ਹਉਮੈ ਦਾ ਕਾਰਣ ਹੈ, ਹਉਮੈ, ਅਹੰਕਾਰ ਹੀ ਮਨੁੱਖ ਨੂੰ ਉਸ ਇਕ ਤੋਂ ਵੱਖਰਾ ਕਰਦਾ ਹੈ, ਹਉਮੈ ਹੀ ਇਕ ਪੜ੍ਹਦਾ ਹੈ ਜਿਹੜਾ ਮਨੁੱਖ ਤੇ ਪ੍ਰਮਾਤਮਾ ਦੇ ਵਿਚ ਹੈ ਤੇ ਮਨੁੱਖ ਨੂੰ ਪ੍ਰਮਾਤਮਾ ਤੋਂ ਵਖਰਾ ਕਰਦਾ ਹੈ। ਇਹ ਇਕ ਭੁਲੇਖਾ ਹੈ ਜਿਸ ਨੂੰ ਮਨੁੱਖ ਸਚਾਈ ਸਮਝਦਾ ਹੈ।

ਜਦੋਂ ਸ਼ੀਸ਼ੇ ਤੇ ਮਿੱਟੀ ਦੀ ਮੋਟੀ ਪਰਤ ਜਮ ਜਾਂਦੀ ਹੈ ਤੁਸੀਂ ਉਸ ਵਿਚ ਆਪਣਾ ਚਿਹਰਾ ਨਹੀਂ ਦੇਖ ਸਕਦੇ ਪਰ ਜਦੋਂ ਉਸ ਮਿੱਟੀ ਨੂੰ ਧੋ ਦਿਓ, ਤੁਸੀਂ ਆਪਣਾ ਚਿਹਰਾ ਬੜੀ ਚੰਗੀ ਤਰ੍ਹਾਂ ਦੇਖ ਸਕਦੇ ਹੋ। ਇਹੋ ਜਿਹੀਆਂ ਥੋਪੀਆਂ ਹੋਈਆਂ ਗੱਲਾਂ ਝੂਠੀਆਂ ਹਨ, ਗਲਤ ਹਨ ਉਸੇ ਤਰ੍ਹਾਂ ਹਨ ਜਿਵੇਂ ਸ਼ੀਸ਼ੇ ਤੇ ਮਿੱਟੀ ਜਮੀ ਹੋਵੇ, ਆਤਮਕ ਅਭਿਆਸ ਨਾਲ ਇਹ ਖਤਮ ਹੋ ਜਾਂਦੀਆਂ ਹਨ। ਆਤਮਕ ਗਿਆਨ, ਆਤਮਾ ਤੇ ਜਮੀ ਮਿੱਟੀ ਧੋ ਦਿੰਦਾ ਹੈ। ਕੇਵਲ ਆਤਮਾ ਦਾ ਗਿਆਨ ਹੀ ਆਤਮਕ ਸਿੱਧੀ ਤੇ ਲੈ ਜਾਂਦਾ ਹੈ ਇਹੋ ਜਿਹਾ ਸਿੱਧ ਪੁਰਸ਼ ਅੰਤ ਵਿਚ ਸਰੀਰ ਛੱਡ ਕੇ ਬ੍ਰਹਮਲੀਨ ਹੋ ਜਾਂਦਾ ਹੈ।

## ਸਲੋਕ ਛੇਵਾਂ

ਜਿਹੜੇ ਵਿਦਾਂਤ ਦਾ ਸੂਖਮ ਗਿਆਨ ਪ੍ਰਾਪਤ ਕਰ ਲੈਂਦੇ ਹਨ, ਤਿਆਗ

ਦੇ ਮਾਰਗ ਤੇ ਚੱਲ ਕੇ ਮਨ ਨੂੰ ਸ਼ੁੱਧ ਕਰ ਲੈਂਦੇ ਹਨ, ਸਾਰੇ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ ਤੇ ਜਦੋਂ ਫੇਰ ਉਹ ਸਰੀਰ ਛਡਦੇ ਹਨ, ਉਹ ਬ੍ਰਹਮਲੀਨ ਹੀ ਹੋ ਜਾਂਦੇ ਹਨ, ਬ੍ਰਹਮ ਲੋਕ ਅਜਰ, ਅਮਰ ਲੋਕ ਹੈ।

ਇਹ ਗਿਆਨ ਇਹ ਵਿਚਾਰ ਹੀ ਇਸ ਸਲੋਕ ਵਿਚ ਦਿਤਾ ਗਿਆ ਹੈ, ਤਿਆਗੀ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਅਗਿਆਨ ਤੋਂ ਮੁਕਤ ਹੋ ਕੇ ਮਨ, ਹਿਰਦੇ ਬੁੱਧੀ ਨੂੰ ਸ਼ੁਧ ਕਰਨ ਤੋਂ ਪਿਛੋਂ ਅਜੇ ਵੀ ਕੁਛ ਅਗਿਆਨ ਰਹਿ ਜਾਂਦਾ, ਭਾਵੇਂ ਜਗਿਆਸੂ ਦਾ ਦ੍ਰਿਸ਼ਟੀਕੋਣ ਧੁੰਦਲਾ ਹੋ ਜਾਂਦਾ ਹੈ। ਇਹ ਸਭ ਕੁਝ ਉਸ ਤਰ੍ਹਾਂ ਹੀ ਹੈ ਜਿਵੇਂ ਤੁਸੀਂ ਆਪਣਾ ਕਮਰਾ ਰੋਜ਼ ਚੰਗੀ ਤਰ੍ਹਾਂ ਸਾਫ ਕਰਦੇ ਹੋਵੋ ਤੇ ਤੁਹਾਡਾ ਕਮਰਾ ਚਮਕ ਰਿਹਾ ਹੋਵੇ ਫੇਰ ਇਕ ਦਿਨ ਤੁਸੀਂ ਕਮਰੇ ਵਿਚ ਵਿਛੇ ਗਲੀਚੇ ਨੂੰ ਚੁਕੋ ਤੁਸੀਂ ਹੈਰਾਨ ਹੋ ਜਾਂਦੇ ਹੋ, ਹੈ? ਐਨੀ ਮਿੱਟੀ ਥੱਲੇ ਜਮ੍ਹਾਂ ਹੋ ਗਈ ਹੈ। ਗਿਆਨੀ ਇਸ ਕਰਕੇ ਡੂੰਘੀ ਮੈਡੀਟੇਸ਼ਨ ਕਰਨ ਦਾ ਸੁਭਾਅ ਬਣਾ ਲੈਂਦੇ ਹਨ ਉਹ ਮਿੱਟੀ ਜੰਮਣ ਹੀ ਨਹੀਂ ਦਿੰਦੇ। ਅਗਿਆਨ ਦੀ ਮਿੱਟੀ ਇਕੱਠੀ ਨਹੀਂ ਹੋਣ ਦਿੰਦੇ, ਅਗਿਆਨ ਉਨ੍ਹਾਂ ਦੇ ਅੰਦਰ ਆਉਂਦਾ ਹੀ ਨਹੀਂ।

ਇਹੋ ਜਿਹੀ ਗਿਆਨੀ ਆਤਮਾ ਮਾਇਆ ਤੋਂ ਮੁਕਤ ਹੋ ਜਾਂਦੀ ਹੈ, ਸਮਾਂ, ਥਾਂ ਤੇ ਹੋਰ ਸਾਰੀਆਂ ਬਾਹਰੀ ਚੀਜ਼ਾਂ ਦੀ ਸੀਮਾ ਖਤਮ ਹੋ ਜਾਂਦੀਆਂ ਹਨ ਤੇ ਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਤੋਂ ਉਪਰਾਂਤ ਗਿਆਨੀ ਆਪਣੇ ਆਪ ਨੂੰ ਅਨੁਭਵ ਅਤੀਤ ਤਤੂ ਤੇ ਲੈ ਜਾ ਕੇ ਸਥਿਰ ਹੋ ਜਾਂਦਾ ਹੈ ਉਸ ਵਾਸਤਵਿਕਤਾ ਤੇ ਆਪਣੇ ਆਪ ਨੂੰ ਲੈ ਜਾਂਦਾ ਹੈ ਜੋ ਆਪਣੇ ਆਪ ਵਿਚ ਸਵੈ ਵਿਦਮਾਨ ਹੈ। ਇਹ ਸਾਰੀ ਚੇਤਨਾ ਦਾ ਸਰੋਤ ਹੈ ਜਿਸ ਦਾ ਕੋਈ ਆਦਿ ਹੈ ਨਾ ਕੋਈ ਅੰਤ।

ਇਹੋ ਜਿਹਾ ਬ੍ਰਹਮ ਗਿਆਨੀ ਮੁੜ ਕੇ ਇਸ ਵਿਸ਼ਵ ਵਿਚ ਨਹੀਂ ਆਉਂਦਾ। ਇਕ ਵਾਰੀ ਬ੍ਰਹਮਲੀਨ ਹੋ ਕੇ ਉਹ ਉਥੇ ਹੀ ਸਥਿਰ ਹੋ ਜਾਂਦਾ ਹੈ, ਉਸ ਦਾ ਬ੍ਰਹਮਲੀਨ ਹੋਣ ਦਾ ਦਿਨ ਵਾਸਤਵ ਵਿਚ ਉਸ ਦੇ ਜਾਗ੍ਰਤ ਹੋਣ ਦਾ ਦਿਨ ਹੁੰਦਾ ਹੈ, ਉਹ ਉਸ ਇਕ ਦਾ ਹੋ ਜਾਂਦਾ ਹੈ ਉਸ ਵਿਚ ਲੀਨ ਹੋ ਜਾਂਦਾ ਹੈ। ਇਸ ਅਨੰਦ ਨੂੰ ਸ਼ਬਦਾਂ ਵਿਚ ਦਸਿਆ ਹੀ ਨਹੀਂ ਜਾ ਸਕਦਾ, ਇਸ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ, ਇਸ ਨੂੰ ਕਿਸੇ ਤਰ੍ਹਾਂ ਨਾਪਿਆ ਹੀ ਨਹੀਂ ਜਾ ਸਕਦਾ।

ਇਥੇ ਉਸ ਦੀ ਹਉਮੈ ਬਿਲਕੁਲ ਖਤਮ ਹੋ ਜਾਂਦੀ ਹੈ, ਇਥੇ ਇਕ ਬੜਾ ਸੂਖਮ ਬਿੰਦੂ ਸਮਝਣ ਜੋਗ ਹੈ ਉਹ ਇਹ ਕਿ ਉਸ ਦਾ ਕੀ ਹੁੰਦਾ

ਹੈ? ਕੀ ਉਹ ਖਤਮ ਹੋ ਜਾਂਦਾ ਹੈ? ਉਤਰ ਹੈ ਬਿਲਕੁਲ ਵੀ ਨਹੀਂ, ਉਹ ਤਾਂ ਸਰਬ ਵਿਆਪਕ ਵਿਚ ਲੀਨ ਹੋ ਕੇ ਇਕ ਹੋ ਜਾਂਦਾ ਹੈ। ਸਤਿ ਅਨੰਦ ਹੋ ਜਾਂਦਾ ਹੈ। ਇਹੋ ਜਿਹਾ ਬ੍ਰਹਮ ਗਿਆਨੀ ਆਪਣੇ ਪਦ ਚਿੰਨ ਪਿਛੇ ਨਹੀਂ ਛੱਡ ਕੇ ਜਾਂਦਾ ਜਿਵੇਂ ਪੰਛੀ ਅਸਮਾਨ ਵਿਚ ਉਡਾਰੀ ਮਾਰਦਾ ਹੈ ਉਸ ਦਾ ਕੋਈ ਨਿਸ਼ਾਨ ਨਹੀਂ ਹੁੰਦਾ, ਇਸੇ ਤਰ੍ਹਾਂ ਮਨੁੱਖ ਦੀ ਆਤਮਾ ਸਰੀਰ ਛੱਡ ਕੇ ਦੂਸਰੇ ਕੰਢੇ ਤੇ ਚਲੀ ਜਾਂਦੀ ਹੈ ਤੇ ਉਸ ਦਾ ਕੋਈ ਨਿਸ਼ਾਨ ਨਹੀਂ ਹੁੰਦਾ। ਕੋਈ ਪਦ ਚਿੰਨ੍ਹ ਨਾ ਛੱਡਣ ਤੋਂ ਭਾਵ ਹੈ ਕੋਈ ਸੰਸਕਾਰ ਨਹੀਂ ਛੱਡ ਕੇ ਜਾਂਦੇ ਉਹ ਆਪਣੇ ਸਾਰੇ ਸੰਸਕਾਰ ਗਿਆਨ ਦੀ ਅਗਨੀ ਵਿਚ ਸੁਆਹ ਕਰ ਜਾਂਦੇ ਹਨ।

## ਸਲੋਕ ਸੱਤਵਾਂ

ਮੁਕਤੀ ਦੇ ਸਮੇਂ ਸਰੀਰ ਦੇ ਸਾਰੇ ਪੰਦਰਾਂ ਅੰਗ (ਪੰਜ ਸੰਪੂਰਣ ਅੰਗ, ਪੰਜ ਗਿਆਨ ਇੰਦ੍ਰੀਆਂ ਪੰਜ ਪ੍ਰਾਣ) ਇਹ ਸਾਰੇ ਆਪਣੇ ਸਰੋਤ ਵਿਚ ਮੁੜ ਕੇ ਚਲੇ ਜਾਂਦੇ ਹਨ। ਗਿਆਨ ਇੰਦ੍ਰੀਆਂ ਆਪਣੇ ਸਰੋਤ ਵਿਚ ਸਮਾ ਜਾਂਦੀਆਂ ਹਨ। ਪਿਛਲੇ ਸਾਰੇ ਕਰਮ, ਗਿਆਨ ਤੇ ਵਿਅਕਤੀਗਤ ਆਤਮਾ ਸਾਰੇ ਹੀ ਬ੍ਰਹਮਲੀਨ ਹੋ ਜਾਂਦੇ ਹਨ, ਬ੍ਰਹਮ ਵਿਚ ਹੀ ਸਮਾ ਜਾਂਦੇ ਹਨ।

ਇਸ ਸਲੋਕ ਵਿਚ ਦਸਿਆ ਗਿਆ ਕਿ ਮਰਣ ਉਪਰਾਂਤ ਕੀ ਹੁੰਦਾ ਹੈ ਇਹ ਇਕ ਬਹੁਤ ਵੱਡਾ ਪ੍ਰਸ਼ਨ ਹੈ ਜਿਹੜਾ ਜਗਿਆਸੂ ਦੇ ਮਨ ਨੂੰ ਬਾਰ-ਬਾਰ ਕੁਰੇਦਦਾ ਰਹਿੰਦਾ ਹੈ, ਸਰੀਰ, ਗਿਆਨ ਇੰਦ੍ਰੀਆਂ ਮਨ ਇਹ ਸਭ ਕੁਝ ਦਾ ਕੀ ਹੁੰਦਾ ਹੈ। ਪ੍ਰਸ਼ਨ ਉਠਦਾ ਹੈ ਜਦੋਂ ਇਕ ਅਜਰ ਅਮਰ, ਪੰਛੀ ਪੁਲਾੜ ਵਿਚ ਜਾਂਦਾ ਹੈ ਜਾਂ ਕਹਿ ਲਵੋ ਅਨੰਦ ਵਿਚ ਹੋ ਕੇ ਆਪਣੀ ਪ੍ਰੇਮਕਾ ਨੂੰ ਮਿਲਦਾ ਹੈ, ਉਪਰ ਚਲਾ ਜਾਂਦਾ ਹੈ, ਪ੍ਰਮਾਤਮਾ ਨੂੰ ਮਿਲਦਾ ਹੈ ਉਸ ਨਾਲ ਇਕ ਹੋ ਜਾਂਦਾ ਹੈ ਤੇ ਮੁੜ ਕੇ ਕਦੀ ਵੀ ਨਹੀਂ ਆਉਂਦਾ ਉਸ ਦੇ ਸਰੀਰ, ਸ੍ਵਾਸ, ਗਿਆਨ ਇੰਦ੍ਰੀਆਂ ਮਨ ਦਾ ਕੀ ਹੁੰਦਾ ਹੈ?

"ਪ੍ਰਸ਼ਨ ਉਪਨਿਸ਼ਦ" ਤੇ "ਮੰਡੂਕ ਉਪਨਿਸ਼ਦ" ਦੀ ਸਿਖਿਆ ਇਕੋ ਜਿਹੀ ਹੈ। ਇਨ੍ਹਾਂ ਦੋਨਾਂ ਦਾ ਸਰੋਤ ਅਥਰਵੇਦ ਹੈ। ਇਸ ਅਲੰਕਾਰ ਤੋਂ ਤੁਸੀਂ ਸਮਝ ਗਏ ਹੋਵੇਗੇ ਕਿ ਸਰੀਰ ਦਾ ਕੀ ਹੁੰਦਾ ਹੈ। ਜਦੋਂ ਆਤਮਾ ਵਿਚੋਂ ਨਿਕਲ ਜਾਂਦੀ ਹੈ ਤੇ ਆਪਣੇ ਨਿਜ ਸਥਾਨ ਤੇ ਪਹੁੰਚ ਜਾਂਦੀ ਹੈ। ਇਕ ਘੜਾ ਪਾਣੀ ਦਾ ਭਰੋ ਉਸ ਨੂੰ ਸੂਰਜ ਦੇ ਅੱਗੇ ਰੱਖੋ ਤੇ ਫੇਰ ਉਸ ਨੂੰ ਤੋੜ ਦਿਓ ਜਿਸ ਤਰ੍ਹਾਂ ਮਰਜ਼ੀ ਤੋੜੋ, ਪੱਥਰ ਮਾਰ ਕੇ ਜਿਵੇਂ ਮਰਜ਼ੀ ਤੁਸੀਂ ਦੇਖੋਗੇ ਪਾਣੀ ਆਪਣੀ ਥਾਂ ਲੱਭ ਹੀ ਲੈਂਦਾ ਹੈ, ਘੜੇ ਦੀਆਂ ਠੀਕਰੀਆਂ

ਆਪਣਾ ਸਥਾਨ ਲੱਭ ਲੈਂਦੀਆਂ ਹਨ, ਘੜੇ ਦਾ ਥੱਲਾ ਧਰਤੀ ਨਾਲ ਮਿਲ ਜਾਂਦਾ ਹੈ। ਸੂਰਜ ਦਾ ਅਕਸ਼ ਸੂਰਜ ਨਾਲ ਮਿਲ ਜਾਂਦਾ ਹੈ, ਸਰੀਰ ਦੇ ਸਾਰੇ ਅੰਗ ਘੜੇ ਦੀਆਂ ਸਾਰੀਆਂ ਠੀਕਰੀਆਂ ਆਪਣੇ ਆਪਣੇ ਥਾਂ ਤੇ ਟਿਕ ਜਾਂਦੀਆਂ ਹਨ।

ਵਾਸਤਵ ਵਿਚ ਕੋਈ ਵੀ ਮਰਦਾ ਨਹੀਂ। ਸਰੀਰ ਦੇ ਅੰਗ ਵਿਸ਼ਵ ਦੇ ਸਰੋਤ ਵਿਚ ਜਾ ਮਿਲਦੇ ਹਨ। ਸੁਣਨ ਦੇ ਅੰਗ ਸੂਖਮ ਅਕਾਸ਼ ਵਿਚ ਚਲੇ ਜਾਂਦੇ ਹਨ, ਹੱਥ ਨਾਲ ਟੋਹਣ ਦੇ, ਹੱਥ ਲਾ ਕੇ ਦੇਖਣ ਦੇ ਅੰਗ ਵਾਯੂ ਨਾਲ ਜਾ ਮਿਲਦੇ ਹਨ ਤੇ ਅੱਖਾਂ ਅਗਨੀ ਨਾਲ ਜਾ ਮਿਲਦੀਆਂ ਹਨ, ਵਿਅਕਤੀਗਤ ਆਤਮਾ ਇੱਛਾ ਅਨੁਸਾਰ ਮੁੜ-ਮੁੜ ਸਰੀਰ ਧਾਰਦਾ ਰਹਿੰਦਾ ਹੈ, ਅੰਤ ਵਿਚ ਮੁਕਤੀ ਪਾ ਲੈਂਦਾ ਹੈ।

ਸਭ ਤੋਂ ਉਚਾ ਅਜਰ, ਅਮਰ, ਅਟੱਲ ਅਕਾਸ਼ ਜਨਮ ਤੋਂ ਰਹਿਤ ਹੈ, ਇਸ ਕਰਕੇ ਉਸ ਦੀ ਕੋਈ ਬਰਬਾਦੀ ਖਰਾਬੀ ਨਹੀਂ ਹੁੰਦੀ, ਜਦੋਂ ਬੱਦਲ ਫਟ ਜਾਂਦੇ ਹਨ ਸੂਰਜ ਦਿਸਣ ਲਗ ਪੈਂਦਾ ਹੈ।

## ਸਲੋਕ ਅੱਠਵਾਂ

ਜਿਵੇਂ ਜਦੋਂ ਨਦੀਆਂ ਸਮੁੰਦਰ ਵਿਚ ਆ ਡਿਗਰਦੀਆਂ ਹਨ ਉਨ੍ਹਾਂ ਦੇ ਆਪਣੇ ਨਾਮ ਖਤਮ ਹੋ ਜਾਂਦੇ ਹਨ ਇਸੇ ਤਰ੍ਹਾਂ ਜਦੋਂ ਆਤਮਾ ਪ੍ਰਮਾਤਮਾ ਵਿਚ ਜਾ ਮਿਲਦੀ ਹੈ ਉਸ ਦੀ ਆਪਣੀ ਹਸਤੀ ਖਤਮ ਹੋ ਜਾਂਦੀ ਹੈ ਉਸਦੀ ਆਪਣੀ ਅਭੇਦਤਾ ਖਤਮ ਜੋ ਜਾਂਦੀ ਹੈ ਉਸ ਦੇ ਸਾਰੇ ਨਾਮ ਖਤਮ ਹੋ ਜਾਂਦੇ ਹਨ ਕਿਉਂ ਜੋ ਉਹ ਤਾਂ ਸਵੈ ਪ੍ਰਕਾਸ਼ਮਾਨ ਵਿਚ ਜਾ ਮਿਲੀ ਹੈ, ਉਸ ਨਾਲ ਇਕ ਹੋ ਗਈ ਹੈ।

ਇਹ ਸਲੋਕ ਜਗਿਆਸੂ ਨੂੰ ਪ੍ਰੇਰਤ ਕਰਦਾ ਹੈ, ਹੇ ਜਗਿਆਸੂ ਤੂੰ ਨਦੀ ਦੀ ਤਰ੍ਹਾਂ ਵਹਿੰਦਾ, ਜਾ ਨਦੀ ਦੀ ਤਰ੍ਹਾਂ ਨਚਦਾ ਗਾਉਂਦਾ ਤੁਰਿਆ ਜਾ, ਕਈ ਮੋੜ ਆਉਣਗੇ ਕਈ ਕੁਛ ਹੋਏਗਾ, ਅੰਤ ਨੂੰ ਤੂੰ ਆਪਣੇ ਪਿਆਰੇ ਨਾਲ ਜਾ ਮਿਲਦੀ ਹੈ। ਇਸੇ ਤਰ੍ਹਾਂ ਤੁਹਾਡੇ ਜੀਵਨ ਦਾ ਬਹਾਅ, ਪਰਵਾਹ ਚਲਦਾ ਹੈ, ਚਲਦੇ ਪਾਣੀ ਦੀ ਤਰ੍ਹਾਂ ਜਿਵੇਂ ਰੁਕਿਆ ਹੋਇਆ ਪਾਣੀ ਬਦਬੂ ਮਾਰਨ ਲਗ ਪੈਂਦਾ ਹੈ ਇਸੇ ਤਰ੍ਹਾਂ ਬਿਨਾਂ ਜਗਿਆਸਾ ਦੇ ਜੀਵਨ ਵੀ ਬੇਅਰਥ ਹੋ ਜਾਂਦਾ ਹੈ।

ਇਸੇ ਪ੍ਰਕਾਰ ਸੱਚੇ ਤਿਆਗੀ ਤਿਆਗ ਲੈ ਕੇ ਤੁਰਦੇ ਫਿਰਦੇ ਰਹਿੰਦੇ ਹਨ, ਜਿਥੇ ਵੀ ਉਹ ਬੈਠਦੇ ਹਨ ਕਿਹਾ ਜਾਂਦਾ ਹੈ, ਉਨ੍ਹਾਂ ਦੇ ਸਫਰ ਬਿਨਾਂ

ਗੱਡੀ ਤੋਂ ਸਫਰ ਕਿਹਾ ਜਾਂਦਾ ਹੈ। ਉਹ ਭਾਵੇਂ ਨਾ ਵੀ ਕਿਤੇ ਜਾਣ ਫੇਰ ਵੀ ਉਹ ਅਗਾਹ ਜਾ ਰਹੇ ਹਨ। ਉਹ ਆਤਮਾ ਦਾ ਜਿਹੜੀਆਂ ਬ੍ਰਹਮਲੀਨ ਹੋ ਗਈਆਂ ਹਨ ਉਹ ਵਿਛੋੜੇ ਦਾ ਦਰਦ ਨਹੀਂ ਸਹਿੰਦੀਆਂ।

**ਸਲੋਕ ਨੌਵਾਂ**

ਜਿਹੜਾ ਬ੍ਰਹਮ ਨੂੰ ਜਾਣ ਲੈਂਦਾ ਹੈ ਉਹ ਬ੍ਰਹਮ ਹੀ ਹੋ ਜਾਂਦਾ ਹੈ। ਉਸ ਦੀ ਪਰੰਪਰਾ ਵਿਚ ਕੋਈ ਵੀ ਬ੍ਰਹਮ ਗਿਆਨ ਤੋਂ ਵਾਂਝਾ ਨਹੀਂ ਰਹਿੰਦਾ। ਉਹ ਸਾਰਿਆਂ ਦੁਖਾਂ ਤੋਂ, ਪਾਪਾਂ ਤੋਂ ਪਰ੍ਹੇ ਹੋ ਜਾਂਦਾ ਹੈ, ਉਪਰ ਉਠ ਜਾਂਦਾ ਹੈ, ਮੁਕਤ ਹੋ ਜਾਂਦਾ ਹੈ, ਉਸ ਦੇ ਮਨ ਦੀਆਂ ਘੁੰਡੀਆਂ ਖੁਲ੍ਹ ਜਾਂਦੀਆਂ ਹਨ ਉਹ ਅਜਰ ਅਮਰ ਹੋ ਜਾਂਦਾ ਹੈ।

ਇਸ ਸਲੋਕ ਵਿਚ ਦਸਿਆ ਹੈ ਜਿਸ ਨੇ ਬ੍ਰਹਮ ਦੀ ਪ੍ਰਾਪਤੀ ਕਰ ਲਈ ਉਸ ਨਾਲ ਇਕ ਹੋ ਗਿਆ ਉਹ ਬ੍ਰਹਮ ਹੀ ਹੈ, ਜਿਹੜਾ ਵੀ ਉਸ ਦੀ ਹਾਜ਼ਰੀ ਵਿਚ ਆਉਂਦਾ ਹੈ ਉਹ ਉਥਆਪਿਤ ਹੋ ਜਾਂਦਾ ਹੈ, ਉਚਾ ਹੋ ਜਾਂਦਾ ਹੈ, ਕਿਉਂ ਜੋ ਉਸ ਦੀਆਂ ਸੂਖਮ ਵਿਚਾਰਾਂ ਆਤਮਕ ਬਲ ਹੀ ਐਸਾ ਹੁੰਦਾ ਹੈ ਜਿਸ ਪਰਿਵਾਰ ਵਿਚ ਇਹੋ ਜਿਹਾ ਗਿਆਨੀ ਹੋਵੇ ਉਹ ਕੋਈ ਵੀ ਅਗਿਆਨੀ ਨਹੀਂ ਰਹਿ ਸਕਦਾ ਕਿਉਂ ਉਹ ਇਕ ਉਦਾਹਰਣ ਬਣ ਜਾਂਦਾ ਹੈ।

ਇਥੇ ਇਹ ਦੱਸ ਦੇਣਾ ਬੜਾ ਅਵਸ਼ਕ ਹੈ ਕਿ ਇਕ ਸੱਚੇ ਉਚੇ ਸੰਤ ਕੋਲ ਰਹਿ ਕੇ ਸਿਖਿਆ ਜਾ ਸਕਦਾ ਹੈ ਉਹ ਕਿਸੇ ਹੋਰ ਸਿਖਿਆ ਪ੍ਰਵਚਨਾਂ ਤੋਂ ਉਤਮ ਹੈ, ਉਪਰ ਹੈ। ਚੰਗੇ ਚੰਗੇ ਜਗਿਆਸੂਆਂ ਨੂੰ ਗੁਰੂ ਬਹੁਤ ਬਹੁਤ ਦੇਰ ਆਪਣੇ ਕੋਲ ਰਖਦੇ ਹਨ ਉਨ੍ਹਾਂ ਨੂੰ ਆਪਣੇ ਜੀਵਨ ਤੋਂ ਹੀ ਸਿਖਿਆ ਦਿੰਦੇ ਹਨ। ਇਹ ਬਿਲਕੁਲ ਠੀਕ ਹੀ ਹੈ ਕਿ ਸਭ ਤੋਂ ਉਤਮ ਸਿਖਿਆ ਚੁੱਪ ਨਾਲ ਦਿਤੀ ਜਾਂਦੀ ਹੈ ਜਦੋਂ ਜਗਿਆਸੂ ਨਾਲ ਗੁਰੂ ਦੇ ਕੋਈ ਬਚਨ ਬਿਲਾਸ ਨਹੀਂ ਹੁੰਦੇ, ਗੁਰੂ ਆਪਣੀ ਚੁੱਪ ਰਾਹੀਂ ਸਭ ਕੁਝ ਦੇ ਰਿਹਾ ਹੈ, ਚੁੱਪ ਨਾਲ ਹੀ ਸਿਖਿਆ ਪ੍ਰਦਾਨ ਕਰ ਰਿਹਾ ਹੈ।

ਜਦੋਂ ਸਰੀਰ ਸਥਿਰ ਹੈ, ਮਨ ਬਿਲਕੁਲ ਸ਼ਾਂਤ ਹੈ, ਇਹ ਚੁੱਪ ਹੈ ਉਸ ਚੁਪ ਵਿਚ ਕੋਈ ਪ੍ਰਸ਼ਨ ਨਹੀਂ, ਉਸ ਮਨ ਨੂੰ ਕੋਈ ਉਤਰ ਚਾਹੀਦੇ ਹੀ ਨਹੀਂ, ਉਸ ਦੇ ਕੋਈ ਪ੍ਰਸ਼ਨ ਹਨ ਹੀ ਨਹੀਂ। ਜਦੋਂ ਕੋਈ ਪ੍ਰਸ਼ਨ ਨਹੀਂ ਤਾਂ ਉਤਰ ਵੀ ਕੋਈ ਨਹੀਂ, ਲੰਮਾ ਤੇ ਬਹੁਤ ਹੀ ਨੇੜੇ ਦਾ ਇਹੋ ਜਿਹਾ ਗੁਰੂ, ਸ਼ਿਸ਼ ਦਾ ਸਬੰਧ ਐਨਾ ਉਤਮ ਤੇ ਉਚਾ ਹੁੰਦਾ ਹੈ। ਇਹ ਐਨਾ ਡੂੰਘਾ ਸਬੰਧ ਹੈ ਕਿ ਇਸ ਦੇ ਬਰਾਬਰ ਹੋਰ ਕੋਈ ਸਬੰਧ ਹੋ ਹੀ ਨਹੀਂ ਸਕਦਾ। ਜਿਵੇਂ ਕਿ ਇਕ ਬੱਚੇ ਦਾ ਰੋਣਾ, ਹੱਸਣਾ, ਇਸ਼ਾਰੇ ਬੱਚੇ ਦੀ ਮਾਂ ਹੀ ਸਮਝ ਸਕਦੀ

ਹੈ। ਇਸੇ ਪ੍ਰਕਾਰ ਗੁਰੂ ਦੇ ਚੁੱਪ ਦੇ ਬਚਨ ਸ਼ਿਸ਼ ਹੀ ਸਮਝ ਸਕਦਾ ਹੈ। ਸ਼ਰਤ ਇਹ ਹੈ ਕਿ ਗੁਰੂ ਦੇਣਾ ਚਾਹ ਰਿਹਾ ਹੈ ਤੇ ਸ਼ਿਸ਼ ਲੈਣ ਦਾ ਪਾਤਰ ਹੈ ਇਕ ਸੱਚਾ ਜਗਿਆਸੂ ਹੈ।

ਇਕ ਹੋਰ ਪ੍ਰਸ਼ਨ ਉਠਦਾ ਹੈ, ਮਨ ਦੀ ਕਿਹੜੀ ਭਾਸ਼ਾ ਹੈ ਕਿਉਂਕਿ ਉਹ ਤਾਂ ਆਪਣੀਆਂ ਸਾਰੀਆਂ ਭਾਸ਼ਾ ਭੁੱਲ ਗਿਆ ਹੈ। ਇਸ ਦਾ ਉਤਰ ਇਕ ਹੀ ਹੈ, ਮਨ ਤਾਂ ਅਨੰਦ ਵਿਚ ਰਤਿਆ ਪਿਆ ਹੋਵੇ, ਫੇਰ ਮਨ ਦੀ ਮਨ ਇਸ ਤਰ੍ਹਾਂ ਸਮਝਦਾ ਹੈ ਜਿਵੇਂ ਇਕ ਬੂੰਦ ਪਾਣੀ ਗਿਲਾਸ ਵਿਚ ਮਿਲ ਜਾਵੇ।

## ਸਲੋਕ ਦਸਵਾਂ

"ਜਿਵੇਂ ਕਿ ਮੰਤਰ ਵਿਚ ਦਸਿਆ ਗਿਆ ਹੈ, ਇਹ ਬ੍ਰਹਮ ਗਿਆਨ ਉਸੇ ਨੂੰ ਹੀ ਦੇਣਾ ਚਾਹੀਦਾ ਹੈ ਜਿਹੜਾ ਸੱਚਾ ਹੋਏ, ਮਿਹਨਤੀ ਹੋਵੇ, ਲੋਚਾ ਰਖਦਾ ਹੋਵੇ, ਜਿਸ ਨੂੰ ਬ੍ਰਹਮਗਿਆਨ ਲਈ ਜਗਿਆਸਾ ਹੋਵੇ, ਸਵੈ ਅਨੁਸਾਸ਼ਕ ਹੋਏ, ਆਪਣੇ ਗੁਰੂ ਪ੍ਰਤੀ ਸ਼ਰਧਾਵਾਨ ਹੋਵੇ, ਜਿਹੜਾ ਸਿਰ ਤੇ ਅੱਗ ਲੈ ਕੇ ਚੱਲਣ ਲਈ ਤਿਆਰ ਹੋਵੇ।"

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***

***ਅੰਗ - 1102***

ਰਿਗਵੇਦ ਉਚਤਮ ਵਿਗਿਆਨ ਅਨੁਸਾਰ ਸਿਖਿਆ ਦੇਣ ਵਾਲੇ ਲਈ ਪੱਥ ਪ੍ਰਦਰਸ਼ਕ ਲਈ ਕੁਝ ਤੱਤ ਦੱਸੇ ਗਏ ਹਨ, ਜਿਨ੍ਹਾਂ ਵਿਚ ਵੇਦਾਂ, ਉਪਨਿਸ਼ਦਾਂ ਦੇ ਗਿਆਨ ਦੇਣ ਦੀ ਵਿਧੀ ਦੱਸੀ ਗਈ ਹੈ। ਕਿਹਾ ਜਾਂਦਾ ਹੈ ਇਹ ਗਿਆਨ ਉਨ੍ਹਾਂ ਨੂੰ ਹੀ ਦਿਤਾ ਜਾਂਦਾ ਹੈ ਜਿਹੜੇ ਆਪਣੀਆਂ ਡੀਉਟੀਆਂ ਕਰ ਚੁੱਕੇ ਹਨ ਤੇ ਜਿਹੜੇ ਗ੍ਰੰਥ ਦਾ ਗਿਆਨ ਜਾਣਦੇ ਹਨ, ਬ੍ਰਹਮ ਪ੍ਰਤੀ ਪੂਰੀ ਸ਼ਰਧਾ ਰਖਦੇ ਹੋਣ, ਆਪਣਾ ਸਭ ਕੁਝ ਬ੍ਰਹਮ ਨੂੰ ਸਮਰਪਣ ਕਰ ਚੁਕੇ ਹੋਏ, 'ਏਕਾਰਸ਼ੀ' ਅਗਨੀ ਭੇਟ ਕਰ ਚੁੱਕੇ ਹੋਣ ਇਥੇ ਏਕਾਰਸ਼ੀ ਸ਼ਬਦ ਗਿਆਨ ਦੀ ਅਗਨੀ ਲਈ ਵਰਤਿਆ ਗਿਆ ਹੈ, ਜਿਸ ਵਿਚ ਸਾਰੀਆਂ ਬੁਰਾਈਆਂ ਸਾਰਾ ਅਗਿਆਨ ਖਤਮ ਕਰ ਦਿਤਾ ਜਾਂਦਾ ਹੈ, ਭਸਮ ਕਰ ਦਿਤਾ ਜਾਂਦਾ ਹੈ ਤੇ ਇਨ੍ਹਾਂ ਸਭਨਾਂ ਤੋਂ ਮੁਕਤੀ ਮਿਲ ਜਾਂਦੀ ਹੈ।

ਇਸ ਸਲੋਕ ਵਿਚ ਇਕ ਹੋਰ ਤਰੀਕਾ ਇਕ ਹੋਰ ਵਿਧੀ ਦੱਸੀ ਗਈ ਹੈ। ਪਿਛਲੇ ਸਲੋਕਾਂ ਵਿਚ ਗਿਆਨ ਪ੍ਰਾਪਤੀ ਬਾਰੇ ਦੱਸਿਆ ਗਿਆ ਹੈ, ਮੈਡੀਟੇਸ਼ਨ ਬਾਰੇ ਦੱਸਿਆ ਗਿਆ ਹੈ। ਸ਼ਰਧਾ ਬਾਰੇ ਦਸਿਆ ਗਿਆ ਹੈ।

ਗਿਆਨ ਮਾਰਗ ਬਾਰੇ ਵੀ ਦਸਿਆ ਗਿਆ ਹੈ ਪਰ ਗਿਆਨ ਪ੍ਰਕਾਸ਼ ਕਰਮਾਂ ਰਾਹੀਂ ਕਿਵੇਂ ਹੋਵੇ ਇਹ ਨਹੀਂ ਦਸਿਆ ਗਿਆ।

ਇਸ ਸਲੋਕ ਵਿਚ ਦਸਿਆ ਗਿਆ ਹੈ ਕਿ ਨਿਸੁਆਰਥ ਕਰਮ ਜੁਗਤ ਨਾਲ ਕਿਵੇਂ ਕੀਤੇ ਜਾਣ ਇਸ ਬਾਰੇ ਦਸਿਆ ਗਿਆ ਹੈ। ਕਰਮਾਂ ਦੀ ਗਤਿ ਤਾਂ ਮਿਟ ਨਹੀਂ ਸਕਦੀ, ਕੰਮ ਕੀਤੇ ਬਿਨਾਂ ਆਪਣੇ ਫਰਜ਼ ਪੂਰੇ ਕੀਤੇ ਬਿਨਾਂ, ਮਨ, ਬੁੱਧੀ, ਸੰਵੇਗ, ਵਿਚਾਰ ਇਹ ਸ਼ੁੱਧ ਨਹੀਂ ਕੀਤੇ ਜਾ ਸਕਦੇ। ਇਸ ਗੱਲ ਨੂੰ ਸਮਝ ਕੇ, ਜਾਣ ਕੇ ਹੀ ਇਕ ਚੰਗਾ ਵਾਤਾਵਰਣ ਤਿਆਰ ਕੀਤਾ ਜਾ ਸਕਦਾ ਹੈ, ਉਸ ਚੰਗੇ ਤੇ ਸੋਹਣੇ ਵਾਤਾਵਰਣ ਵਿਚ ਚੌਗਿਰਦੇ ਵਿਚ ਹੀ ਸਾਧਕ ਪੂਰੀ ਤਰ੍ਹਾਂ ਪ੍ਰਸੰਨ ਹੋ ਕੇ ਤਨਮੈਤਾ ਨਾਲ ਸਾਧਨਾ ਕਰ ਸਕਦਾ ਹੈ।

ਜਗਿਆਸੂ ਨੂੰ ਪਹਿਲਾਂ ਗੂੜ੍ਹਾ ਤੇ ਡੂੰਘਾ ਗਿਆਨ ਹੋਣਾ ਚਾਹੀਦਾ ਹੈ, ਵੇਦਾਂ ਦਾ ਗਿਆਨ ਪੰਤਾਂਜਲ ਦਾ ਗਿਆਨ, ਪੰਤਾਜਲ ਨੇ ਯੋਗ ਨੂੰ ਨਿਯਮਬੱਧ ਕੀਤਾ ਹੈ, ਉਨ੍ਹਾਂ ਦਾ ਕਥਨ ਹੈ ਕਿ ਸ਼ਬਦ ਤਾਂ ਅਨੰਤ ਨਹੀਂ ਪਰ ਵੇਦਾਂ ਦਾ ਗਿਆਨ ਅਨੰਤ ਹੈ, ਅਮਰ ਹੈ, ਸਭ ਲਈ ਸਾਂਝਾ ਹੈ ਇਸ ਕਰਕੇ ਇਹ ਗ੍ਰੰਥ ਗਿਆਨ ਦੇ ਉਤਮ ਸਰੋਤ ਹਨ ਤੇ ਮੁਕਤੀ ਪ੍ਰਾਪਤੀ ਦਾ ਇਕ ਗਾਡੀ ਰਾਹ ਹਨ।

ਸਭ ਤੋਂ ਮੁਢਲੀ ਅਵਸਥਾ ਹੈ ਬ੍ਰਹਮ ਦੀ ਪੂਜਾ ਕਰਨੀ, ਪੂਰੀ ਸ਼ਰਧਾ ਨਾਲ, ਪਿਆਰ ਨਾਲ, ਜਦੋਂ ਅਸੀਂ ਇਸ ਤਰ੍ਹਾਂ ਬ੍ਰਹਮਾ ਦੀ ਪੂਜਾ ਕਰਦੇ ਹਾਂ, ਯਾਦ ਰਹੇ ਜਦੋਂ ਅਸੀਂ ਇਸ ਤਰ੍ਹਾਂ ਬ੍ਰਹਮ ਦੀ ਪੂਜਾ ਦੀ ਗੱਲ ਕਰਦੇ ਹਾਂ ਤਾਂ ਅਸੀਂ ਬ੍ਰਹਮਾ ਦੇ ਗੁਣਾਂ ਦੀ ਗੱਲ ਕਰਦੇ ਹਾਂ ਭਾਵ ਉਸ ਦੀ ਮਾਇਆ ਜਿਹੜੀ ਪਸਰੀ ਹੋਈ ਹੈ ਕਿਉਂਕਿ ਮਨ ਤਾਂ ਅਜੇ ਸ਼ਾਂਤ ਹੋਇਆ ਨਹੀਂ, ਮਨ ਸ਼ਾਂਤ ਹੋਣ ਤੋਂ ਬਾਅਦ ਹੀ ਪੂਰੀ ਚੇਤਨਾ ਆਉਂਦੀ ਹੈ।

ਜਗਿਆਸੂ ਨੂੰ ਆਪਣੇ ਗੁਰੂ ਤੇ ਵਿਸ਼ਵਾਸ਼ ਹੋਣਾ ਚਾਹੀਦਾ ਹੈ, ਗ੍ਰੰਥਾਂ ਦੇ ਸ਼ਬਦਾਂ ਤੇ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਬ੍ਰਹਮਗਿਆਨੀਆਂ ਦੇ ਬਚਨਾਂ ਤੇ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਸਵਾਧਿਆਏ ਇਕ ਹੋਰ ਅਵਸ਼ਕ ਗੁਣ ਹੈ, ਜਿਹੜਾ ਆਤਮ ਮਾਰਗ ਤੇ ਬਹੁਤ ਹੀ ਉਪਲਬਧੀ ਦਿੰਦਾ ਹੈ। ਵਿਸ਼ਵਾਸ਼ ਤੋਂ ਬਿਨਾਂ ਮੈਡੀਟੇਸ਼ਨ ਨਹੀਂ ਕੀਤੀ ਜਾ ਸਕਦੀ, ਵਿਸ਼ਵਾਸ਼ ਹੋਣਾ ਅਤਿ ਆਵਸ਼ਕ ਹੈ।

'ਇਕਾਰਸ਼ੀ' ਭੇਟਾ ਬਾਰੇ ਦਸਿਆ ਗਿਆ ਹੈ ਇਸ ਵਿਚ, ਪ੍ਰਤੀਕਾਤਮਕ ਤੌਰ ਤੇ ਜਗਿਆਸੂ ਨੂੰ ਸਿਰ ਤੇ ਅੱਗ ਲੈ ਕੇ ਤੁਰਨਾ ਪੈਂਦਾ ਹੈ, ਇਹ ਅਥਰ

ਵੇਦ ਵਿਚ ਲਿਖਿਆ ਗਿਆ ਹੈ। ਇਸ ਤੋਂ ਇਹ ਭਾਵ ਹੈ ਕਿ ਜਗਿਆਸੂ ਮਨ ਦੀ ਇਕਾਗਰਤਾ ਤੇ ਹਿਰਦੇ ਦੀ ਸ਼ੁਧਤਾ ਪ੍ਰਾਪਤ ਕਰ ਲੈਂਦਾ ਹੈ।

ਇਸ ਤਰ੍ਹਾਂ ਦੀ ਇਕਾਗਰਤਾ ਉਸ ਬੀਬੀ ਦੀ ਤਰ੍ਹਾਂ ਹੈ ਜਿਹੜੀ ਬਾਹਰੋਂ ਪਿੰਡ ਦੇ ਖੂਹ ਤੋਂ ਪਾਣੀ ਭਰ ਕੇ ਲਿਆਉਂਦੀ ਹੈ, ਪਾਣੀ ਦਾ ਘੜਾ ਸਿਰ ਤੇ ਰੱਖ ਕੇ ਉਹ ਹਸਦੀ ਹੈ, ਗਾਉਂਦੀ ਹੈ, ਨਚਦੀ ਹੈ, ਸਖੀਆਂ ਨਾਲ ਗੱਲਾਂਬਾਤਾਂ ਵੀ ਕਰਦੀ ਹੈ ਪਰ ਯਾਦ ਰਹੇ ਉਸ ਦਾ ਧਿਆਨ ਤਾਂ ਘੜੇ ਤੇ ਹੀ ਰਹਿੰਦਾ ਹੈ ਬਿਲਕੁਲ ਇਸ ਤਰ੍ਹਾਂ ਹੀ ਸੰਸਾਰ ਵਿਚ ਰਹਿੰਦਿਆਂ ਪ੍ਰਾਣੀਆਂ ਦਾ ਹਾਲ ਹੋਣਾ ਚਾਹੀਦਾ ਹੈ ਜਿਹੜੇ ਕਿ ਆਮ ਤੌਰ ਤੇ ਕਰਮ ਯੋਗੀ ਹੁੰਦੇ ਹਨ, ਇਨ੍ਹਾਂ ਨੂੰ ਆਪਣੇ ਕਰਮ ਆਪਣੀਆਂ ਡਿਊਟੀਆਂ ਪੂਰੀ ਤਰ੍ਹਾਂ ਕਰਨੀਆਂ ਚਾਹੀਦੀਆਂ ਹਨ ਪਰ ਧਿਆਨ ਸਦਾ ਹੀ ਚੇਤਨ ਬਿੰਦੂ ਤੇ ਹੋਣਾ ਚਾਹੀਦਾ ਹੈ।

ਨਿਸੁਆਰਥ ਕਰਮ ਤੋਂ ਕਰਨ ਤੋਂ ਬਿਨਾਂ ਕੋਈ ਵੀ ਆਪਣੇ ਆਪ ਨੂੰ ਕਰਮਾਂ ਦੇ ਬੰਧਨਾਂ ਤੋਂ ਮੁਕਤ ਨਹੀਂ ਕਰਾ ਸਕਦਾ। ਬਿਲਕੁਲ ਇਸ ਤਰ੍ਹਾਂ ਹੀ ਤਿਆਗੀ ਆਪਣਾ ਹਿਰਦੇ, ਮਨ ਤਪਸਿਆ ਨਾਲ ਸ਼ੁੱਧ ਕਰਦਾ ਹੈ, ਸਵਾਧਿਆ ਨਾਲ ਸ਼ੁਧ ਕਰਦਾ ਹੈ (ਗ੍ਰੰਥ ਪੜ੍ਹ ਕੇ) ਈਸ਼ਵਰ ਪ੍ਰਾਧੀਨ (ਆਪਣੇ ਆਪ ਨੂੰ ਸਮਰਪਣ ਕਰਕੇ) ਕਰਦਾ ਹੈ।

ਇਨ੍ਹਾਂ ਕਰਮਾਂ ਵਿਚ ਤੇ ਸੰਸਾਰਕ ਕਰਮਾਂ ਵਿਚ ਸਦਾ ਹੀ ਅੰਤਰ ਹੁੰਦਾ ਹੈ। ਇਨ੍ਹਾਂ ਕਰਮਾਂ ਦਾ ਕੋਈ ਬੰਧਨ ਨਹੀਂ ਹੁੰਦਾ ਇਹ ਤਾਂ ਆਤਮ ਮਾਰਗ ਦੇ ਪੱਥ ਪ੍ਰਦਰਸ਼ਕ ਹੁੰਦੇ ਹਨ।

## ਸਲੋਕ ਗਿਆਰ੍ਹਾਂ

ਬ੍ਰਹਮਗਿਆਨੀ ਅੰਗੀਰਸ ਨੇ ਪੁਰਾਤਨ ਸਮੇਂ ਇਹ ਸੱਚ ਦਸਿਆ ਸੀ, ਜਿਸ ਪ੍ਰਾਣੀ ਨੇ ਆਪਣੇ ਸੰਕਲਪ, ਪ੍ਰਣ ਪ੍ਰਤਿਗਿਆ ਪੂਰੀਆਂ ਕਰ ਲਈਆਂ ਹੋਣ ਉਹ ਇਸ ਉਪਨਿਸ਼ਦ ਨੂੰ ਪੜ੍ਹੇ। ਸਨਮਾਨ ਹੈ ਉਨ੍ਹਾਂ ਮਹਾਂਪੁਰਸ਼ਾਂ ਨੂੰ ਰਿਸ਼ੀਆਂ ਮੁਨੀਆਂ ਨੂੰ, ਸ਼ਰਧਾਂਜਲੀ ਹੈ ਉਨ੍ਹਾਂ ਦਾਰਸ਼ਨਕਾਂ ਨੂੰ ਵਿਵੇਕੀਆਂ ਨੂੰ ਜਿਨ੍ਹਾਂ ਨੇ ਇਹ ਰਚਨਾਵਾਂ ਕੀਤੀਆਂ।

ਰਿਸ਼ੀ ਅੰਗੀਰਸ ਨੇ ਇਹ ਸਤਿ ਦਸਿਆ ਪ੍ਰਗਟ ਕੀਤਾ ਤੇ ਕਿਹਾ ਇਹ ਗ੍ਰੰਥ ਉਹ ਪ੍ਰਾਣੀ ਬਿਲਕੁਲ ਨਾ ਪੜ੍ਹਨ ਜਿਨ੍ਹਾਂ ਨੇ ਪ੍ਰਣ ਨਹੀਂ ਕੀਤਾ, ਜਿਨ੍ਹਾਂ ਦਾ ਕੋਈ ਨਿਸ਼ਚਾ ਨਹੀਂ ਦ੍ਰਿੜ੍ਹ ਵਿਸ਼ਵਾਸ਼ ਨਹੀਂ ਕਿ ਉਹ ਆਤਮ ਮਾਰਗ ਤੇ ਚਲ ਸਕਣ, ਆਤਮ ਮਾਰਗ ਦੇ ਅਨੁਸਾਸ਼ਨ ਤੇ ਚਲ ਸਕਣ, ਜੋ ਵੀ

ਗੁਰੂ ਨੇ ਦਿਤਾ ਹੋਵੇ। ਇਸ ਤੋਂ ਇਹ ਗੱਲ ਪ੍ਰਤੱਖ ਹੈ ਕਿ ਬ੍ਰਹਮਗਿਆਨ ਕਦੀ ਵੀ ਅਸ਼ੁੱਧ ਪ੍ਰਾਣੀ ਨੂੰ ਨਹੀਂ ਦੇਣਾ ਚਾਹੀਦਾ।

ਇਸ ਉਤਮ ਵਿਗਿਆਨ ਦੇ ਅਧਿਅਨ ਲਈ ਇਕ ਬਹੁਤ ਹੀ ਚੰਗੀ ਪ੍ਰਯੋਗਸ਼ਾਲਾ ਦੀ ਲੋੜ ਹੈ। ਜੇ ਉਹ ਪ੍ਰਯੋਗਸ਼ਾਲਾ ਵਿਚ ਪੂਰਾ ਚੰਗਾ ਸੋਹਣਾ ਢੁਕਵਾ ਸਾਮਾਨ ਹੀ ਨਹੀਂ ਭਾਵ ਜੇ ਸਰੀਰ ਦਾ ਪੂਰਾ ਕਰਮ, ਸ੍ਵਾਸ ਮਨ ਪੂਰੀ ਤਰ੍ਹਾਂ ਨਾਲ ਇਕਾਗਰ ਨਹੀਂ ਹਨ, ਸਮਵਰਗ ਨਹੀਂ ਹਨ ਤਾਂ ਮਨੁੱਖ ਦੇ ਸਾਰੇ ਯਤਨ ਨਿਹਫਲ ਹੋਣਗੇ, ਫੇਰ ਤਾਂ ਉਹ ਆਪਣਾ ਸਮਾਂ ਹੀ ਬਰਬਾਦ ਕਰੇਗਾ, ਆਪਣੀ ਸ਼ਕਤੀ ਵੀ ਬੇਅਰਥ ਹੀ ਲਗਾਏਗਾ।

ਰਿਸ਼ੀ ਮੁਨੀ ਤਾਂ ਪੂਰਨ ਮੁਕਤ ਹੋਏ ਹਨ, ਉਹ ਤਾਂ ਸ਼ੁਧ ਗਿਆਨ ਦੇ ਸਰੋਤ ਹਨ, ਉਨ੍ਹਾਂ ਰਾਹੀਂ ਹੀ ਸ਼ੁਧ ਗਿਆਨ ਦੀ ਗੰਗਾ ਵਹਿੰਦੀ ਹੈ। ਇਹੋ ਜਿਹੇ ਰਿਸ਼ੀ ਮੁਨੀ ਇਹ ਗਿਆਨ ਉਨ੍ਹਾਂ ਜਗਿਆਸੂਆਂ ਨੂੰ ਦਿੰਦੇ ਹਨ ਜਿਨ੍ਹਾਂ ਕੋਲ ਦ੍ਰਿੜ੍ਹ ਵਿਸ਼ਵਾਸ਼ ਹੈ ਕਿ ਉਹ ਆਪਣੇ ਆਪ ਨੂੰ ਸ਼ੁਧ ਕਰਨਗੇ, ਸ਼ੁਧ ਕਰ ਰਹੇ ਹਨ ਜਾਂ ਉਹ ਵਡਭਾਗੇ ਜਿਹੜੇ ਸ਼ੁੱਧ ਹੋ ਚੁੱਕੇ ਹਨ, ਅੰਦਰੋਂ ਬਾਹਰੋਂ ਸ਼ੁੱਧ ਹੋ ਚੁੱਕੇ ਹਨ।

ਸਨਮਾਨ ਦਾ ਸ਼ਬਦ ਸ਼ਰਧਾਂਜਲੀ ਦਾ ਸ਼ਬਦ ਦੋ ਵਾਰੀ ਕਿਹਾ ਗਿਆ ਹੈ, ਲਿਖਿਆ ਗਿਆ ਹੈ, ਭਾਵ ਇਹ ਹੈ ਕਿ ਇਸ ਨਾਲ ਧੰਨਵਾਦ ਹੀ ਨਹੀਂ ਕ੍ਰਿਤਗੱਤਾ ਜਤਾਈ ਗਈ ਹੈ, ਕ੍ਰਿਤਗਤਾ ਦੀ ਭਾਵਨਾ, ਸ਼ਰਧਾ ਭਾਵਨਾ ਰਿਸ਼ੀਆਂ ਮੁਨੀਆਂ ਪ੍ਰਤੀ ਜਤਾਈ ਗਈ ਹੈ ਜਿਨ੍ਹਾਂ ਨੇ ਇਹ ਉਤਮ ਬ੍ਰਹਮ ਵਿਗਿਆਨ ਦਾ ਗਿਆਨ ਦਿਤਾ ਹੈ। ਧੰਨ ਹਨ ਧੰਨ ਹਨ ਉਹ ਰਿਸ਼ੀ ਮੁਨੀ।

ਤੀਸਰੇ ਅਧਿਆਇ ਦਾ ਅੰਤ



ਮਹਾਨ ਯੋਗੀ ਪਰਮ ਪੁਰਸ਼ ਡਾ. ਸਵਾਮੀ ਰਾਮ ਜੀ ਸੰਸਾਰ ਪ੍ਰਸਿੱਧ ਮਹਾਨ ਯੋਗੀ ਹੋਏ ਹਨ ਜਿਨ੍ਹਾਂ ਦਾ ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਨਾਲ ਬਹੁਤ ਹੀ ਦਿਲੀ ਪਿਆਰ ਸੀ। ਮਹਾਂਪੁਰਸ਼ਾਂ ਨੇ ਸਰੀਰ ਕਾਲ ਵਿਚ ਵਿਚਰਦਿਆਂ ਇਸ ਧਰਤੀ ਦੇ ਰੰਗ ਮੰਚ ਉਪਰ ਅਨੇਕਾਂ ਹੀ ਕਰਮਯੋਗੀ ਵਾਂਗੂੰ ਕਰਤੱਵ ਕੀਤੇ ਹਨ ਜਿਸ ਦੀ ਅਮਿਟ ਛਾਪ ਸਦਾ ਵਾਸਤੇ ਕਾਇਮ ਰਹੇਗੀ। ਉਨ੍ਹਾਂ ਦੇ ਹੀ ਆਦੇਸ਼ ਮੁਤਾਬਿਕ ਡਾ. ਬੀਬੀ ਤੇਜਿੰਦਰ ਮਲਹੋਤਰਾ ਜੀ ਵਲੋਂ ਪਰਮ ਪੂਜਯ ਬੀਜੀ ਦੇ ਅਸ਼ੀਰਵਾਦ ਦੇ ਨਾਲ ਦਿਨ ਰਾਤ ਦੀ ਮਿਹਨਤ ਕਰਕੇ ਸਵਾਮੀ ਜੀ ਦੀਆਂ ਲਿਖਤਾਂ ਦਾ ਪੰਜਾਬੀ ਅਨੁਵਾਦ ਆਤਮ ਮਾਰਗ ਵਿਚ ਸਮੇਂ-ਸਮੇਂ ਛਪਦਾ ਆ ਰਿਹਾ ਹੈ। ਪਾਠਕਾਂ ਦੇ ਅਨੇਕਾਂ ਹੀ ਪਿਆਰ ਸਤਿਕਾਰ ਭਰੇ ਪੱਤਰ ਰੋਜ਼ ਨਿਤ ਦਿਹਾੜੇ ਆਤਮ ਮਾਰਗ ਅਦਾਰੇ ਨੂੰ ਪ੍ਰਾਪਤ ਹੋ ਰਹੇ ਹਨ ਜਿਸ ਤੋਂ ਜਗਿਆਸੂਆਂ ਦੀ ਤੀਬਰ ਤਾਂਘ, ਇੱਛਾ ਸ਼ਕਤੀ ਦਾ ਪਤਾ ਲਗਦਾ ਹੈ। ਡਾ. ਬੀਬੀ ਤੇਜਿੰਦਰ ਮਲਹੋਤਰਾ ਆਪਣੇ ਪਿਆਰੇ ਦੇ ਪਿਆਰ ਅੰਦਰ ਜੀਵਨ ਬਤੀਤ ਕਰਦੇ ਹੋਏ ਮਹਾਨ ਫਿਲਾਸਫੀ ਨੂੰ ਪੰਜਾਬੀ ਬੋਲੀ ਦੇ ਸਿੱਧੇ-ਸਾਧੇ ਸ਼ਬਦਾਂ ਵਿਚ ਅਨੁਵਾਦ ਕਰ ਰਹੇ ਹਨ। ਸਾਰੇ ਹੀ ਤੱਤ ਬੇਤੇ ਅਨੁਭਵੀ ਮਹਾਂਪੁਰਸ਼ਾਂ ਦਾ ਉਪਦੇਸ਼ ਸਰਬ ਸਾਂਝਾ ਹੁੰਦਾ ਹੈ

ਦਾਸਨ ਦਾਸ

ਹਰਪਾਲ ਸਿੰਘ ਰਤਵਾੜਾ ਸਾਹਿਬ